# ਸੋਧ

ਜੁਲਾਈ 1977 (ਜਿਲਦ 6 ਨੰਬਰ 7)

July 1977

**ਸੰਪਾਦਕ ਅਤੇ ਪ੍ਰਕਾਸ਼ਕ: ਗੁਰਵੇਲ ਸਿੰਘ ਪੰਨੂ**

ਇਹ ਪੀ ਡੀ ਐਫ ਫ਼ਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਮੁਖਤਿਆਰ ਸਿੰਘ (ਵਿਨੀਪੈੱਗ) ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

Rs. 1.50

JULY, 1977
Vol. 6
No. 7

# ਸੇਧ

ਮਾਰਕਸਵਾਦੀ ਵਿਚਾਰਾਂ ਦਾ ਸੁਤੰਤਰ ਮਾਸਕ-ਪੱਤਰ

⊙ ਪੰਜਾਬ ਵਿਚ ਮਾਰਕਸਵਾਦ ਦਾ ਬੂਟਾ ਕਿਉਂ ਨਹੀਂ ਤੁਰਿਆ ?

⊙ ਮਾਓ ਦੀ ਆਰਥਕ ਨੀਤੀ

⊙ ਜਾਤ-ਪਾਤੀ ਇੰਦਰ-ਜਾਲ

⊙ "ਲਹੂ ਦੀ ਲੋਅ" ਬਾਰੇ ਦੋ ਲੇਖ
ਪੇਸ਼ ਮਸਲੇ ਦੀ ਸਰਦਾਰੀ
ਦਹਿਸ਼ਤਵਾਦ ਦੀ ਮਾਨਸਕਤਾ
ਅਤੇ ਮਾਨਸਾ ਸਮਾਗਮ ਦੀ ਰੀਪੋਰਟ

⊙ "ਕੈਸੀ ਆਰਤੀ ਹੋਇ ਭਵਖੰਡਨਾ ਤੇਰੀ ਆਰਤੀ"

Edited Printed & Published by
Gurvel Singh Pannu,

S E D H, A/42, Defence Colony,
NewDelhi-110024. Ph. No. 626300

Hony. Co Editor
Harcharan Singh Sobti

Printed at 'LOK PRINTERS'
A1/12, Krishan Nagar, Delhi-51.

## ਇਕ ਵਾਰ ਫਿਰ

ਇਸ ਅੰਕ ਤੋਂ (ਜੁਲਾਈ 1977) ਸੇਧ ਦੀ ਕੀਮਤ ਡੇਢ੍ਹ ਰੁਪੈਆ ਫ਼ੀ ਕਾਪੀ (ਰੁ: 1.50) ਕੀਤੀ ਜਾ ਰਹੀ ਹੈ। ਸੇਧ ਦੇ ਪਾਠਕ ਤੇ ਏਜੰਟ ਇਹ ਤਬਦੀਲ਼ੀ ਨੋਟ ਕਰ ਲੈਣ।

ਏਸੇ ਅੰਕ ਨਾਲ ਸੇਧ ਦਾ ਸਾਲਾਨਾ ਚੰਦਾ ਪੰਦਰਾਂ ਰੁਪੈ ਕੀਤਾ ਜਾ ਰਿਹਾ ਹੈ। ਪਰੰਤੂ 31 ਜੁਲਾਈ ਤਕ ਜਿਹੜੇ ਸੱਜਣ ਬਾਰਾਂ ਰੁਪੈ ਮਨੀਆਰਡਰ ਦੁਆਰਾ ਭੇਜ ਦੇਣਗੇ, ਉਹਨਾਂ ਨੂੰ ਇਕ ਸਾਲ ਪਰਚਾ ਜਾਂਦਾ ਰਵ੍ਹੇਗਾ। ਪਿਛੋਂ ਆਉਣ ਵਾਲੇ 12 ਰੁਪੈ ਦੇ ਚੰਦੇ ਨੂੰ ਨੌਂ ਮਹੀਨਿਆਂ ਦਾ ਚੰਦਾ ਮਿਥ ਲਿਆ ਜਾਵੇਗਾ।

ਸੇਧ ਦੇ ਸ਼ੁਭਚਿੰਤਕਾਂ, ਪਾਠਕਾਂ ਤੇ ਸਨੇਹੀਆਂ ਨੂੰ ਇਕ ਵਾਰ ਫਿਰ ਅਪੀਲ ਕ਼ੀਤੀ ਜਾਂਦੀ ਹੈ ਕਿ ਉਹ ਵਡੇਰੀ ਗਿਣਤੀ ਵਿਚ ਸਾਲਾਨਾ ਗਾਹਕ ਬਣਾ ਕੇ ਜਾਂ ਸੇਧ ਲਈ ਮਾਲੀ ਸਹਾਇਤਾ ਭੇਜ ਕੇ ਇਸ ਦੀ ਸਹਾਇਤਾ ਕਰਨ ਦਾ ਜਤਨ ਕਰਨ। —ਸੰਪਾਦਕ

---

## ਆਪਣੀ ਨਿਜੀ ਲਾਇਬ੍ਰੇਰੀ ਲਈ ਮੰਗਵਾਉ

* ਸੇਧ ਦੀ 1975 ਦੀ ਜਿਲਦ ਬੰਨ੍ਹੀ ਫਾਈਲ — ਮੁਲ : 15 ਰੁਪੈ
* ਸੇਧ ਦੀ 1976 ਦੀ ਜਿਲਦ ਬੰਨ੍ਹੀ ਫਾਈਲ — ਮੁਲ : 15 ਰੁਪੈ

(ਡਾਕ ਖਰਚ ਸਾਡਾ ਹੋਵੇਗਾ)

ਸੇਧ ਪ੍ਰਕਾਸ਼ਨ, ਏ-42, ਡੀਫੈਂਸ ਕਾਲੋਨੀ,
ਨਵੀਂ ਦਿੱਲੀ-24

Price : Rs. 1.50 Per Copy
Subscription :
Annual (India) : Rs. 15
U.K , U.S.A., Canada : £ 5 / $ 10
(By Air) £2.50 / $5 (By Sea)
(Pakistan) : Rs. 30
Life membership : Rs. 100
£50 / $100 (By Air) : £ 25 or
$ 50 (By Sea)



---

**THE PUNJAB STATE COOPERATIVE LAND MORTGAGE BANK LTD.**

With it Punjab Agriculture have been barely a means of subsistence. Over 135,000 pumping set and tubewell owners, one third of the total in the State and 14,500 tractor owners, one fourth of the total in the State, would still be saving money the hard way to mechanize their farms. Our funds help them to raise production. Returning loaning instalments from the increased production is easy. This way

**TOMORROW'S PROSPERITY BECOMES FEASIBLE TODAY**

Investment is the driving force of economic development. An increasing productivity is the basis of development. Therefore, the basic focus of our loaning has been on raising productivity. This is how we have used our funds :

| | |
|---|---|
| Installation of tubewells. | Rs. 63.05 croes. |
| Purchase of tractor and tractor implementes | Rs. 39.60 ,, |
| Development purposes such as channelization, reclamation, levellihg of land, fencing, bunding, construction of farm houses, small godowns and cattle sheds. | Rs. 8.16 ,, |
| Purchase of land (for making holdings economic) | Rs. 3.36 ,, |
| Redemption of Mortgages | Rs. 3.09 ,, |

Co-operative Land Mortgage Banks have helped the Punjab farmers to traverse long distance in a brief period of sixteen to seventeen years.

(P.C.U.) Managing Director

## ਆਪਣੀ ਪੂੰਜੀ ਨੂੰ ਦੁਗਣਾ ਕਰੋ

ਪੰਜਵੀਂ ਲੜੀ ਦੇ ਨੈਸ਼ਨਲ ਸੇਵਿੰਗ ਸਰਟੀਫ਼ੀਕੇਟ ਖ਼ਰੀਦੋ

ਅੱਜ ਲਗਾਓ — 100 ਰੁਪਏ

7 ਸਾਲ ਪਿਛੋਂ ਲਵੋ — 200 ਰੁਪਏ

ਦੂਸਰੇ ਲਾਭ

- ਟੈਕਸ-ਮੁਕਤ ਵਿਆਜ (3000 ਰੁਪਏ ਸਾਲਾਨਾ ਤਕ)
- ਸੰਪਤੀ ਟੈਕਸ ਦੀ ਛੋਟ (1.5 ਲੱਖ ਰੁਪਏ ਤਕ)

ਹੋਰ ਜਾਣਕਾਰੀ

ਡਾਕਘਰ ਜਾਂ ਅਧਿਕ੍ਰਿਤ ਏਜੰਟ ਤੋਂ ਲਵੋ

## ਰਾਸ਼ਟਰੀ ਬੱਚਤ ਸੰਸਥਾ

davp76/927




# ਪੰਜਾਬ ਵਿਚ ਮਾਰਕਸਵਾਦ ਦਾ ਬੂਟਾ ਕਿਉਂ ਨਹੀਂ ਤੁਰਿਆ ?

ਹਰ ਪਾਰਟੀ, ਜਥੇਬੰਦੀ, ਸੰਸਥਾ ਦੇ ਜੀਵਨ ਵਿਚ ਕਦੀ ਕਦੀ ਅਜਿਹੇ ਮੌਕੇ ਆਉਂਦੇ ਹਨ (ਜਿਵੇਂ ਕਿ ਹਰ ਬੰਦੇ ਦੇ ਜੀਵਨ ਵਿਚ ਆਉਂਦੇ ਹਨ), ਜਦ ਉਹ ਆਪਣੇ ਅੰਦਰ ਝਾਤ ਪਾਉਂਦੀ ਹੈ, ਬੁੱਕਲ 'ਚ ਮੂੰਹ ਪਾ ਕੇ ਆਪਣੇ ਆਪ ਬਾਰੇ ਸੋਚਦੀ ਹੈ। ਆਪਣੀਆਂ ਪ੍ਰਾਪਤੀਆਂ ਦਾ, ਆਪਣੀ ਕਰਨੀ ਦਾ ਜਾਇਜ਼ਾ ਲੈਂਦੀ ਹੈ। ਅਸੀਂ ਕੀ ਹਾਂ ? ਕਿਧਰ ਜਾ ਰਹੇ ਹਾਂ ? ਸਾਡਾ ਟੀਚਾ ਕੀ ਹੈ ? ਸਾਡੇ ਸਾਹਮਣੇ ਹਾਲਾਤ ਤੇ ਪ੍ਰਸਥਿਤੀਆਂ ਕੀ ਹਨ ? ਸਾਡੇ ਅੰਦਰ ਸੰਭਵ-ਯੋਗਤਾਵਾਂ ਕੀਹ ਹਨ ? ਬਾਹੂ-ਬਲ ਕਿੰਨਾ ਕੁ ਹੈ ? ਕੀ ਹਾਲਾਤ ਰਾਹ ਦੇ ਰਹੇ ਹਨ ? ਕਿਤੇ ਅਸੀਂ ਟੀਚਿਉਂ ਘੁਥੇ ਹੋਏ ਤਾਂ ਨਹੀਂ ? ਇਤਿਆਦਿ, ਇਤਿਆਦਿ।

ਅਜਿਹੇ ਮੌਕਿਆਂ 'ਤੇ ਕਬੂਤਰ ਵਾਂਗ ਅੱਖਾਂ ਮੀਟ ਕੇ "ਬਿੱਲੀ ਹੈ ਹੀ ਨਹੀਂ" ਵਾਲਾ ਜਾਂ "ਅਸੀਂ ਕਬੂਤਰ ਨਹੀਂ, ਸ਼ੇਰ ਹਾਂ" ਵਾਲਾ ਵਤੀਰਾ ਪਾਰਟੀ, ਜਥੇਬੰਦੀ, ਸੰਸਥਾ ਲਈ ਸਵੈ-ਘਾਤਕ ਹੋ ਸਕਦਾ ਹੈ। ਹੋ ਸਕਦਾ ਹੀ ਨਹੀਂ, ਸਗੋਂ ਵੀਹ-ਵਿਸਵੇ ਹੁੰਦਾ ਵੀ ਹੈ।

ਜਿਸ ਸਿਆਸੀ ਪਾਰਟੀ ਦੀ (ਖ਼ਾਸ ਤੌਰ 'ਤੇ ਮਾਰਕਸਵਾਦੀ ਪਾਰਟੀ ਦੀ) ਲੀਡਰਸ਼ਿਪ ਸੁਹਿਰਦ ਹੋਵੇ ਅਤੇ ਜਿਸ ਦਾ ਕਾਡਰ ਚੇਤੰਨ ਹੋਵੇ, ਉਸ ਲਈ ਅਜਿਹੇ ਮੌਕਿਆਂ 'ਤੇ ਆਪਣੀ ਪੀੜ੍ਹੀ ਹੇਠ ਸੋਟਾ ਫੇਰ ਲੈਣਾ ਲਾਹੇਵੰਦ ਹੀ ਨਹੀਂ, ਸਗੋਂ ਲਾਜ਼ਮੀ ਵੀ ਹੁੰਦਾ ਹੈ।

ਆਮ ਜਥੇਬੰਦੀਆਂ ਜਾਂ ਪਾਰਟੀਆਂ ਜਿਹਨਾਂ ਦੇ ਨੇਤਾਵਾਂ ਦੇ ਹੱਡਾਂ ਵਿਚ ਸੁਆਰਥ ਅਤੇ ਲੋਕਾਂ ਨੂੰ ਉਲੂ ਬਣਾ ਕੇ ਆਪਣਾ ਕੰਡਾ ਕਢਣ ਦੀਆਂ ਖ਼ਸਲਤਾਂ ਰਚੀਆਂ ਹੁੰਦੀਆਂ ਹਨ, ਕੁਝ ਵੀ ਕਰੀ ਚੱਲਣ, ਉਹਨਾਂ ਦਾ ਸਰ ਸਕਦਾ ਹੈ। ਪਰ ਮਾਰਕਸਵਾਦੀ ਪਾਰਟੀਆਂ ਦੀ ਗੱਲ ਹੋਰ ਹੁੰਦੀ ਹੈ। ਉਹ ਆਪਣੇ ਸਿਧਾਂਤੋਂ, ਲਛਣੋਂ ਤੇ ਕਰਮੋਂ ਲੋਕਾਂ ਨਾਲ ਠੱਗੀ ਮਾਰਨ ਦੀ ਖੇਡ ਨਹੀਂ ਖੇਡ ਸਕਦੀਆਂ। ਉਹਨਾਂ ਲਈ "ਪੜਚੋਲ, ਸਵੈ-ਪੜਚੋਲ, ਪੜਚੋਲ" ਦਾ ਹੀ ਰਾਹ ਹੈ। ਜਿਹੜੀ ਮਾਰਕਸਵਾਦੀ ਪਾਰਟੀ ਜਾਂ ਇਸ ਪਾਰਟੀ ਦੀ ਲੀਡਰਸ਼ਿਪ ਇਸ ਰਾਹ ਨੂੰ **ਈਮਾਨਦਾਰੀ ਨਾਲ** ਨਹੀਂ ਅਪਣਾਉਂਦੀ, ਉਹ ਅਜ ਵੀ ਡੁਬੀ ਸਮਝੋ ਤੇ ਕਲ੍ਹ ਵੀ।

ਮਾਰਕਸਵਾਦੀਆਂ ਸਾਹਮਣੇ ਅਜ ਇਹ ਸੁਆਲ ਬੜਾ ਮਹੱਤਵਪੂਰਨ ਸੁਆਲ ਹੈ ਕਿ ਸਾਡੇ ਦੇਸ਼ ਵਿਚ, ਪੰਜਾਬ ਦੀ ਧਰਤੀ ਵਿਚ ਮਾਰਕਸਵਾਦ ਦਾ ਬੂਟਾ ਕਿਉਂ ਨਹੀਂ ਤੁਰਿਆ ? ਮਾਰਕਸਵਾਦੀ ਵਿਚਾਰਧਾਰਾ ਦੀਆਂ ਜੜ੍ਹਾਂ ਇਸ ਧਰਤੀ ਵਿਚ ਕਿਉਂ ਨਹੀਂ ਫੈਲੀਆਂ ? ਜਿਵੇਂ ਹਾਲਾਤ ਦੀ ਮੰਗ ਸੀ, ਹਾਲਾਤ ਸਾਜ਼ਗਾਰ ਵੀ ਰਹੇ, ਫਿਰ ਵੀ ਇਹ ਬੂਟਾ ਫੈਲਿਆ ਕਿਉਂ ਨਹੀਂ ? ਫਲਿਆ ਫੁਲਿਆ ਕਿਉਂ ਨਹੀਂ ? ਇਸ ਸੁਆਲ ਦੇ ਜੁਆਬ ਦੀਆਂ ਤੈਹਾਂ ਫੋਲਣ ਦੇ ਅਮਲ ਰਾਹੀਂ ਹੀ ਪਾਰਟੀਆਂ

ਆਪਣੀ ਆਪਣੀ ਸਵੈ-ਪੜਚੋਲ ਕਰ ਸਕਦੀਆਂ ਹਨ। ਅਗਾਂਹ ਵਾਸਤੇ ਸਹੀ ਨਿਰਣਿਆਂ 'ਤੇ ਪੁਜ ਸਕਦੀਆਂ ਹਨ।

ਆਪਣੀ ਆਪਣੀ ਪੀੜ੍ਹੀ ਹੇਠ ਸੋਟਾ ਫੇਰਨ ਦਾ ਇਹ ਅਮਲ, ਜ਼ਹਿਰ ਹੈ, ਅੰਦਰ ਵੜ ਕੇ ਰੋੜੀ ਭੰਨਣ ਵਰਗਾ ਨਹੀਂ ਹੋਣਾ ਚਾਹੀਦਾ। ਲੋਕਾਂ ਨੂੰ ਵਿਸ਼ਵਾਸ ਵਿਚ ਲੈਣਾ ਪਵੇਗਾ। ਆਪਣੀਆਂ ਕਮਜ਼ੋਰੀਆਂ, ਆਪਣੀਆਂ ਗਲਤੀਆਂ ਨੂੰ ਸ਼ਰ੍ਹੇ-ਆਮ ਮੰਨਣ ਵਿਚ ਕੋਈ ਸ਼ਰਮ ਨਹੀਂ। ਬੁਰਾਈ ਹੈ ਉਹਨਾਂ ਨੂੰ ਲੁਕਾਈ ਰਖਣ ਵਿਚ, ਬੇਹਯਾਈ ਹੈ ਉਹਨਾਂ ਨੂੰ ਉਲਟੇ-ਸਿੱਧੇ ਤਰੀਕੇ ਨਾਲ ਠੀਕ ਸਾਬਤ ਕਰੀ ਜਾਣ ਵਿਚ।

ਮਾਰਕਸਵਾਦੀ ਪਾਰਟੀ **ਮਹਾਨ** ਹੁੰਦੀ ਹੈ ਕਿਉਂਕਿ ਉਹ ਲੋਕਾਂ ਦੇ ਮਨੁਖੀ-ਜ਼ਿੰਦਗੀ ਲਈ ਲਏ ਸੁਫਨਿਆਂ ਨੂੰ ਸਾਕਾਰ ਕਰਨ ਦਾ ਬੀੜਾ ਚੁਕਦੀ ਹੈ, ਕਿਉਂਕਿ ਉਹ ਲੋਕਾਂ ਦੇ ਆਜ਼ਾਦੀ ਲਈ, ਮਨੁਖੀ ਜੀਵਨ ਲਈ ਕੀਤੇ ਘੋਲਾਂ ਵਿਚ ਹਰ ਸਮੇਂ ਉਹਨਾਂ ਦਾ ਸਾਥ ਦੇਂਦੀ ਹੈ। ਜਨਤਾ ਨਾਲ ਦੁਖ ਸੁਖ ਦੀ ਉਸ ਦੀ ਸਾਂਝ ਹੁੰਦੀ ਹੈ। ਪਰ ਮਾਰਕਸਵਾਦੀ ਪਾਰਟੀ ਉਸ ਤਰੀਕੇ ਨਾਲ **ਮੁਤਬਰਕ** ਨਹੀਂ ਹੁੰਦੀ ਕਿ ਉਸ ਦੀ ਪੜਚੋਲ ਹੀ ਨਾ ਕੀਤੀ ਜਾ ਸਕੇ, ਉਸ ਦੀਆਂ ਨੀਤੀਆਂ ਅਤੇ ਕਰਮਾਂ ਦੀ ਜੋਖ-ਪਰਖ ਹੀ ਨਾ ਕੀਤੀ ਜਾ ਸਕੇ।

ਪਾਰਟੀ ਦੀ ਲੀਡਰਸ਼ਿਪ ਇੱਜ਼ਤ, ਸਨਮਾਨ ਦੀ ਹੱਕਦਾਰ ਹੁੰਦੀ ਹੈ। ਕਾਡਰ ਨੂੰ ਉਸ ਦੀਆਂ ਹਿਦਾਇਤਾਂ ਮੰਨਣੀਆਂ ਵੀ ਚਾਹੀਦੀਆਂ ਹਨ। ਪਰ ਇਹ ਲੀਡਰਸ਼ਿਪ **ਹਾਕਮ** ਨਹੀਂ ਹੁੰਦੀ ਕਿ ਜਿਹੜਾ ਉਸ ਵਲ ਉਂਗਲੀ ਕਰੇ, ਉਸ ਦੀ ਉਂਗਲੀ ਵੱਢ ਦਿਤੀ ਜਾਵੇ, ਜਿਹੜਾ ਖਿਲਾਫ਼ ਬੋਲੇ, ਉਸ ਦੀ ਜੀਭਾ ਕੱਟ ਦਿਤੀ ਜਾਵੇ। ਪਾਰਟੀ ਵਿਚ centralism ਤਾਂ ਹੁੰਦੀ ਹੈ, ਪਰ ਉਹ democratic ਹੁੰਦੀ ਹੈ। ਇਹੀ ਗੱਲ ਹਮੇਸ਼ਾਂ ਯਾਦ ਰਖਣ ਵਾਲੀ ਹੈ। ਪਾਰਟੀ ਦੀ ਲੀਡਰਸ਼ਿਪ ਲੋਕਾਂ ਦੇ, ਕਾਡਰ ਦੇ ਅਨੁਭਵ ਤੋਂ ਨਿੱਤ ਸਿਖਦੀ ਹੈ। ਉਸ ਅਨੁਭਵ ਨੂੰ ਤਰਾਸ਼ ਕੇ ਮਾਂਜ ਕੇ, ਉਸ ਤੋਂ ਆਪਣੀ ਨੀਤੀ ਬਣਾਉਂਦੀ ਹੈ, ਕਾਡਰ ਨੂੰ ਉਸ ਨੀਤੀ 'ਤੇ ਚਲਾਉਂਦੀ ਹੈ। ਅਮਲ 'ਚੋਂ ਨਵੇਂ ਅਨੁਭਵ ਹੁੰਦੇ ਹਨ, ਨਵੇਂ ਹਾਲਾਤ ਬਣਦੇ ਹਨ। ਕੀਤਾ ਕੁਝ ਠੀਕ ਵੀ ਹੁੰਦਾ ਹੈ, ਕੁਝ ਗ਼ਲਤ ਵੀ ਹੋ ਜਾਂਦਾ ਹੈ। ਅਮਲ ਲੀਡਰਸ਼ਿਪ ਨੂੰ 'ਨਵਾਂ ਸਬਕ' ਦੇਂਦਾ ਹੈ। (ਆਖ਼ਰ ਜੇ ਸਿਧਾਂਤ ਦਾ ਕੋਈ ਪਿਉ ਹੈ ਤਾਂ ਉਹ ਅਮਲ ਹੀ ਹੈ।) ਲੀਡਰਸ਼ਿਪ 'ਨਵੇਂ ਸਬਕ' ਨੂੰ ਗ੍ਰਹਿਣ ਕਰਕੇ ਨਵੀਂ ਨੀਤੀ ਵਿਉਂਤਦੀ ਹੈ...ਫਿਰ ਉਸ 'ਤੇ ਅਮਲ ਕਰਾਉਂਦੀ ਹੈ। ਅਮਲ ਤੋਂ ਸਿਧਾਂਤ ਅਤੇ ਸਿਧਾਂਤ ਤੋਂ ਅਮਲ ਦਾ ਚੱਕਰ ਚਲਦਾ ਰਹਿੰਦਾ ਹੈ। ਇਸ ਚੱਕਰ ਦਾ ਚਲਦੇ ਰਹਿਣਾ ਹੀ ਕਦਮ ਬਕਦਮ ਮੰਜ਼ਲ ਵੱਲ ਵਧਦੇ ਜਾਣ ਦੀ ਜ਼ਾਮਨੀ ਹੈ।

ਮਾਰਕਸਵਾਦੀ ਪਾਰਟੀਆਂ ਦਾ ਕਾਡਰ ਅਤੇ ਸਾਡਾ ਜਨਸਾਧਾਰਨ ਇਹਨਾਂ ਪਾਰਟੀਆਂ ਦੀਆਂ ਲੀਡਰਸ਼ਿਪਾਂ ਕੋਲੋਂ ਉਹਨਾਂ ਦੇ ਲੱਛਣਾਂ, ਕਰਮਾਂ, ਗੁੱਝੇ ਜਾਂ ਸਪਸ਼ਟ ਮਨੋਰਥਾਂ ਬਾਰੇ, ਉਹਨਾਂ ਦੀ ਕੁਲ ਕਹੀ ਤੇ ਕੀਤੀ ਬਾਰੇ ਪੁਛ-ਪੜਤਾਲ ਕਰ ਸਕਦਾ ਹੈ। ਚਾਤੁਰ ਨੇਤਾ ਦਲੀਲਾਂ ਦੇ ਤਾਣੇ-ਬਾਣੇ ਵਿਚ ਅਤੇ ਆਪਣੀ ਚਲਦੀ ਜੀਭਾ ਦੀ ਚਕਨਾਈ ਨਾਲ ਕਾਡਰ ਨੂੰ ਭੰਬਲ-ਭੂਸਿਆਂ ਵਿਚ ਪਾ ਸਕਦੇ ਹਨ। ਵੇਲੇ ਕੁਵੇਲੇ ਮਾਇਕ ਸਹਾਇਤਾ ਦਾ ਪ੍ਰਬੰਧ ਕਰ ਦੇਣ, ਨੌਕਰੀ ਆਦਿ ਲੈ ਕੇ ਦੇਣ, ਸਰਕਾਰੋਂ ਦਰਬਾਰੋਂ ਕੋਈ ਫਸਿਆ ਕੰਮ ਕਢਾ ਦੇਣ, ਪਾਰਟੀ ਦੇ ਅੰਦਰ ਰੁਤਬੇ ਦਾ ਇਕ ਅੱਧਾ ਡੰਡਾ ਉਤਾਂਹ ਚੜ੍ਹਾ ਦੇਣ ਅਤੇ ਜਾਂ "ਆਪਣੇ ਰਸੂਖ਼ ਨਾਲ" ਕਿਤਿਉਂ ਅਨੁਵਾਦ ਦਾ ਹੀ ਕੰਮ ਲੈ ਕੇ ਦੇਣ ਦੇ ਲਾਲਚ ਨਾਲ ਕਈ ਨੇਤਾ ਪਾਰਟੀ-ਮੈਂਬਰਾਂ ਦਾ ਮੂੰਹ ਬੰਦ ਕਰਨ ਦਾ ਜਤਨ ਵੀ ਕਰ ਸਕਦੇ ਹਨ।



"ਤੂੰ ਨਕਸਲੀਆ ਹੈਂ" ਜਾਂ "ਤੂੰ ਸੀ. ਆਈ. ਏ. ਦਾ ਏਜੰਟ ਏਂ" ਦਾ ਦਬਕਾ ਮਾਰ ਕੇ, ਪਾਰਟੀ 'ਚੋਂ ਕੱਢ ਦੇਣ ਦਾ ਡਰਾਵਾ ਦੇ ਕੇ, ਉਸ ਨੂੰ ਯਰਕਾਣ ਦੀ ਕੋਸ਼ਿਸ਼ ਵੀ ਕਰ ਸਕਦੇ ਹਨ।

ਪਰ ਜਿਹੜੀ ਗੱਲ ਹਰ ਪਾਰਟੀ ਮੈਂਬਰ / ਹਮਦਰਦ ਨੂੰ ਪੱਲੇ ਬੰਨ੍ਹ ਲੈਣੀ ਚਾਹੀਦੀ ਹੈ, ਉਹ ਇਹ ਹੈ ਕਿ ਉਪਰ ਦਸੇ ਗਏ ਸੁਆਲ ਨੂੰ ਰਿੜਕਣਾ ਪਾਉਣ ਤੋਂ ਬਗ਼ੈਰ ਕੋਈ ਹੋਰ ਰਾਹ ਨਹੀਂ ਹੈ, ਜਿਸ ਨਾਲ ਮਾਰਕਸਵਾਦੀ ਪਾਰਟੀਆਂ ਸਿਹਤਯਾਬ ਹੋ ਸਕਣ ਅਤੇ ਇਨਕਲਾਬ ਦੀ ਮੰਜ਼ਲ ਵਲ ਵਧਣ ਲਈ ਸਾਰਥਕ ਕੰਮ ਕਰ ਸਕਣ। "ਪੜਚੋਲ, ਸਵੈ-ਪੜਚੋਲ, ਪੜਚੋਲ" ਦੇ ਤਰੀਕੇ ਤੋਂ ਬਿਨਾਂ ਕੋਈ ਹੋਰ ਰਾਹ ਹੈ ਨਹੀਂ। (ਏਸੇ ਰਾਹ ਨੂੰ ਹੀ ਮਾਰਕਸਵਾਦ ਦੀਆਂ ਪ੍ਰਮਾਣੀਕ ਪੁਸਤਕਾਂ ਦੀ ਪ੍ਰਵਾਨਗੀ ਹਾਸਿਲ ਹੈ।) ਲੀਡਰਸ਼ਿਪ ਦੇ ਉਹ ਵਿਅਕਤੀ ਜਾਂ ਉਹ ਜੁੱਟ ਜਿਹਨਾਂ ਨੇ ਪਾਰਟੀ ਨੂੰ ਕੁਰਾਹੇ ਪਾਇਆ ਹੈ, ਕਾਡਰ ਨੂੰ ਧੋਖੇ 'ਚ ਰਖਿਆ ਹੈ, ਆਪਣੇ ਸੁਆਰਥ ਨੂੰ ਹਮੇਸ਼ਾਂ ਅਗੇ ਰਖਿਆ ਹੈ, ਜਾਇਦਾਦਾਂ ਤੇ ਕੋਠੀਆਂ ਬਣਾਨ ਅਤੇ ਆਪਣੇ ਪੁਤਰਾਂ ਧੀਆਂ ਨੂੰ ਰੂਸ, ਅਮਰੀਕਾ ਭਿਜਵਾਉਣ ਦੇ ਆਹਰ ਵਿਚ ਹੀ ਲਗੇ ਰਹੇ ਹਨ...ਉਹਨਾਂ ਨੂੰ ਬਿਨਾਂ ਲਿਹਾਜ਼ ਨੰਗਿਆਂ ਕੀਤਾ ਜਾਣਾ ਚਾਹੀਦਾ ਹੈ ਅਤੇ "ਕਸੂਰਵਾਰ ਨੂੰ ਸੰਗਤ ਵਲੋਂ, ਭਰੀ ਸੰਗਤ ਵਿਚ ਤਨਖਾਹ ਲਾਉਣ" ਦੇ ਅਸੂਲ ਦੇ ਤਹਿਤ "ਆਪਣੀਆਂ-ਗਲਤੀਆਂ-ਦਾ-ਸੁਧਾਰ-ਕਰ-ਲੈਣ-ਵਿਚ-ਸਹਾਈ-ਹੋਣ-ਵਾਲੀ-ਸਜ਼ਾ" ਦਿਤੀ ਜਾਣੀ ਚਾਹੀਦੀ ਹੈ।

ਹੋ ਸਕਦਾ ਹੈ ਕੁਝ ਨੇਤਾ ਝੁੰਜਲਾ ਕੇ ਇਹ ਕਹਿਣ ਕਿ ਬੁਕਲ 'ਚ ਮੂੰਹ ਪਾ ਕੇ ਸੋਚਣ ਜਾਂ ਪੀੜ੍ਹੀ ਹੇਠ ਸੋਟਾ ਫੇਰਨ ਦੀ ਭਲਾ ਅਜ ਕਿਉਂ ਲੋੜ ਜਾਪੀ ਹੈ। ਇਹ ਕੰਮ ਕੀ ਭਵਿੱਸ਼ ਵਿਚ ਨਹੀਂ ਕੀਤਾ ਜਾ ਸਕਦਾ? ਜੁਆਬ ਸਿਰਫ਼ ਇਕ ਹੀ ਹੈ: ਕਿਉਂਕਿ ਹੁਣ ਤਕ ਇਹ ਕੰਮ ਕੀਤਾ ਨਹੀਂ ਗਿਆ ਅਤੇ ਕਿਉਂਕਿ ਇਹ ਕੰਮ ਅਜਿਹਾ ਹੈ ਜਿਹੜਾ ਪਾਰਟੀ ਦੇ ਜੀਵਨ ਵਿਚ **ਹਮੇਸ਼ਾਂ ਤੇ ਲਗਾਤਾਰ** ਹੁੰਦਾ ਰਹਿਣਾ ਚਾਹੀਦਾ ਹੈ, ਇਸ ਲਈ ਇਸ ਨੂੰ **ਹੁਣੇ ਹੀ, ਤੁਰੰਤ ਹੀ** ਕੀਤਾ ਜਾਣਾ ਚਾਹੀਦਾ ਹੈ।

ਨਾਲ ਹੀ, ਦੇਸ਼ ਦੀ 1977 ਵਿਚ ਬਦਲੀ ਅਤੇ ਨਿੱਤ-ਬਦਲਦੀ ਸਥਿਤੀ ਦੇ ਵਟਦੇ ਰੰਗਾਂ ਰੂਪਾਂ ਦਾ ਵੀ ਸੁਆਲ ਹੈ। ਇਸ ਦੇ ਵਿਸਥਾਰ ਵਿਚ ਜਾਣ ਦੀ ਲੋੜ ਨਹੀਂ ਕਿਉਂਕਿ ਰਤਾ ਮਾਸਾ ਵੀ ਸਿਆਸੀ ਸੂਝ ਰਖਣ ਵਾਲਾ ਪਾਰਟੀ ਦਾ ਹਰ ਬੰਦਾ ਇਸ ਬਾਰੇ ਭਲੀ ਭਾਂਤ ਜਾਣਦਾ ਹੈ।

ਹੋ ਸਕਦਾ ਹੈ ਕਿ ਮਾਰਕਸਵਾਦੀ ਪਾਰਟੀਆਂ ਦੀ ਲੀਡਰਸ਼ਿਪ ਦਾ ਕੁਝ ਹਿੱਸਾ ਇਸ ਸੁਆਲ ਨੂੰ ਸੁਣ ਕੇ ਅਗੋਂ ਫੁੰਨਕਾਰਾ ਮਾਰੇ: ਕੌਣ ਕਹਿੰਦਾ ਹੈ ਮਾਰਕਸਵਾਦ ਦਾ ਬੂਟਾ ਸਾਡੀ ਧਰਤੀ ਵਿਚ ਨਹੀਂ ਤੁਰਿਆ? ਨਾਲ ਹੀ ਉਹ ਆਪਣੇ ਨੇੜੇ ਦੇ ਇਤਿਹਾਸ ਵਿਚੋਂ ਸ਼ਹੀਦ ਭਗਤ ਸਿੰਘ ਦੇ ਮਾਰਕਸਵਾਦ ਨੂੰ ਗ੍ਰਹਿਣ ਕਰਨ, ਗਦਰੀ ਬਾਬਿਆਂ ਦੀਆਂ ਬੇਮਿਸਾਲ ਕੁਰਬਾਨੀਆਂ ਆਦਿ ਦਾ ਜ਼ਿਕਰ ਕਰਕੇ...ਪਿਛਲੇ ਤੀਹਾਂ ਸਾਲਾਂ ਵਿਚ ਪਾਰਟੀ ਦੀ ਵਧੀ ਮੈਂਬਰਸ਼ਿਪ, ਅਣਗਿਣਤ ਟਰੇਡ ਯੂਨੀਅਨੀ ਘੋਲਾਂ, ਮੁਜ਼ਾਰਿਆਂ ਦੀਆਂ ਜਦੋ-ਜਹਿਦਾਂ ਦਾ ਵੇਰਵਾ ਤੁਹਾਡੇ ਸਾਹਮਣੇ, ਗੋਗੀਆ ਪਾਸ਼ਾ ਦੇ ਆਪਣੇ ਹੈਟ ਵਿਚੋਂ ਕਬੂਤਰਾਂ ਦੀਆਂ ਡਾਰਾਂ ਉਡਾਣ ਵਾਂਗ, ਸੁਟੇ! ਲੜੀਵਾਰ, ਪਾਲਾਂ 'ਚ ਆ ਰਹੇ ਦਮਗਜ਼ੇ!! ਸੁਖਾਂਤ-ਦੁਖਾਂਤ ਨਾਟਕ ਭਲਾ ਹੋਰ ਕੀ ਹੁੰਦਾ ਹੈ!!!

ਇਹ ਵੀ ਹੋ ਸਕਦਾ ਹੈ ਕਿ ਇਹ ਜਾਂ ਅਜਿਹਾ ਕੋਈ ਹੋਰ ਨੇਤਾ ਪਾਰਟੀ ਦੀਆਂ "ਪ੍ਰਾਪਤੀਆਂ" ਦੀ ਲਿਸਟ ਵਿਚ ਭਾਰਤ ਦੇ ਸੋਵੀਅਤ ਰੂਸ ਨਾਲ ਪਿਛਲੇ ਤੀਹਾਂ ਸਾਲਾਂ ਵਿਚ ਵਧੇ ਰਾਜਨੀਤਕ ਤੇ ਤਜਾਰਤੀ ਸਬੰਧਾਂ ਨੂੰ, ਕਾਂਗਰਸ ਦੇ ਅੰਦਰ ਅਗਾਂਹ-ਵਧੂ ਹੀ ਨਹੀਂ, ਸਗੋਂ ਸੱਚੇ ਸਮਾਜਵਾਦੀ ਬੰਦਿਆਂ, ਬੁਢੀਆਂ ਦੀ ਭਾਲ ਕਰ ਲੈਣ ਨੂੰ, ਮਾਰਕਸਵਾਦੀ ਸਾਹਿਤ ਦੇ ਹੋਏ ਅਨੁਵਾਦਾਂ, ਸਮਾਜਵਾਦੀ ਦੇਸ਼ਾਂ

ਦੇ ਸਿਫ਼ਾਰਤਖ਼ਾਨਿਆਂ ਵਿਚ ਦੁਆਈਆਂ ਕਾਮਰੇਡਾਂ ਨੂੰ ਨੌਕਰੀਆਂ, ਸੋਵੀਅਤ ਦੇਸ਼ ਤੇ ਸੋਵੀਅਤ ਨਾਰੀ ਦੇ ਇਕੱਠੇ ਹੋਏ ਚੰਦਿਆਂ ਨੂੰ ਵੀ ਸ਼ਾਮਿਲ ਕਰ ਲਵੇ। ਪਰ ਸੁਆਲਾਂ ਦਾ ਸੁਆਲ "ਸਾਡੇ ਦੇਸ਼ ਵਿਚ ਮਾਰਕਸਵਾਦ ਦਾ ਬੂਟਾ ਕਿਉਂ ਨਹੀਂ ਤੁਰਿਆ ?" ਇਸ ਸਭ ਬਿਉਰੇ ਦੇ ਹੁੰਦਿਆਂ ਹੋਇਆਂ ਵੀ, ਸਾਡੇ ਸਾਹਮਣੇ ਖੜੇ ਦਾ ਖੜਾ ਰਹਿੰਦਾ ਹੈ।

ਪੰਜਾਬ ਦੀ ਜਨਤਾ ਸਾਨੂੰ, ਮਾਰਕਸਵਾਦੀਆਂ ਨੂੰ ਪੁਛ ਸਕਦੀ ਹੈ ਕਿ ਇਹ ਬੂਟਾ ਕਿਉਂ ਨਹੀਂ ਫੈਲਿਆ ? [ਦੇਸ਼ ਵਿਚ ਅਜ ਘੋਲ ਬੁਰਜੁਆਜ਼ੀ ਦੇ ਦੋ ਧੜਿਆਂ ਵਿਚਕਾਰ ਹੋ ਰਿਹਾ ਹੈ। ਖੱਬੇ-ਪੱਖੀ ਤਾਕਤਾਂ ਕਿਸੇ ਗਿਣਤੀ ਵਿਚ ਨਹੀਂ।] ਮਾਰਕਸਵਾਦੀ ਪਾਰਟੀਆਂ ਵਲੋਂ ਸੱਜੇ-ਪੱਖੀਆਂ ਨੂੰ ਹਾਲੀਂ ਤਕ ਕਿਉਂ ਕੋਈ ਤਕੜਾ ਚੈਲੰਜ ਨਹੀਂ ? ਤੁਸਾਂ ਹੁਣ ਤਕ ਕੀ ਕੀਤਾ ? ਕੀ ਪਿਛਲੇ ਤੀਹਾਂ, ਚਾਲ੍ਹੀਆਂ ਸਾਲਾਂ ਵਿਚ ਇਥੇ ਬਾਹਰਮੁਖੀ ਹਾਲਾਤ ਕਦੀ ਸਾਜ਼ਗਾਰ ਹੋਏ ਹੀ ਨਹੀਂ ? ਭੋਂ ਵੱਤਰ ਆਈ ਹੀ ਨਹੀਂ ?

ਪਹਿਲਾਂ ਦੇਸ਼ ਵਿਚ ਅੰਗ੍ਰੇਜ਼ ਦਾ ਰਾਜ ਸੀ। ਬਦੇਸ਼ੀ ਹਕੂਮਤ ਦੇ ਰੂਪ ਵਿਚ ਦੁਸ਼ਮਣ ਸਾਹਮਣੇ ਸਪਸ਼ਟ ਸੀ। ਸਾਡੇ ਇਥੇ ਮਾਰਕਸਵਾਦ ਦਾ ਬੂਟਾ ਲੱਗਾ। ਲੋਕ ਕਮਿਊਨਿਸਟ ਪਾਰਟੀ ਦੇ ਨੇੜੇ ਆਏ। ਕਮਿਊਨਿਸਟ ਬਣੇ। ਆਜ਼ਾਦੀ ਦੀ ਤਹਿਰੀਕ ਵਿਚ, ਤਸੀਹੇ ਸਹਿਣ ਤੇ ਕੁਰਬਾਨੀਆਂ ਦੇਣ ਵਿਚ ਉਹ ਕਿਸੇ ਨਾਲੋਂ ਪਿੱਛੇ ਨਹੀਂ ਰਹੇ। ਉਹ ਲੋਕ ਸੁਹਿਰਦ ਸਨ, ਸੁਆਰਥਹੀਨ ਸਨ। ਉਹ ਆਪਾ ਵਾਰਨਾ ਜਾਣਦੇ ਸਨ ਅਤੇ ਉਹਨਾਂ ਆਪਾ ਵਾਰਿਆ। ਮਾਰਕਸਵਾਦ ਦੀਆਂ ਪੁਸਤਕਾਂ ਦੇ ਸ਼ਾਇਦ ਉਹ ਸਕਾਲਰ ਤਾਂ ਨਹੀਂ ਸਨ, ਪਰ ਲੋਕ-ਹਿੱਤ ਲਈ ਜਾਗੀ ਅਤੇ ਲੋਕ-ਹਿੱਤ ਦੇ ਪੈਂਤੜੇ 'ਤੇ ਆਈ ਕਿਸੇ ਵਿਸ਼ੇਸ਼ ਅੰਦਰੂਨੀ ਸੂਝ ਸਦਕਾ ਉਹਨਾਂ ਨੇ ਮਾਰਕਸਵਾਦੀ ਵਿਚਾਰਾਂ ਨੂੰ ਗ੍ਰਹਿਣ ਕੀਤਾ ਹੋਇਆ ਸੀ। 'ਕਾਮਰੇਡ' ਬਣਨਾ ਉਹਨਾਂ ਲਈ ਫ਼ਖ਼ਰ ਦੀ ਗੱਲ ਸੀ। ਸਮੁਚੇ ਮਨੁਖੀ ਕਰਦਾਰ ਨੂੰ ਬਦਲ ਕੇ, ਕਾਮਰੇਡ, ਸਾਥੀ ਬਣਨ ਦਾ ਟੀਚਾ ਉਹਨਾਂ ਦੇ ਸਾਹਮਣੇ ਸੀ। ਉਹ ਲੋਕ ਨਿਰਛਲ ਸਨ, ਈਮਾਨਦਾਰ ਸਨ। ਕੁਰਬਾਨੀ ਦਾ ਜਜ਼ਬਾ ਉਹਨਾਂ ਦੇ ਅੰਦਰ ਹੈ ਸੀ। ਉਦੋਂ "ਕਾਮਰੇਡ" ਸ਼ਬਦ ਦੀ ਆਮ ਜਨਤਾ ਵਿਚ ਵੀ ਬੜੀ ਇਜ਼ਤ ਸੀ। ਕਿਸੇ ਨੂੰ ਉਚੇ ਜ਼ਾਤੀ ਇਖਲਾਕ ਦਾ ਨਮੂਨਾ ਜਾਂ ਲੋਕਾਂ ਦੇ ਦੁਖ ਸੁਖ ਦਾ ਭਾਈਵਾਲ ਦੱਸਣਾ ਹੋਵੇ ਤਾਂ ਇਤਨਾ ਕਹਿ ਦੇਣਾ ਕਾਫੀ ਹੁੰਦਾ ਸੀ ਕਿ 'ਉਹ ਕਾਮਰੇਡ ਹੈ।'

ਆਜ਼ਾਦੀ ਆਉਣ ਉਪਰੰਤ ਜਦ ਸਿਆਸੀ ਤਾਕਤ "ਆਪਣਿਆਂ" ਦੇ ਹੱਥ ਆਈ, ਆਰਥਕਤਾ ਦਾ ਮੂੰਹ ਖੁਲ੍ਹਿਆ, ਪੈਸਾ ਕਮਾਉਣ ਦੇ ਅਵਸਰ ਪੈਦਾ ਹੋਏ, ਸਮਾਜਵਾਦੀ ਦੇਸ਼ਾਂ ਦੇ ਸਬੰਧ ਦੇਸ਼ ਦੀ ਸਰਕਾਰ ਨਾਲ ਮਿਤਰਤਾ ਤੇ ਸਹਿਯੋਗ ਦੇ ਬਣੇ, ਸਾਡੀ ਕਮਿਊਨਿਸਟ ਪਾਰਟੀ ਦੇ ਨੇਤਾਵਾਂ ਦਾ ਮੇਲ-ਜੋਲ ਸਮਾਜਵਾਦੀ ਦੇਸ਼ਾਂ ਦੀਆਂ ਕਮਿਊਨਿਸਟ ਪਾਰਟੀਆਂ ਦੇ ਨੇਤਾਵਾਂ ਨਾਲ ਵਧਿਆ...ਸੁਆਰਥ ਤੇ ਲਾਲਚ ਨੇ ਆਣ ਮੂੰਹ ਵਿਖਾਇਆ। ਪੈਦਾ ਹੋਏ ਅਵਸਰਾਂ ਤੋਂ, ਛੇਤੀ ਤੋਂ ਛੇਤੀ, ਆਪਣੀ ਆਪਣੀ ਝੋਲੀ ਭਰ ਲੈਣ ਦੀ ਦੌੜ ਨੇ ਸਾਡੀ ਲੀਡਰਸ਼ਿਪ ਦੇ ਕਾਫੀ ਸਾਰੇ ਹਿੱਸੇ ਨੂੰ ਡੰਗ ਲਿਆ। ਸਮਾਜਵਾਦੀ ਦੇਸ਼ਾਂ ਦੇ ਇਥੇ ਆਏ ਪ੍ਰਤੀਨਿਧਾਂ ਨਾਲ ਜ਼ਾਤੀ ਤੌਰ 'ਤੇ ਯਰਾਨੇ ਪੈਣ ਲਗੇ। ਉਹਨਾਂ ਕੋਲੋਂ "ਲਾਈਨ ਲੈਣ" ਅਤੇ ਉਹਨਾਂ ਦੇ ਹਿੱਤਾਂ, ਲਾਭਾਂ ਨੂੰ ਮੁਖ ਰਖ ਕੇ "ਲਾਈਨ ਬਣਾਨ" ਅਤੇ ਉਸ ਲਾਈਨ ਨੂੰ ਸਰਵੋਤਮ ਮਾਰਕਸਵਾਦੀ ਲਾਈਨ ਸਿਧ ਕਰਨ ਲਈ ਹਰ ਤਰ੍ਹਾਂ ਦੀਆਂ ਦਲੀਲਾਂ ਲਾਮਬੰਦ ਕੀਤੀਆਂ ਜਾਣ ਲਗੀਆਂ। ਕੁਦਰਤੀ ਸੀ ਕਿ ਇਸ ਤਰ੍ਹਾਂ ਦੇ ਸਿਧਾਂਤਕ ਧੁੰਦਲਕੇ (ideological confusion) ਸਮੇਂ, ਥਾਂ ਥਾਂ, ਅਜਿਹੀ ਲੀਡਰਸ਼ਿਪ ਉਪਰ ਆ ਜਾਂਦੀ ਜੋ ਚਾਤੁਰ ਸੀ ਅਤੇ ਜਿਸ



ਦੀ ਜੀਭਾ ਲੁਤਰ-ਲੁਤਰ ਚਲਦੀ ਸੀ ਅਤੇ ਜਿਹੜੀ ਗ਼ਲਤ ਨੂੰ ਸਹੀ ਤੇ ਸਹੀ ਨੂੰ ਗ਼ਲਤ ਕਰਨ ਲਈ ਹਰ ਤਰ੍ਹਾਂ ਦੀ ਨੀਤੀ ਨੂੰ ਦਲੀਲਾਂ ਦੇ ਅੰਬਾਰ ਲਾ ਕੇ ਸਹੀ ਸਿਧ ਕਰ ਸਕਣ ਦੇ ਯੋਗ ਸੀ।

ਇਹ ਉਹ ਦੌਰ ਸੀ (ਅਤੇ ਇਹ ਹਾਲੀਂ ਵੀ ਚਲ ਰਿਹਾ ਹੈ) ਜਦ ਕਮਿਊਨਿਸਟ ਪਾਰਟੀਆਂ ਵਿਚ ਸੁਆਰਥੀ, ਜ਼ਮੀਰਹੀਣ, ਕੈਰੀਅਰਿਸਟ ਕਿਸਮ ਦੀ ਲੀਡਰਸ਼ਿਪ ਉਪਰ ਆਉਂਦੀ ਹੈ। ਸਮਾਜਵਾਦੀ ਦੇਸ਼ਾਂ ਦੇ ਸਿਫ਼ਾਰਤ ਖਾਨਿਆਂ ਦੇ ਚੱਕਰ ਕਢਣ ਲਗਦੀ ਹੈ, ਉਹਨਾਂ ਦੇਸ਼ਾਂ ਦੇ ਸੈਰ-ਸਪਾਟਿਆਂ ਲਈ ਨਿਮੰਤਰਨ-ਪੱਤਰ ਇਕੱਠੇ ਕਰਨ, ਆਪਣੇ ਪੁਤਾਂ ਧੀਆਂ ਨੂੰ ਉਹਨਾਂ ਦੇਸ਼ਾਂ ਵਿਚ ਤਾਲੀਮ ਲਈ ਭੇਜਣ, ਰੂਸੀ ਕਿਤਾਬਾਂ / ਰਸਾਲਿਆਂ ਦੀਆਂ ਆਪਣੇ ਚੇਲਿਆਂ ਚਾਟਿਆਂ ਨੂੰ ਏਜੰਸੀਆਂ ਲੈ ਕੇ ਦੇਣ ਦੇ ਪ੍ਰਬੰਧ ਕਰਨ ਦੇ ਜਤਨਾਂ ਵਿਚ ਰੁਝਦੀ ਹੈ।

ਇਹ ਉਹ ਦੌਰ ਸੀ ਜਦ ਸਾਡੀਆਂ ਪਾਰਟੀਆਂ ਦੀਆਂ ਲੀਡਰਸ਼ਿਪ ਨੇ ਲੋਕਾਂ ਨੂੰ ਪਿੱਠ ਦਿਤੀ। ਕਈ ਨੇਤਾਵਾਂ ਦਾ ਕੰਮ ਸਮਾਜਵਾਦੀ ਦੇਸ਼ਾਂ ਦੀਆਂ ਹਕੂਮਤਾਂ ਅਤੇ ਉਹਨਾਂ ਦੇ ਲੀਡਰਾਂ ਦੀਆਂ ਚਾਪਲੂਸੀਆਂ ਕਰਨਾ ਅਤੇ ਜਾਂ ਉਹਨਾਂ ਲਈ ਮੁਖਬਰੀ ਕਰਨਾ ਰਹਿ ਗਿਆ। ਇਸ ਦੌਰ ਵਿਚ ਸੂਬਾਈ ਤੇ ਜ਼ਿਲ੍ਹਾ ਪੱਧਰ ਦੀ ਲੀਡਰਸ਼ਿਪ ਕਾਰੋਬਾਰੀ ਧੰਦਿਆਂ ਵਿਚ ਪੈ ਗਈ ਤੇ ਜਾਂ ਲੱਗੀ ਚੰਡੀਗੜ੍ਹ ਦੇ ਚੱਕਰ ਕੱਟਣ। ਵਜ਼ੀਰਾਂ, ਹਾਕਮਾਂ ਦੇ ਗੋਡੇ ਘੁਟਣਾ ਅਤੇ ਕਈ ਵਾਰ ਪੁਲਸ ਦੀ ਮੁਖਬਰੀ ਕਰਨਾ ਇਹਨਾਂ ਦਾ ਨਿੱਤ ਦਾ ਕੰਮ ਹੋ ਗਿਆ। ਇਸ ਦੌਰ ਵਿਚ 'ਕਾਮਰੇਡ' ਪੰਜਾਬ ਵਿਚ 'ਕੰਮਰੇੜ੍ਹ' ਬਣਦਾ ਹੈ।

ਏਸੇ ਦੌਰ ਵਿਚ ਪਾਰਟੀ, ਕਾਡਰ ਲਈ ਮਾਰਕਸਵਾਦੀ ਵਿਦਿਆ ਦੇ ਸਕੂਲ ਲਾਉਣੇ ਬੰਦ ਕਰਦੀ ਹੈ। ਹਰ ਲਿਹਾਜ਼ ਨਾਲ ਉਹਨਾਂ ਨੂੰ depoliticalize ਕਰਕੇ, ਨਾਂ-ਨਿਹਾਦ ਅਮਲ ਨੂੰ ਉਚਾ ਰੁਤਬਾ ਦੇ ਕੇ, ਕਾਡਰ ਨੂੰ ਛੋਟੇ ਮੋਟੇ ਜਥੇਬੰਦਕ ਜਾਂ ਏਜੀਟੇਸ਼ਨਲ ਕੰਮਾਂ 'ਤੇ ਹੀ ਲਾਉਂਦੀ ਹੈ। ਵਿਦਿਆਰਥੀਆਂ ਦੀਆਂ, ਨੌਜੁਆਨਾਂ ਦੀਆਂ, ਸਾਹਿਤ ਤੇ ਕਲਾ ਦੇ ਖੇਤਰਾਂ ਦੇ ਕਾਮਿਆਂ ਦੀਆਂ ਜਥੇਬੰਦੀਆਂ ਦੀ ਤਕਰੀਬਨ ਸਫ਼ ਹੀ ਵਲ੍ਹੇਟ ਦਿਤੀ ਜਾਂਦੀ ਹੈ।

ਕਾਡਰ ਨੂੰ ਮਾਰਕਸਵਾਦੀ ਚੇਤੰਨਤਾ ਤੋਂ ਦੂਰ ਰਖਣਾ, ਮਾਰਕਸਵਾਦੀ ਗਿਆਨ ਨਾਲ ਉਸ ਨੂੰ ਲੈਸ ਨਾ ਕਰਨਾ, ਕਾਡਰ ਨੂੰ ਸਿਰਫ਼ ਜ਼ਾਤੀ ਸਬੰਧਾਂ, ਸ਼ਰਧਾ ਜਾਂ ਗੁੱਟਬੰਦੀ ਦੇ ਜਜ਼ਬੇ ਨਾਲ ਹੀ ਬੰਨ੍ਹੀ ਰਖਣਾ ਇਸ ਤੱਥ ਤੋਂ ਵੀ ਸਾਬਿਤ ਹੁੰਦਾ ਹੈ ਕਿ ਦੋ ਪਾਰਟੀਆਂ ਵਿਚਕਾਰ ਪਾਰਟੀ ਦੀ ਵੰਡ ਵੇਲੇ ਪੂਰੇ ਦਾ ਪੂਰਾ ਕਾਡਰ, ਉਪਰੋਂ ਲੈ ਕੇ ਥੱਲੇ ਤਕ, ਜ਼ਿਲ੍ਹਿਆਂ ਦੇ ਜ਼ਿਲ੍ਹੇ ਤੇ ਸੂਬਿਆਂ ਦੇ ਸੂਬੇ ਨੇਤਾਵਾਂ ਦੇ ਨਾਲ "ਜਿਧਰ ਗਏ ਮਲਾਹ, ਉਧਰ ਗਈਆਂ ਬੇੜੀਆਂ" (ਅਸਾਂ ਮੁਹਾਵਰੇ ਨੂੰ ਰਤਾ ਬਦਲ ਲਿਆ ਹੈ!) ਅਨੁਸਾਰ ਚਲੇ ਗਏ। ਸਿਧਾਂਤਕ ਕਾਰਨ ਭਾਵੇਂ ਕੋਈ ਕਿੰਨੇ ਦਸੀ ਜਾਵੇ, ਸੱਚ ਇਹੀ ਹੈ ਕਿ ਜ਼ਿਆਦਾਤਰ ਕਾਡਰ ਨੇ ਨੇਤਾਵਾਂ ਵਲ ਆਪਣੀ ਸ਼ਰਧਾ ਦਾ ਸਬੂਤ ਦਿਤਾ ਅਤੇ ਉਹਨਾਂ ਦੇ ਮਗਰ ਗਏ।

ਮਾਰਕਸਵਾਦੀ ਪਾਰਟੀਆਂ ਦੀਆਂ ਲੀਡਰਸ਼ਿਪਾਂ ਕੋਲੋਂ ਸਾਡਾ ਇਹ ਪੁਛਣਾ ਬਣਦਾ ਹੈ ਕਿ ਕੀ ਇਥੇ ਪਿਛਲੇ ਪੰਜਾਹਾਂ, ਚਾਲ੍ਹੀਆਂ, ਤੀਹਾਂ, ਵੀਹਾਂ ਸਾਲਾਂ ਵਿਚ ਜਨਤਾ ਨੂੰ ਸਮਾਜਵਾਦੀ ਪੈਂਤੜੇ 'ਤੇ ਨਹੀਂ ਸੀ ਲਿਆਂਦਾ ਜਾ ਸਕਦਾ ! ਕੀ ਕਾਰਨ ਹੈ ਕਿ ਸਾਡੀਆਂ ਪਾਰਟੀਆਂ ਬਲਵਾਨ ਲੋਕ-ਤਹਿਰੀਕ ਨੂੰ ਇਥੇ ਹੁਣ ਤਕ ਜਥੇਬੰਦ ਨਹੀਂ ਕਰ ਸਕੀਆਂ ? ਲੋਕਾਂ ਨੂੰ ਆਪਣੇ ਨਾਲ ਲੈ ਕੇ ਇਥੇ ਲੋਕ-ਹਿੱਤ ਦਾ ਪੈਂਤੜਾ ਮਜ਼ਬੂਤੀ ਨਾਲ ਨਹੀਂ ਬੰਨ੍ਹ ਸਕੀਆਂ ? ਨਾ ਆਪ ਮਾਰਕਸਵਾਦ ਨੂੰ ਵਰ ਸਕੀਆਂ ਅਤੇ ਨਾ ਹੀ ਕਾਮਿਆਂ, ਕਿਰਤੀਆਂ ਨੂੰ ਇਸ ਦੇ ਲੜ ਲਾ ਸਕੀਆਂ ? ਆਪਣੇ ਲੋਕਾਂ ਦੀ

ਆਤਮਾ ਨੂੰ ਸਮਝਣੋਂ ਹੁਣ ਤਕ ਇਹ ਪਾਰਟੀਆਂ ਨਾਅੈਹਲ ਕਿਉਂ ਸਾਬਿਤ ਹੋਈਆਂ ਹਨ ? ਹੁਣ
ਤਕ ਹਾਲਤ "ਢਾਈ ਟੋਟਰੂ, ਡੇਹਰਾ ਫਤਹਿਆਂਬਾਦ" ਵਾਲੀ ਕਿਉਂ ਹੈ ?

ਆਪਣੇ ਲੋਕ ਕਿਥੇ ਖੜੋਤੇ ਹਨ ? ਉਹਨਾਂ ਦੀ ਚੇਤਨਤਾ ਦਾ ਪਧਰ ਕੀਹ ਹੈ ? ਉਹਨਾਂ ਦੀਆਂ
ਆਰਥਕ, ਸਮਾਜਕ, ਮਨੋਵੇਗਕ ਸਮਸਿਆਵਾਂ ਕੀਹ ਹਨ ? ਇਸ ਸਭ ਕਾਸੇ ਨੂੰ ਸਮਝਣਾ, ਗਹਿਰਾਈ
ਵਿਚ ਤੇ ਬਾਰੀਕਬੀਨੀ ਨਾਲ ਸਮਝਣਾ ਹਰ ਮਾਰਕਸਵਾਦੀ ਪਾਰਟੀ ਲਈ ਉਤਨਾ ਹੀ ਜ਼ਰੂਰੀ ਹੈ
ਜਿਤਨਾ ਕਿ ਉਸ ਲਈ ਮਾਰਕਸਵਾਦ ਨੂੰ ਪੜ੍ਹਣਾ ਤੇ ਸਮਝਣਾ । ਬਲਕਿ ਇਹ ਅਮਲ ਹੈ ਹੀ ਦੂਵੱਲਾ ।
ਇਕੱਠਾ ਚਲਣਾ ਚਾਹੀਦਾ ਹੈ । ਜਿਹੜੀ ਮਾਰਕਸਵਾਦੀ ਪਾਰਟੀ ਮਾਰਕਸਵਾਦ ਦਾ 'ਭਾਰਤੀਕਰਨ',
'ਪੰਜਾਬੀਕਰਨ' ਨਹੀਂ ਕਰਦੀ (ਜਿਵੇਂ ਮਾਓ ਨੇ ਇਸ ਦਾ 'ਚੀਨੀਕਰਨ' ਕੀਤਾ ਸੀ) ਉਹ
ਮਾਰਕਸਵਾਦ ਦੇ ਤੱਤ ਨੂੰ ਆਪਣੇ ਲੋਕਾਂ ਦੀ ਸੋਚ, ਮਹਿਸੂਸ ਕਰਨ ਦੀ ਸ਼ਕਤੀ, ਸਭਿਆਚਾਰ,
ਸੰਸਕਾਰਾਂ, ਜਜ਼ਬਿਆਂ, ਸੁਫ਼ਨਿਆਂ, ਰੀਝਾਂ ਨਾਲ ਜੋੜ ਨਹੀਂ ਸਕਦੀ । ਅਜਿਹੀ ਪਾਰਟੀ ਲੋਕਾਂ ਦੀ
ਸਮੁਚੀ ਜ਼ਿੰਦਗੀ ਨਾਲ ਘਿਉ-ਖਿਚੜੀ ਨਹੀਂ ਹੋ ਸਕਦੀ ।

ਇਨਕਲਾਬ ਤਾਂ ਆਖ਼ਰ ਲੋਕਾਂ ਨੇ ਲਿਆਉਣਾ ਹੈ । ਲੋਕਾਂ ਦਾ ਬਦਲ ਕਮਿਊਨਿਸਟ ਪਾਰਟੀ
ਨਹੀਂ ਹੋ ਸਕਦੀ । ਨਾ ਹੀ ਲੋਕਾਂ ਦੀ ਸਰਗਰਮੀ ਤੇ ਜਦੋ-ਜਹਿਦ ਦਾ ਬਦਲ ਕਮਿਊਨਿਸਟ ਪਾਰਟੀ
ਦੀ ਸਰਗਰਮੀ ਤੇ ਜਦੋਜਹਿਦ ਹੈ । ਆਪਣੇ ਲੋਕਾਂ ਨੂੰ ਹੀ ਹੁਣ ਤਕ ਨਾ ਸਮਝਣ ਦੀ ਜਿਹੜੀ ਘੋਰ
ਭੁਲ ਸਾਡੀਆਂ ਮਾਰਕਸਵਾਦੀ ਪਾਰਟੀਆਂ ਦੀ ਲੀਡਰਸ਼ਿਪ ਨੇ ਕੀਤੀ ਹੈ ਅਤੇ ਜਿਸ ਤਰ੍ਹਾਂ ਹੁਣ ਤਕ
ਇਹ ਆਪਣੇ ਟੀਚੇ ਵਲ ਵਧਣੋਂ ਅਸਫਲ ਰਹੀ ਹੈ, ਉਸ ਦੇ ਪਿਛੇ ਦੋਹਾਂ 'ਚੋਂ ਇਕ ਕਾਰਨ ਹੋ
ਸਕਦਾ ਹੈ : **ਪਹਿਲਾ**—ਇਹ ਲੀਡਰਸ਼ਿਪ ਕਮਅਕਲ ਸੀ, ਯਬਲ ਸੀ । ਨਾ ਇਸ ਨੂੰ ਮਾਰਕਸਵਾਦ
ਦੀ ਸਮਝ ਸੀ ਅਤੇ ਨਾ ਹੀ ਆਪਣੇ ਲੋਕਾਂ ਦੀ ਨਬਜ਼ 'ਤੇ ਉਂਗਲੀ ਰਖਣੀ ਇਸ ਨੂੰ ਆਈ । ਘੜੇ
ਘੜਾਏ, ਕਿਤਾਬਾਂ 'ਚੋਂ ਚੁਕੇ ਜਾਂ ਦੂਸਰੇ ਦੇਸ਼ਾਂ ਦੀਆਂ ਪਾਰਟੀਆਂ ਦੇ ਤਜਰਬੇ 'ਚੋਂ ਲਏ ਚੰਦ
ਇਕ ਫਾਰਮੂਲਿਆਂ ਦੀ ਮਦਦ ਨਾਲ ਇਸ ਇਥੇ ਡੰਗ ਟਪਾਉਣਾ ਚਾਹਿਆ । ਤੁੱਕਾ ਲਗਾ ਨਹੀਂ...ਅਤੇ
**ਦੂਸਰਾ**—ਇਸ ਲੀਡਰਸਿਪ ਦਾ ਕੁਝ ਜਾਂ ਕਾਫੀ ਭਾਗ ਅੰਦਰੋਂ ਖੋਟਾ, ਬੇਈਮਾਨ, ਕੁਰੱਪਟ ਤੇ
ਸੁਆਰਥੀ ਸੀ । ਇਹ ਭਾਗ ਆਪਣੇ ਦਾਲ-ਮੰਡੇ ਦੀ ਫਿਕਰ ਵਿਚ ਜ਼ਿਆਦਾ ਰਿਹਾ । ਕਾਮਿਆਂ,
ਕਿਰਤੀਆਂ ਦੀ ਲਹਿਰ ਵਧਾਉਣ ਵਲ ਇਸ ਕੀ ਧਿਆਨ ਦੇਣਾ ਸੀ ! ਸੁਆਰਥ ਬੰਦੇ ਦੇ ਹੱਡਾਂ
ਵਿਚ ਪਾਣੀ ਪਾ ਦੇਂਦਾ ਹੈ । ਉਸ ਨੂੰ ਖੱਸੀ ਤੇ ਨਿਕਾਰਾ ਕਰ ਦੇਂਦਾ ਹੈ । ਅਜਿਹੀ ਲੀਡਰਸ਼ਿਪ
ਨੇ ਲੋਕਾਂ ਨੂੰ ਪਿੱਠ ਤਾਂ ਦਿਤੀ ਹੀ ਹੁੰਦੀ ਹੈ; ਫਿਰ ਉਹ ਸੱਚ ਨੂੰ ਝੂਠ ਤੇ ਝੂਠ ਨੂੰ ਸੱਚ ਸਾਬਿਤ ਕਰਨ
ਲਈ ਦਿਮਾਗੀ ਕਲਾਬਾਜ਼ੀਆਂ ਲਾਉਂਦੀ ਹੈ । ਆਪਣੀ ਜ਼ਮੀਰ ਦੀ ਆਵਾਜ਼ ਨੂੰ ਨਪਦੀ ਹੈ; ਆਤਮਾ
ਦਾ ਗਲਾ ਘੁਟਦੀ ਹੈ । ਆਪਣੀ ਹਰ ਸਿਆਹੀ ਸਫ਼ੈਦੀ ਲਈ ਦਲੀਲਾਂ ਦੇ ਅੰਬਾਰ ਲਾਉਂਦੀ ਹੈ ।

ਸ਼ਾਇਦ ਸਾਡੀਆਂ ਮਾਰਕਸਵਾਦੀ ਪਾਰਟੀਆਂ ਦੀ ਅਧੋਗਤੀ ਦੇ ਇਹ ਦੋਵੇਂ ਕਾਰਨ ਹੋਣ ।
ਇਹਨਾਂ ਕਾਰਨਾਂ ਨੂੰ ਫੋਲਣਾ, ਜ਼ਿਲ੍ਹੇ, ਸੂਬਾਈ ਤੇ ਕੇਂਦਰੀ ਲੀਡਰਸ਼ਿਪ ਨੂੰ ਸਾਣ 'ਤੇ ਚੜ੍ਹਾਉਣਾ ਹੀ
ਇਸ ਵੇਲੇ ਮਾਰਕਸਵਾਦੀ ਲਹਿਰ ਨੂੰ ਨਵੇਂ ਸਿਰਿਉਂ ਉਜਾਗਰ ਕਰਨ ਵਲ ਪਹਿਲਾ ਤੇ ਜ਼ਰੂਰੀ
ਕਦਮ ਹੈ ।

ਇਸ ਵਿਸ਼ੇ 'ਤੇ ਆਏ ਪ੍ਰਤੀਕਰਮਾਂ ਨੂੰ, ਵਿਸ਼ਲੇਸ਼ਣਾ ਨੂੰ, ਬਾਰੀਕਬੀਨੀ ਤੇ ਸੁਹਿਰਦਤਾ ਨਾਲ
ਕੀਤੀ ਗਈ ਵਿਚਾਰ ਨੂੰ ਅਸੀਂ **ਸੇਧ** ਦੇ ਅਗਲੇ ਅੰਕਾਂ ਵਿਚ ਜੀਊ-ਆਇਆਂ ਕਹਾਂਗੇ ।

—ਗੁਰਵੇਲ ਸਿੰਘ ਪੰਨੂੰ



ਪ੍ਰੋ. ਕਿਸ਼ਨ ਸਿੰਘ

## ਮਾਓ ਦੀ ਆਰਥਕ ਨੀਤੀ

ਪੰਜਾਬੀ ਵਿਚ ਕਹਾਵਤ ਹੈ ਕਿ ਪੈਸਾ ਬੰਦੇ ਦੇ ਹੱਥਾਂ ਦੀ ਮੈਲ ਹੈ । ਮਾਰਕਸਵਾਦ ਸਪੱਸ਼ਟ ਦਸਦਾ ਹੈ ਕਿ ਸਮਾਜ ਵਿਚ ਜੋ ਵੀ ਪਦਾਰਥਕ ਕਦਰ (material value) ਪੈਦਾ ਹੁੰਦੀ ਹੈ, ਉਹ ਮਨੁਖ ਦੇ, ਕਾਮੇ ਦੇ ਕੀਤੇ ਕੰਮ ਤੋਂ ਹੁੰਦੀ ਹੈ । ਸਮਾਜ ਵਿਚ ਪੈਦਾਵਾਰ ਮਨੁਖ ਦੀ ਮਿਹਨਤ ਕਰਦੀ ਹੈ । ਸਰਮਾਇਆ ਲੇਬਰ ਦੀ ਇਕੱਠੀ ਹੋਈ; ਜਮ੍ਹਾਂ ਹੋਈ, ਜੰਮੀ ਹੋਈ ਮਿਹਨਤ, ਕੀਤਾ ਹੋਇਆ ਕੰਮ ਹੈ ।

ਗੁਰਬਾਣੀ ਕਹਿੰਦੀ ਹੈ ਕਿ ਸਮਕਾਲੀ ਸਮਾਜ਼ ਵਿਚ, ਜਮਾਤੀ ਸਮਾਜ ਵਿਚ ਮਨੁਖ ਉਤੇ ਮਾਇਆ ਦਾ ਬੰਧਨ ਹੈ । ਮਾਰਕਸਵਾਦ ਦਸਦਾ ਹੈ ਕਿ ਸਰਮਾਇਦਾਰੀ ਵਿਚ ਮਨੁਖ ਸਰਮਾਏ ਦੇ ਅਧੀਨ ਹੈ ।

ਸਰਮਾਇਦਾਰੀ ਵਿਚ ਮਨੋਰਥ ਵਧ ਤੋਂ ਵਧ ਪੈਦਾਵਾਰ ਹੁੰਦਾ ਹੈ, ਮਨੁਖ ਪੈਦਾਵਾਰ ਕਰਨ ਦਾ ਵਸੀਲਾ ਬਣ ਜਾਂਦਾ ਹੈ । ਮਨੁਖ ਕੇਂਦਰ ਵਿਚ ਨਹੀਂ ਰਹਿੰਦਾ, ਮਨੋਰਥ ਨਹੀਂ ਰਹਿੰਦਾ । ਮਾਰਕਸਵਾਦ ਦੇ ਮੁਤਾਬਿਕ, ਮਾਓਵਾਦ ਦੇ ਮੁਤਾਬਿਕ ਪੈਦਾਵਾਰ ਮਨੁਖ **ਲਈ ਹੈ । ਕੇਂਦਰ ਵਿਚ ਮਨੁਖ ਹੈ । ਮਨੁਖ ਮਨੋਰਥ ਹੈ ।**

ਸਮਾਜਵਾਦ ਦੀ ਉਸਾਰੀ ਦਾ ਮਤਲਬ ਪੈਦਾਵਾਰ ਦੇ ਰਿਸ਼ਤਿਆਂ ਦੀ, ਸਮਾਜਕ ਰਿਸ਼ਤਿਆਂ ਦੀ, ਕੰਮ ਦੀ ਪਰੇਰਨਾ ਦੀ, ਮਨੁਖ ਦੀ ਕਿਸਮ ਦੀ, ਉਸ ਦੇ ਮਨੋਰਥਾਂ ਦੀ ਤਬਦੀਲੀ ਹੈ । ਸਮਾਜਵਾਦ ਵਿਚ ਸਰਮਾਏ ਦਾ ਮਨੁਖ 'ਤੇ ਰਾਜ ਨਹੀਂ, ਸਗੋਂ ਮਨੁਖ ਦਾ ਸਰਮਾਏ ਉਤੇ, ਪੈਦਾਵਾਰ ਦੇ ਵਸੀਲਿਆਂ 'ਤੇ ਕਬਜ਼ਾ ਹੈ । ਪੈਦਾਵਾਰ ਦੇ ਵੇਗ ਵਿਚ ਕੰਮ ਕਰਦੇ ਕਾਰਿੰਦਿਆਂ ਦਾ ਪੈਦਾਵਾਰ ਦੀਆਂ ਸ਼ਕਤੀਆਂ ਨੂੰ, ਪੈਦਾਵਾਰ ਦੇ ਵਸੀਲਿਆਂ ਨੂੰ, ਹੋਈ ਪੈਦਾਵਾਰ ਨੂੰ ਸਾਂਝੇ ਤੌਰ 'ਤੇ ਵਰਨਾ ਹੈ ।

ਇਨਕਲਾਬ ਦੇ ਆਇਆਂ ਜਾਗੀਰਦਾਰਾਂ ਕੋਲੋਂ ਖੋਹ ਕੈ ਜ਼ਮੀਨ ਕਿਸਾਨ-ਕਾਮਿਆਂ ਨੂੰ ਤਾਂ ਦਿੱਤੀ ਹੀ ਜਾਂਦੀ ਹੈ । ਇਸ ਨਾਲ ਰੂਸ ਤੇ ਚੀਨ ਵਰਗੇ ਸਨਅਤੀ ਤੌਰ 'ਤੇ ਪਛੜੇ ਹੋਏ, ਬਹੁਤ ਹੱਦ ਤਕ ਕਾਸ਼ਤਕਾਰੀ ਮਲਕਾਂ ਵਿਚ ਕਾਫ਼ੀ ਹੱਦ ਤਕ ਦਰਮਿਆਨੇ ਦਰਜੇ ਦਾ ਕਿਸਾਨੀ ਤਬਕਾ ਪੈਦਾ ਹੋ ਜਾਂਦਾ ਹੈ । ਜਿਸ ਤਰ੍ਹਾਂ ਲੈਨਿਨ ਨੇ ਦਸਿਆ ਹੈ ਇਸ ਤਬਕੇ ਦੇ ਕਿਸਾਨ ਦੇ ਦੋ ਪਹਿਲੂ ਹਨ । ਇਕ ਪਾਸੇ ਤੋਂ ਇਹ ਹੱਥੀਂ ਕੰਮ ਕਰਦਾ ਹੈ, ਵਰਕਰ ਹੈ । ਦੂਸਰੇ ਪਾਸੇ ਤੋਂ ਆਪਣੀ ਲੋੜੋਂ ਵਾਧੂ ਆਪਣੀ ਕੀਤੀ ਪੈਦਾਵਾਰ ਨੂੰ ਮੰਡੀ ਵਿਚ ਲਿਜਾਂਦਾ ਹੈ । ਵਧ ਤੋਂ ਵਧ ਭਾਅ 'ਤੇ ਵੇਚਣ ਦੀ ਤਾੜ ਰਹਿੰਦਾ ਹੈ । ਵਰਕਰ ਹੋਣ ਦੇ ਬਾਵਜੂਦ, ਬਿਉਪਾਰੀ ਦੀ ਜ਼ਹਿਨੀਅਤ ਉਸ ਦੀ ਬਣਤਰ

ਦਾ ਜਿਗਰੀ ਅੰਗ ਹੁੰਦੀ ਹੈ। ਉਸ ਦੀ ਇਹ ਛੋਟੇ ਪੈਮਾਨੇ 'ਤੇ ਪੈਦਾਵਾਰ ਅਤੇ ਉਸ ਦੀ ਬਿਉਪਾਰੀ ਜ਼ਹਿਨੀਅਤ ਸਰਮਾਇਦਾਰੀ ਵਾਸਤੇ ਜ਼ਰਖੇਜ਼ ਭੋਂ ਹੈ। ਇਸ ਆਰਥਕ, ਮਨੁਖੀ ਭੋਂ ਨੂੰ ਖ਼ਤਮ ਕੀਤਿਆਂ ਬਗ਼ੈਰ ਸਮਾਜਵਾਦ ਨਹੀਂ ਉੱਸਰ ਸਕਦਾ। ਸਮਾਜਵਾਦ ਦੀ ਉਸਾਰੀ ਵਾਸਤੇ ਸਨਅਤੀ ਖੇਤਰ ਦਾ ਹੀ ਸਾਂਝਿਆਂ ਹੋਣਾ ਕਾਫ਼ੀ ਨਹੀਂ; ਕਾਸ਼ਤਕਾਰੀ ਖੇਤਰ ਦਾ ਵੀ ਸਾਂਝਿਆਂ ਹੋਣਾ ਲਾਜ਼ਮੀ ਹੈ। ਪੈਦਾਵਾਰ ਦੇ ਸਭ ਵਸੀਲਿਆਂ ਦਾ ਸਾਂਝੇ ਹੋਣਾ ਜ਼ਰੂਰੀ ਹੈ। ਸਮਾਜਵਾਦ ਦੀ ਉਸਾਰੀ ਵਾਸਤੇ ਵਰਕਰਾਂ ਦਾ ਪੈਦਾਵਾਰ ਦੀਆਂ ਸ਼ਕਤੀਆਂ ਤੇ ਵਸੀਲਿਆਂ ਨੂੰ ਵਰਨਾ ਲਾਜ਼ਮੀ ਹੈ। ਉਹ ਵਰ ਹੀ ਇਨ੍ਹਾਂ ਨੂੰ ਸਾਂਝੇ ਤੌਰ 'ਤੇ ਸਕਦੇ ਹਨ। ਇਸ ਵਾਸਤੇ ਪੈਦਾਵਾਰ ਦੇ ਵਸੀਲਿਆਂ ਨੂੰ ਸਾਂਝੀ ਪੱਧਰ 'ਤੇ ਲਿਆਉਣ ਤੋਂ ਬਗ਼ੈਰ, ਸਾਂਝੇ ਤੌਰ 'ਤੇ ਵਰਨ ਦੇ ਰਾਹ ਪੈਣ ਤੋਂ ਬਗ਼ੈਰ ਸਮਾਜਵਾਦ ਦੀ ਉਸਾਰੀ ਦਾ ਰਾਹ ਨਹੀਂ ਖੁਲ੍ਹਦਾ।

ਰੂਸੀ ਪਾਰਟੀ ਜ਼ਬਾਨੀ ਜਮ੍ਹਾਂ ਖ਼ਰਚ ਵਿਚ ਤਾਂ ਕਹਿੰਦੀ ਸੀ ਕਿ ਨੀਂਹ ਤੇ ਉਸਾਰ ਦਾ ਆਪਸ ਵਿਚ ਰਿਸ਼ਤਾ ਡਾਇਲੈਕਟਿਕ ਹੈ ਅਤੇ ਉਸਾਰ ਦਾ ਨੀਂਹ ਉਤੇ ਮੋੜਵਾਂ ਅਸਰ ਹੁੰਦਾ ਹੈ। ਪਰ ਆਪਣੇ ਅਮਲ ਵਿਚ ਉਹ ਨੀਂਹ ਨੂੰ ਹੀ ਕਾਰਨ ਸਮਝਦੀ ਸੀ; ਇਸ ਲਈ ਉਸ ਨੂੰ ਹੀ ਪਹਿਲ ਦੇਂਦੀ ਸੀ। ਉਹ ਇਸ ਨਤੀਜੇ 'ਤੇ ਪਹੁੰਚੀ ਕਿ ਕਾਸ਼ਤਕਾਰੀ ਖੇਤਰ ਵਿਚੋਂ ਸਰਮਾਇਦਾਰੀ ਦੀ ਭੋਂ ਦਾ ਖਾਤਮਾਂ ਮਸ਼ੀਨ ਦੇ ਪ੍ਰਵੇਸ਼ ਤੋਂ ਬਗ਼ੈਰ ਮੁਮਕਿਨ ਨਹੀਂ। ਉਸ ਦੇ ਮੁਤਾਬਿਕ ਮਸਲੇ ਦਾ ਹਲ ਸੀ—ਕਾਸ਼ਤਕਾਰੀ ਵਿਚ ਟਰੈਕਟਰ ਦਾ, ਮਸ਼ੀਨ ਦਾ ਪ੍ਰਵੇਸ਼। ਅਤੇ ਉਸ ਦੀ ਵਰਤੋਂ ਦੇ ਆਧਾਰ 'ਤੇ ਕੁਲੈਕਟਿਵ ਦੀ ਸਥਾਪਨਾ। ਉਸ ਦਾ ਸਾਰਾ ਵਿਸ਼ਵਾਸ ਹੀ ਚੂੰਕਿ ਪਦਾਰਥਕ ਹਾਲਾਤ ਦੀ ਤਬਦੀਲੀ ਉਤੇ ਸੀ, ਇਸ ਵਾਸਤੇ ਉਸ ਨੇ ਇਹ ਮੁਮਕਿਨ ਹੀ ਨਾ ਸਮਝਿਆ ਕਿ ਇਸ ਦਸ਼ਾ ਵਿਚ ਉਸਾਰ ਪਹਿਲ ਕਰ ਸਕਦਾ ਹੈ, ਅਤੇ ਆਪਣੇ ਅਨੁਕੂਲ ਨੀਂਹ ਉਸਾਰ ਸਕਦਾ ਹੈ। ਉਸ ਦਾ ਵਿਸ਼ਵਾਸ ਹੀ ਚੂੰਕਿ ਨੀਂਹ ਵਿਚ, ਪਦਾਰਥਕ ਹਾਲਾਤ ਦੀ ਤਬਦੀਲੀ ਵਿਚ ਸੀ, ਉਸ ਨੇ ਮਨੁਖ ਦੇ ਰੋਲ ਨੂੰ ਛੁਟਿਆਇਆ, ਨਜ਼ਰ-ਅੰਦਾਜ਼ ਕੀਤਾ। ਇਸ ਮਸਲੇ ਦੇ ਹਲ ਵਾਸਤੇ ਉਹ ਵਿਚਾਰਧਾਰਕ ਸਿਆਸੀ ਜਮਾਤੀ ਜਦੋ-ਜਹਿਦ ਦੇ ਰਾਹ ਨਾ ਪਈ। ਕਲਚਰਲ ਇਨਕਲਾਬ ਨਾ ਲਿਆਂਦਾ। ਨੀਂਹ ਦੀ ਤਬਦੀਲੀ ਤੋਂ ਪਹਿਲਾਂ ਉਸ ਨੇ ਕਿਸਾਨੀ ਤਬਕੇ ਦੀ ਚੇਤਨਤਾ ਵਿਚ ਤਬਦੀਲੀ ਲਿਆਉਣਾ ਮੁਮਕਿਨ ਨਾ ਸਮਝਿਆ।

ਮਾਓ ਦੇ ਸਾਹਮਣੇ ਵੀ ਪੇਸ਼ ਮਸਲਾ ਤਾਂ ਇਹ ਹੀ ਸੀ। ਪਰ ਇਸ ਦਸ਼ਾ ਵਿਚ ਇਸ ਦੇ ਹਲ ਵਾਸਤੇ ਉਸ ਨੇ ਪਹਿਲ ਉਸਾਰ ਨੂੰ ਦਿੱਤੀ। ਮਨੁਖ ਦੇ ਰੋਲ ਨੂੰ, ਉਸ ਦੀ ਚੇਤਨਤਾ ਦੇ ਰੋਲ ਨੂੰ ਬੁਨਿਆਦੀ ਸਮਝਿਆ। ਨੀਂਹ ਦੇ ਤਬਦੀਲ ਹੋਣ ਤਕ, ਮਸ਼ੀਨ ਦੇ ਆਉਣ ਤਕ ਨਹੀਂ ਉਡੀਕਿਆ। ਵਿਚਾਰਧਾਰਕ ਸਿਆਸੀ ਜਮਾਤੀ ਜਦੋਜਹਿਦ ਦਾ ਆਸਰਾ ਲਿਆ। ਉਸ ਨੂੰ ਆਪਣੀ ਨੀਤੀ ਦਾ ਆਧਾਰ ਬਣਾਇਆ। ਕਿਸਾਨੀ ਤਬਕੇ ਦੀ ਚੇਤਨਤਾ ਨੂੰ ਤਬਦੀਲ ਕਰਨ 'ਤੇ ਕੋਸ਼ਿਸ਼ ਕੇਂਦਰਤ ਕੀਤੀ। ਖੇਤ ਵਿਚ ਮਸ਼ੀਨ ਦੇ ਆਉਣ ਤੋਂ ਪਹਿਲਾਂ ਹੀ, ਚੇਤਨਤਾ ਦੇ ਆਧਾਰ ਉਤੇ ਹੀ ਕਮਿਊਨ ਖੜੀ ਕਰ ਦਿੱਤੀ। ਸਨਅਤੀ ਖੇਤਰ ਦੇ ਨਾਲ ਹੀ ਕਾਸ਼ਤਕਾਰੀ ਦੇ ਖੇਤਰ ਦੇ ਪੈਦਾਵਾਰ ਦੇ ਵਸੀਲਿਆਂ ਨੂੰ ਸਾਂਝ ਦੀ ਪੱਧਰ 'ਤੇ ਲੈ ਆਂਦਾ। ਆਪਣੇ ਅਨੁਸਾਰੀ ਨੀਂਹ ਉਸਾਰਨ ਦਾ ਕੰਮ, ਮਸ਼ੀਨੀ ਨੀਂਹ ਉਸਾਰਨ ਦਾ ਕੰਮ ਵੀ ਉਸਾਰ ਦੇ ਜ਼ੁਮੇਂ ਲਾ ਦਿਤਾ। ਵਿਚਾਰਧਾਰਕ ਸਿਆਸੀ ਜਮਾਤੀ ਜਦੋ-ਜਹਿਦ ਦੇ ਸਿਰ ਪਾ ਦਿਤਾ। ਕਲਚਰਲ ਇਨਕਲਾਬ ਨੂੰ ਸੌਂਪ ਦਿਤਾ।

ਬੁਰਜਵਾ ਆਰਥਕ ਉਸਾਰੀ ਹਮੇਸ਼ਾਂ ਪੂੰਜੀ ਦੇ ਜ਼ੋਰ 'ਤੇ ਹੁੰਦੀ ਹੈ। (Capital intensive)।



ਇਸ ਵਾਸਤੇ ਇਹ ਸਭ ਵਰਕਰਾਂ ਨੂੰ ਕੰਮ 'ਤੇ ਨਹੀਂ ਲਾ ਸਕਦੀ। ਬੇਰੋਜ਼ਗਾਰੀ ਇਸ ਦੇ ਹੱਡਾਂ ਦਾ ਰੋਗ ਹੁੰਦੀ ਹੈ। ਜਦੋਂ ਸਾਡੇ ਵਰਗੇ ਸੰਘਣੀ ਆਬਾਦੀ ਵਾਲੇ, ਸਨਅਤੀ ਤੌਰ 'ਤੇ ਪਛੜੇ ਮੁਲਕ ਵਿਚ ਆਰਥਕ ਉਸਾਰੀ ਦਾ ਪੈਟਰਨ ਬੁਰਜਵਾ ਹੋਵੇ ਤਾਂ ਉਥੇ ਹਰ ਨਵਾਂ ਜੰਮਦਾ ਬੱਚਾ ਖਾਣ ਨੂੰ ਮੰਗਦਾ ਢਿੱਡ ਹੀ ਲੱਗਦਾ ਹੈ। ਉਸਾਰੀ ਦਾ ਪੈਟਰਨ ਚੂੰਕਿ ਕੈਪੀਟਲ ਇਨਟੈਨਸਿਵ ਹੁੰਦਾ ਹੈ, ਉਸ ਨੂੰ ਉਸ ਦੇ ਕੰਮ ਮੰਗਦੇ ਹੱਥ ਨਹੀਂ ਦਿਸਦੇ। ਮਨੁਖ ਚੂੰਕਿ ਮਨੋਰਥ ਨਹੀਂ ਹੁੰਦਾ, ਪੈਦਾਵਾਰ ਕਰਨ ਦਾ ਵਸੀਲਾ ਹੁੰਦਾ ਹੈ ਇਸ ਵਾਸਤੇ ਮਨੁਖ ਸਮਾਜ ਦੀ ਸਭ ਨਾਲੋਂ ਵਡਮੁਲੀ ਦੌਲਤ ਨਹੀਂ ਲਗਦਾ। ਸਾਰਾ ਰਾਮ ਰੌਲਾ ਵਾਧੂ, ਬੇਲੋੜੀ ਆਬਾਦੀ ਦਾ ਹੀ ਹੁੰਦਾ ਹੈ। ਉਸਾਰੀ ਦੇ ਇਸ ਪੈਟਰਨ ਨੂੰ ਮਨੁਖ ਬੇਲੋੜਾ, ਸਸਤਾ, ਵਾਧੂ, ਬੋਝਲ ਸ਼ੈਅ ਹੀ ਲਗਦਾ ਹੈ। ਮਾਰਕਸਵਾਦ ਦਾ, ਮਾਓਵਾਦ ਦਾ ਨਜ਼ਰੀਆ ਇਸ ਦੇ ਐਨ ਉਲਟ ਹੈ। ਉਸ ਦੇ ਵਾਸਤੇ ਮਨੁਖ ਮਨੋਰਥ ਹੈ। ਮਨੁਖ ਕੇਂਦਰ ਵਿਚ ਹੈ। ਮਨੁਖ ਆਪਣੇ ਆਪ ਵਿਚ ਸਭ ਤੋਂ ਵੱਡਮੁਲੀ ਦੌਲਤ ਹੈ। ਮਾਰਕਸਵਾਦ ਸਰਮਾਏ ਦਾ ਤਹਿਤ ਗਵਾਰਾ ਨਹੀਂ ਕਰਦਾ। ਦੂਸਰੇ ਲਫ਼ਜ਼ਾਂ ਵਿਚ, ਮਾਰਕਸਵਾਦ labour intensive ਉਸਾਰੀ ਦੇ ਪੈਟਰਨ ਨੂੰ ਸਹੀ ਸਮਝਦਾ ਹੈ। ਮਾਰਕਸਵਾਦ ਮਨੁਖ ਤੋਂ ਮਾਇਆ ਦਾ ਬੰਧਨ ਕਟਦਾ ਹੈ। ਮਨੁਖ ਆਪਣੀ ਆਜ਼ਾਦੀ ਦੇ ਰਾਹੇ ਪੈਂਦਾ ਹੈ।

ਚੀਨੀ ਕਮਿਊਨਿਸਟ ਪਾਰਟੀ ਨੇ ਇਨਕਲਾਬ ਲਿਆਂਦਾ। ਉਸ ਦੇ ਸਾਹਮਣੇ ਸਥਿਤੀ ਸਪੱਸ਼ਟ ਸੀ। ਮੁਲਕ ਵਿਚ ਆਬਾਦੀ ਘਣੀ ਸੀ ਅਤੇ ਸਰਮਾਇਆ ਘਟ। ਸਥਿਤੀ ਦੇ ਤੱਥਾਂ ਅਤੇ ਮਾਓਵਾਦ ਨੇ ਰਾਹ ਲੇਬਰ-ਇਨਟੈਨਸਿਵ ਆਰਥਕ ਉਸਾਰੀ ਦੇ ਪੈਟਰਨ ਦਾ ਹੀ ਵਿਖਾਇਆ। ਮਾਓਵਾਦ ਨੂੰ ਮੁਲਕ ਦੀ ਘਣੀ ਆਬਾਦੀ ਖਾਣ ਨੂੰ ਮੰਗਦੇ ਢਿੱਡ ਹੀ ਨਹੀਂ ਜਾਪੇ, ਕੰਮ ਕਰਨ ਨੂੰ ਮੰਗਦੇ ਹੱਥ ਵੀ ਦਿਸੇ। ਮਨੁਖ, ਹੋਈ ਪੈਦਾਵਾਰ ਦੀ ਖਪਤ ਕਰਦਾ ਹੀ ਨਾ ਦਿਸਿਆ, ਸਮਾਜ ਦੀ ਦੌਲਤ ਦਾ ਸੋਮਾਂ ਵੀ ਲੱਗਾ। ਮਾਓ ਨੇ ਮਾਰਕਸਵਾਦ ਦਾ ਬੁਨਿਆਦੀ ਸੱਚ ਗ੍ਰਹਿਣ ਕੀਤਾ ਕਿ ਸਭ ਪਦਾਰਥਕ ਕੀਮਤਾਂ, ਪਦਾਰਥਕ ਪੈਦਾਵਾਰ ਮਨੁਖ ਦੇ ਹੱਥਾਂ ਦੀ ਮਿਹਨਤ ਹੈ। ਇਸ ਸੱਚ ਨੂੰ ਉਸ ਨੇ ਅਮਲ ਵਿਚ ਲਿਆਦਾ। ਜਿਸ ਤਰ੍ਹਾਂ ਉਸ ਨੇ ਇਸ ਸੱਚ ਦੀ ਅਮਲ ਵਿਚ ਤਰਜਮਾਨੀ ਕੀਤੀ, ਉਹ ਮਾਓਵਾਦ ਦੀ ਆਰਥਕ ਨੀਤੀ ਹੈ, ਆਰਥਕ ਉਸਾਰੀ ਦਾ ਪੈਟਰਨ ਹੈ।

ਸਰਮਾਇਦਾਰੀ ਵਿਚ ਆਰਥਕ ਉਸਾਰੀ ਦਾ ਪੈਟਰਨ ਚੂੰਕਿ ਕੈਪੀਟਲ ਇਨਟੈਨਸਿਵ ਹੁੰਦਾ ਹੈ, ਇਸ ਵਾਸਤੇ ਉਥੇ ਸਵਾਲ ਹੱਥ ਵਿਚਲੇ ਵਸੀਲਿਆਂ (resources) ਨੂੰ ਕਿਸੇ ਤਰਤੀਬ ਨਾਲ ਲਾਉਣ ਦਾ ਹੁੰਦਾ ਹੈ। ਮਾਓਵਾਦ ਦੇ ਮੁਤਾਬਿਕ ਸਵਾਲ ਹਥਲੇ ਵਸੀਲਿਆਂ ਦੀ ਵੰਡ ਦਾ ਹੀ ਨਹੀਂ। ਲੁਕੇ ਵਸੀਲਿਆਂ (latent resources) ਨੂੰ ਕੱਢਣ ਦਾ, ਕੰਮ ਵਿਚ ਲਿਆਉਣ ਦਾ ਵੀ ਹੈ। ਮਾਓਵਾਦ ਦੇ ਮੁਤਾਬਿਕ ਸਭ ਨਾਲੋਂ ਵੱਡਾ ਵਸੀਲਾ ਮਰੇ ਲੇਬਰ ਦੀ ਮੇਹਨਤ, ਹੱਥ-ਵਿਚਲਾ ਸਰਮਾਇਆ ਨਹੀਂ (ਜਿੰਨਾਂ ਉਹ ਹੈ ਉਹ ਤਾਂ ਹੈ ਹੀ—ਪਰ ਉਥੇ ਬਸ ਨਹੀਂ। ਉਸ ਨੇ ਆਪਣੇ ਤੋਂ ਅਗੇ ਵਾੜ ਨਹੀਂ ਕਰ ਦਿੱਤੀ ਕਿ ਅਗੇ ਜਾਇਆ ਹੀ ਨਹੀਂ ਜਾ ਸਕਦਾ) ਸਗੋਂ ਉਸ ਦੇ ਲਈ ਵੱਡਾ ਵਸੀਲਾ ਜੀਊਂਦਾ ਲੇਬਰ ਹੈ, ਜੀਊਂਦੇ ਮਨੁਖ ਦੀ ਕੰਮ ਕਰਨ ਦੀ, ਪੈਦਾਵਾਰ ਕਰਨ ਦੀ ਸ਼ਕਤੀ ਹੈ। ਜੀਊਂਦੇ ਮਨੁਖਾਂ ਦੀ ਸ਼ਕਤੀ ਉਨ੍ਹਾਂ ਦੇ ਮਨੋਰਥਾਂ, ਉਨ੍ਹਾਂ ਦੀ ਚੇਤਨਤਾ ਦੇ ਹੱਥ ਹੁੰਦੀ ਹੈ। ਸੋ ਮਾਓਵਾਦ ਆਪਣੀ ਕਾਫੀ ਰਾਸ ਆਰਥਕ ਉਸਾਰੀ ਦੇ ਵਿਦਿਅਕ ਪਹਿਲੂ 'ਤੇ ਲਾਉਂਦਾ ਹੈ, ਵਿਚਾਰਧਾਰਕ ਸਿਆਸੀ ਜਮਾਤੀ ਜਦੋ-ਜਹਿਦ 'ਤੇ ਖ਼ਰਚ ਕਰਦਾ ਹੈ। ਮਾਓਵਾਦ ਦੀ ਜਨਤਕ ਲਾਈਨ ਦੀ ਨੀਤੀ ਸਿਰਫ਼ ਸਿਆਸਤ ਵਿਚ ਹੀ ਨਹੀਂ, ਸਗੋਂ

ਆਰਥਕ ਉਸਾਰੀ ਵਿਚ ਵੀ ਚਲਦੀ ਹੈ। ਉਹ ਲੋਕਾਂ ਦੀ ਸੁਤੀ, ਸੁਸਤ ਹੋਈ ਸ਼ਕਤੀ ਨੂੰ ਜਗਾਉਂਦਾ ਹੈ। ਵਿਹਲੀ ਨੂੰ ਕੰਮ 'ਤੇ ਲਾਉਂਦਾ ਹੈ। ਮਾਓਵਾਦ ਇਨਕਲਾਬੀ ਜੋਸ਼ ਨਾਲ ਵਰਕਰ ਨੂੰ ਕੰਮ ਦੇ ਹਵਾਲੇ ਹੀ ਨਹੀਂ ਕਰ ਦੇਂਦਾ, ਸਗੋਂ ਕੰਮ ਨੂੰ ਜ਼ਿੰਦਗੀ ਦੇ ਰਾਸ ਕਰਦਾ ਹੈ।

ਕੰਮ ਜੇ ਗੁਲੱਮ ਨਾ ਹੋਵੇ, ਵਿਜੋਗਿਆ ਹੋਇਆ ਨਾ ਹੋਵੇ, ਇਹ ਮਨੁਖ ਦੀ ਸਫਲਤਾ, ਸੰਪੂਰਨਤਾ ਦਾ ਵਸੀਲਾ ਹੁੰਦਾ ਹੈ। ਮਨੁੱਖੀ ਜ਼ਿੰਦਗੀ ਮੁਸ਼ੱਕਤ ਵਾਸਤੇ ਹੀ ਨਹੀਂ ਬਣੀ; ਕੰਮ ਮਨੁਖ ਦੀ ਜ਼ਿੰਦਗੀ ਵਾਸਤੇ ਬਣਿਆ ਹੈ। ਵਰਕਰ ਨੂੰ, ਮਨੁਖ ਨੂੰ ਨਿਰੇ ਕੰਮ ਜੋਗਾ ਹੀ ਕਰ ਦੇਣਾ ਉਸ ਨਾਲ, ਉਸ ਦੀ ਜ਼ਿੰਦਗੀ ਨਾਲ ਧਰੋਹ ਹੈ। ਕੰਮ ਨਾਲ ਵਰਕਰ ਦਾ ਲੱਕ ਤੋੜਨਾ, ਉਸ ਦੇ ਹੱਡ ਘਸਾਉਣਾ, ਉਸ ਦੀ ਹਾਂਗਿਆਂ ਭੰਨਣ ਤਕ ਜਾਣਾ ਬੁਰਜਵਾਜੀ ਦਾ, ਇਕਾਨੋਮਿਜ਼ਮ ਦਾ ਖ਼ਾਸਾ ਹੈ। ਉਨ੍ਹਾਂ ਵਾਸਤੇ ਮਨੋਰਥ ਹੀ ਵਧ ਤੋਂ ਵਧ ਪੈਦਾਵਾਰ ਹੁੰਦਾ ਹੈ। ਵਰਕਰ ਹੁੰਦਾ ਹੀ ਪੈਦਾਵਾਰ ਕਰਨ ਦਾ ਵਸੀਲਾ ਹੈ। ਮਾਰਕਸਵਾਦ ਵਾਸਤੇ, ਮਾਓਵਾਦ ਵਾਸਤੇ ਮਨੁਖ ਮਨੋਰਥ ਹੈ, ਉਸ ਦੀ ਸਫਲਤਾ, ਉਸ ਦੀ ਮਨੁਖਤਾ ਦੀ ਉਸਾਰੀ ਮਨੋਰਥ ਹੈ। ਸੋ ਮਾਓਵਾਦ ਮਨੁਖ ਕੋਲੋਂ ਕੰਮ ਵਾਜਬ ਹੱਦ ਤਕ ਹੀ ਲੈਂਦਾ ਹੈ। ਚੂੰਕਿ ਉਸ ਲਈ ਮਨੁਖ ਮਨੋਰਥ ਹੈ, ਮਨੁਖ ਉਸ ਨੂੰ ਪਿਆਰਾ ਹੈ ਇਸ ਵਾਸਤੇ ਉਹ ਵਰਕਰ ਕੋਲੋਂ ਕੰਮ ਤਰੀਕੇ ਨਾਲ, ਢੰਗ ਨਾਲ, ਅਕਲ ਨਾਲ (rational use of labour) ਲੈਂਦਾ ਹੈ। ਵਰਕਰ ਦੀ ਸ਼ਕਤੀ ਨੂੰ ਐਵੇਂ ਤੋਂ ਸਾਵੀਂ, ਭੰਗ ਦੇ ਭਾੜੇ ਨਹੀਂ ਗਵਾਉਂਦਾ। ਉਹ ਮਨੁਖ ਨੂੰ ਲਾਹੇਵੰਦੀ ਜਾਂ ਘਾਟੇਵੰਦੀ ਵਸਤੂ ਕਰਕੇ ਨਹੀਂ ਵੇਖਦਾ। ਉਸ ਦੇ ਵਾਸਤੇ ਤਾਂ ਜਗ ਦੇ ਸਾਰੇ ਸਿਲਸਿਲੇ ਦਾ, ਸਾਰੇ ਸਮਾਜਕ ਅਡੰਬਰ ਦਾ ਮਨੋਰਥ ਹੀ ਮਨੁਖ ਹੈ। ਉਹ ਇਸ ਗੱਲ 'ਤੇ ਦ੍ਰਿੜ ਹੈ ਕਿ ਅਜ ਦੇ ਪ੍ਰਸੰਗ ਵਿਚ, ਮਨੁਖ ਦੇ ਹੱਥਾਂ ਨੂੰ ਕੰਮ ਕਰਨ ਨੂੰ ਮਿਲੇ ਸਹੀ, ਜਿੰਨਾਂ ਢਿੱਡ ਖਾਣ ਨੂੰ ਮੰਗਦਾ ਹੈ ਉਹ ਉਸ ਨਾਲੋਂ ਵਧੇਰੇ ਪੈਦਾ ਕਰ ਸਕਦੇ ਹਨ। ਸਮਾਜਵਾਦ ਦੀ ਉਸਾਰੀ ਦੇ ਸਾਹਮਣੇ ਇਕ ਪੇਸ਼ ਮਸਲਾ ਆਪੋ ਆਪਣੀ, ਛੋਟੇ ਪੈਮਾਨੇ ਦੀ ਕਾਸ਼ਤਕਾਰੀ ਨੂੰ ਸਾਂਝੀ ਤੇ ਵਡੇ ਪੈਮਾਨੇ ਦੀ ਕਾਸ਼ਤਕਾਰੀ ਵਿਚ ਤਬਦੀਲ ਕਰਨ ਦਾ ਹੈ। ਜਮਾਤੀ ਸਮਾਜ ਵਾਲੀ, ਸਰਮਾਇਦਾਰੀ ਵਾਲੀ ਆਪੋ ਧਾਪੀ ਖ਼ਤਮ ਕਰਨ ਦਾ ਹੈ। ਕੰਮ ਦੀ ਪਰੇਰਨਾ ਨੂੰ, ਮਨੁਖੀ ਮਨੋਰਥਾਂ ਨੂੰ ਸਾਂਝ ਦੇ ਅਨੁਸਾਰੀ ਕਰਨ ਦਾ ਹੈ।

ਸਮਾਜ ਦਾ, ਪੈਦਾਵਾਰ ਦਾ ਕੰਮ ਮਨੁਖ ਦੇ ਹੱਥਾਂ ਨੇ ਹੀ ਕਰਨਾ ਹੈ। ਇਹ ਦੋ ਤਰ੍ਹਾਂ ਕਰਾਇਆ ਜਾ ਸਕਦਾ ਹੈ। **ਇਕ** ਭੁਖ ਦੇ ਡਰ ਨਾਲ, ਉਸ ਦੇ ਡੰਡੇ ਨਾਲ। ਜਿਸ ਤਰ੍ਹਾਂ ਵਰਕਰਾਂ ਕੋਲੋਂ ਸਰਮਾਇਦਾਰੀ ਕਰਾਉਂਦੀ ਹੈ, ਇਕਾਨੋਮਿਜ਼ਮ ਕਰਾਉਂਦਾ ਹੈ। ਇਸ ਦੇ ਵਿਰੁਧ **ਦੂਸਰਾ** ਸਮਾਜਵਾਦ ਦਾ, ਜਨਤਕ ਲਾਈਨ ਦਾ ਤਰੀਕਾ ਹੈ। ਇਹ ਸਪੱਸ਼ਟ ਹੈ ਕਿ ਸਰਮਾਇਦਾਰੀ ਤੇ ਇਕਾਨੋਮਿਜ਼ਮ ਜਨਤਕ ਲਾਈਨ ਦਾ ਤਰੀਕਾ ਨਹੀਂ ਵਰਤ ਸਕਦੇ। ਇਹ ਤਰੀਕਾ ਵਰਤਿਆ ਤਾਂ ਹੀ ਜਾ ਸਕਦਾ ਹੈ ਜੇ ਮਨੁਖ ਮਨੋਰਥ ਹੋਵੇ, ਪੈਦਾਵਾਰ ਕਰਨ ਦਾ ਸਿਰਫ਼ ਵਸੀਲਾ ਹੀ ਨਾ ਹੋਵੇ, ਜੇ ਸਭ ਪੈਦਾਵਾਰ ਲੋਕਾਂ ਦੇ ਹਿੱਤ ਵਾਸਤੇ, ਉਨ੍ਹਾਂ ਦੀ ਜ਼ਿੰਦਗੀ ਦੀ ਉਸਾਰੀ ਵਾਸਤੇ ਹੋਵੇ। ਆਰਥਕ ਖੇਤਰ ਵਿਚ ਮਾਓਵਾਦ ਦੀ ਜਨਤਕ ਲਾਈਨ ਦੀ ਨੀਤੀ ਦਾ ਪਹਿਲਾ ਕਦਮ ਹੈ—**ਲੋਕਾਂ ਦੀਆਂ ਮੰਗਾਂ, ਲੋੜਾਂ, ਜ਼ਰੂਰਤਾਂ ਦੀ ਸ਼ਨਾਖ਼ਤ**। ਉਨ੍ਹਾਂ ਉਤੇ ਉਂਗਲ ਰਖਣਾ। ਫਿਰ ਉਨ੍ਹਾਂ ਦੀ ਪੂਰਤੀ ਵਾਸਤੇ ਨੀਤੀ। ਉਸ ਨੀਤੀ ਦੀ ਅਮਲ ਵਿਚ ਤਰਜਮਾਨੀ। ਅਤੇ ਸਭ ਕੰਮ 'ਤੇ ਲੋਕਾਂ ਦਾ ਫ਼ੈਸਲਾ, ਉਨ੍ਹਾਂ ਦੀ ਆਲੋਚਨਾ। ਏਸੇ ਰਾਹੇ ਚੱਕਰ ਤੇ ਚੱਕਰ ਦਾ ਚਲੀ ਜਾਣਾ।

ਜਨਤਕ ਲਾਈਨ ਦੀ ਨੀਤੀ ਵਾਸਤੇ ਲਾਜ਼ਮੀ ਹੈ—ਲੋਕਾਂ ਦੀ ਚੇਤਨਤਾ ਦੀ ਉਸਾਰੀ, ਉਨ੍ਹਾਂ ਦੇ ਅਮਲ ਤੇ ਉਨ੍ਹਾਂ ਦੀ ਚੇਤਨਤਾ ਦੀ ਏਕਤਾ। ਚੁਕੇ ਜਾ ਰਹੇ ਕਦਮਾਂ ਤੇ ਅਪਨਾਈ ਜਾ ਰਹੀ ਨੀਤੀ



ਨੂੰ ਲੋਕਾਂ ਦੀ ਜਾਗਰਤੀ ਦੀ ਸਟੇਜ ਦੇ ਨਾਲ ਸਬੰਧਤ, ਉਸ ਦੇ ਅਨੁਕੂਲ ਰਖਣਾ ਲਾਜ਼ਮੀ ਹੈ। ਜਨਤਕ ਲਾਈਨ ਜਨਤਕ ਲਾਈਨ ਰਹਿ ਹੀ ਨਹੀਂ ਸਕਦੀ ਜੇ ਨੀਤੀ ਲੋਕਾਂ ਦੀ ਚੇਤਨਤਾ ਦੇ ਸਿਰ ਉਤੋਂ ਦੀ ਲੰਘਦੀ ਹੋਵੇ, ਜੇ ਉਹ ਨੀਤੀ ਉਨ੍ਹਾਂ ਦਾ ਆਪਣਾ ਫ਼ੈਸਲਾ ਨਾ ਬਣੇ। ਲੋਕਾਂ ਨੇ ਸਿਖਣਾ ਆਪਣੀ ਹੱਡ ਬੀਤੀ ਤੋਂ, ਆਪਣੇ ਅਮਲ ਤੋਂ, ਆਪਣੇ ਅਮਲ ਤੋਂ ਹੋਏ ਤਜਰਬੇ ਤੋਂ ਹੈ। ਇਸ ਵਾਸਤੇ ਨੀਤੀ ਦਾ ਲੋਕਾਂ ਦੀ ਚੇਤਨਤਾ ਦੇ ਨਾਲ ਕਦਮ ਨਾਲ ਕਦਮ ਮਿਲਾ ਕੇ ਚਲਣਾ ਬੁਨਿਆਦੀ ਗੱਲ ਹੈ। ਹਥਲੇ ਵਸੀਲਿਆਂ ਤੋਂ ਇਲਾਵਾ ਮਾਓਵਾਦ ਦੀ ਬੁਨਿਆਦ ਹੀ ਲੁਕੇ ਹੋਏ, ਅਣਵਰਤੀਂਦੇ, ਵਾਧੂ ਪਏ ਪਦਾਰਥਕ ਤੇ ਮਨੁਖੀ ਵਸੀਲਿਆਂ ਨੂੰ ਵਰਤੋਂ ਵਿਚ, ਵਿਕਾਸ ਵਿਚ ਲਿਆਉਣਾ ਹੈ। ਇਸ ਵਾਸਤੇ ਲਾਜ਼ਮੀ ਹੈ ਕਿ ਜੋ ਹੋ ਰਿਹਾ ਹੈ ਉਹ ਨਾ ਸਿਰਫ਼ ਅਮਲੀ ਤੌਰ 'ਤੇ ਲੋਕਾਂ ਦੇ ਹਿੱਤ ਦਾ ਹੋਵੇ ਬਲਕਿ ਆਪਣੇ ਤਜਰਬੇ ਤੋਂ ਲੋਕਾਂ ਨੂੰ ਸਪੱਸ਼ਟ ਦਿਸਦਾ ਹੋਵੇ ਕਿ ਇਹ ਉਨ੍ਹਾਂ ਦੇ ਹਿੱਤ ਦੀ ਪੂਰਤੀ ਹੈ। **ਦੂਸਰੇ**, ਜੋ ਕਰਨ ਲੋਕ ਆਪ ਕਰਨ, ਆਪਣੀ ਲੋੜ ਨੂੰ, ਆਪਣੇ ਪੌਰਖ, ਆਪਣੇ ਉਦਮ ਨਾਲ, ਆਪਣੇ ਤਜਰਬੇ ਤੋਂ ਸਿਖੀ ਅਕਲ ਨਾਲ ਕਰਨ। ਆਪਣੇ ਤਜਰਬੇ ਨੂੰ ਵਿਸ਼ਾਲ ਕਰਨਾ ਉਨ੍ਹਾਂ ਨੂੰ ਉਨ੍ਹਾਂ ਦੀ ਆਪਣੀ ਲੋੜ ਲੱਗੇ।

ਜਿਸ ਤਰ੍ਹਾਂ ਪਿਛੇ ਦਸਿਆ ਗਿਆ ਹੈ ਹਰ ਕਿਸਾਨ ਦੀ ਆਪੋ ਆਪਣੀ ਢਾਈ ਪਾ ਦੀ, ਛੋਟੇ ਪੈਮਾਨੇ ਦੀ ਕਾਸ਼ਤਕਾਰੀ ਸਮਾਜਵਾਦ ਦੇ ਵਿਰੁਧ ਸਰਮਾਇਦਾਰੀ ਨੂੰ ਵਾਜਾਂ ਮਾਰਦੀ ਹੈ। ਉਸ ਨੂੰ ਸਾਂਝੀ ਕਾਸ਼ਤਕਾਰੀ ਵਿਚ ਤਬਦੀਲ ਕਰਨਾ ਸਮਾਜਵਾਦ ਦੀ ਉਸਾਰੀ ਵਾਸਤੇ ਵੱਡਾ ਮਸਲਾ ਹੈ। ਮਾਓਵਾਦ ਇਕੋ ਸੋਟੇ ਨਾਲ ਤਿੰਨ ਸੱਪ ਮਾਰਦਾ ਹੈ। **ਇਕ** ਤਾਂ ਉਹ ਪਿੰਡ ਦੇ ਸੀਨ 'ਤੇ ਵਾਧੂ ਲੇਬਰ ਨੂੰ ਸਰਮਾਏ ਦੀ ਥਾਂ ਲਾਉਂਦਾ ਹੈ। ਹਰ ਕੋਈ ਜਾਣਦਾ ਹੈ ਕਿ ਪਿੰਡ ਵਿਚ ਲੇਬਰ ਅਣਵਰਤਿਆ ਰਹਿੰਦਾ ਹੈ। ਸਰਮਾਇਦਾਰੀ ਵਾਲੇ ਇਸ ਨੂੰ 'ਮੌਸਮੀ ਬੇਰੋਜ਼ਗਾਰੀ' ਆਖਦੇ ਹਨ। **ਦੂਸਰੇ**, ਉਹ ਕਿਸਾਨਾਂ ਨੂੰ ਉਨ੍ਹਾਂ ਦੇ ਆਪਣੇ ਤਜਰਬੇ ਤੋਂ ਸਾਬਤ ਕਰਕੇ ਵਿਸ਼ਵਾਸ ਦਵਾਉਣਾ ਚਾਹੁੰਦਾ ਹੈ ਕਿ ਆਪੋ ਆਪਣੀ ਢਾਈ ਪਾ ਨਾਲੋਂ ਸਾਂਝੀ ਕਾਸ਼ਤਕਾਰੀ ਲਾਹੇਵੰਦੀ ਹੈ। **ਤੀਸਰੇ**, ਉਹ ਪਿੰਡ ਨੂੰ ਸ਼ਹਿਰ ਦੀ ਸਨਅਤ ਵਾਸਤੇ ਕੱਚੇ ਮਾਲ ਦਾ ਖੇਤਰ ਨਹੀਂ ਰਹਿਣ ਦੇਣਾ ਚਾਹੁੰਦਾ। ਉਹ ਪਿੰਡ ਦੇ ਸੀਨ ਉਤੇ ਵੀ ਸਨਅਤ ਉਸਾਰਨੀ ਚਾਹੁੰਦਾ ਹੈ ਤਾਕਿ ਇਸ ਤਰ੍ਹਾਂ ਸ਼ਹਿਰ ਤੇ ਪਿੰਡ ਦਾ ਆਪਸ ਵਿਚ ਵਿਰੋਧ ਤੇ ਪਾੜਾ ਮਿਟੇ। ਸਰਮਾਇਦਾਰੀ ਵਾਲੀ ਕੰਮ ਦੀ ਵੰਡ ਦਾ ਇਹ ਖ਼ਾਸਾ ਖ਼ਤਮ ਹੋਣ ਦੇ ਰਾਹੇ ਪਵੇ।

**ਮਾਓਵਾਦ ਪਿੰਡ ਦੇ ਇਸ ਵਾਧੂ ਲੇਬਰ ਨੂੰ ਪਿੰਡ ਵਿਚ ਹੀ, ਪਿੰਡ ਦੇ ਆਸ ਪਾਸ ਹੀ ਕੰਮ ਦੇਂਦਾ ਹੈ।** ਇਹ ਲੇਬਰ ਘਰੋਂ ਹੀ ਖਾ ਕੇ ਜਾਂਦਾ ਹੈ ਅਤੇ ਘਰ ਹੀ ਆਣ ਖਾਂਦਾ ਹੈ। ਜਾਂ ਆਪਣੀ ਰੋਟੀ ਪੱਲੇ ਬੰਨ੍ਹ ਕੇ ਲੈ ਜਾਂਦਾ ਹੈ। ਮਤਲਬ ਹੈ ਕਿ ਖਾਂਦਾ ਉਹ ਹੀ ਹੈ ਜੋ ਇਸ ਨੇ ਉਂਜ ਵੀ ਖਾਣਾ ਸੀ ਅਤੇ ਕੰਮ ਵਾਧੂ ਦਾ ਹੋ ਜਾਂਦਾ ਹੈ। ਵਾਧੂ ਹੋਇਆ ਕੰਮ ਲੇਬਰ ਦੀ ਸਰਮਾਏ ਵਿਚ ਤਬਦੀਲੀ ਹੈ। **ਦੂਸਰੇ**, ਇਹ ਲੇਬਰ ਹੱਥ ਹੇਠ ਹੀ ਰਹਿੰਦਾ ਹੈ। ਜਦੋਂ ਖੇਤੀ ਦੇ ਕੰਮ ਦੀ ਭਰਮਾਰ ਪਈ ਇਹ ਓਧਰ ਲਗ ਜਾਂਦਾ ਹੈ। ਖੇਤੀ ਦੇ ਕੰਮ ਦਾ ਕੋਈ ਨੁਕਸਾਨ ਨਹੀਂ ਹੁੰਦਾ। **ਤੀਸਰੇ**, ਸਾਂਝੀ ਕਾਸ਼ਤਕਾਰੀ ਵਾਸਤੇ ਸੰਦਾਂ ਦੀ, ਵਗਦੇ ਪਸ਼ੂਆਂ ਦੀ, ਥੋੜ੍ਹ ਬਹੁਤ ਪੈਸੇ ਦੀ ਜੋ ਲੋੜ ਹੁੰਦੀ ਹੈ ਉਹ ਗਭਲੇ ਦਰਜੇ ਦੇ ਕਿਸਾਨ ਕੋਲ ਹੁੰਦੇ ਹੀ ਹਨ। ਉਸ ਦੇ ਕੋਆਪਰੇਟਿਵ ਦੇ ਮੈਂਬਰ ਬਣਨ ਨਾਲ ਉਹ ਵੀ ਸਰ ਜਾਂਦਾ ਹੈ। **ਚੌਥੇ**, ਇਹ ਵਾਧੂ ਲੇਬਰ ਲਾਇਆ ਐਸੇ ਕੰਮ 'ਤੇ ਜਾਂਦਾ ਹੈ ਜੋ ਕਾਸ਼ਤਕਾਰੀ ਨੂੰ ਫ਼ੌਰੀ ਸਹਾਇਕ ਹੁੰਦਾ ਹੈ। ਸਿਆਲ ਦਾ ਕੀਤਾ ਹਾੜ੍ਹ ਵਿਚ ਕੰਮ ਆ ਜਾਂਦਾ ਹੈ।

ਅਗਲੀ ਫ਼ਸਲ ਦੀ ਆਮਦਨ ਵਧਾਉਂਦਾ ਹੈ। ਏਸ ਤਰ੍ਹਾਂ ਫਸਲੋ ਫਸਲੀ, ਸਾਲ ਬਸਾਲ ਕੰਮ ਵਧਦਾ ਤੁਰਿਆ ਜਾਂਦਾ ਹੈ।

ਇਹ ਸਪੱਸ਼ਟ ਹੈ ਕਿ ਇਹ ਵਾਧੂ ਲੇਬਰ ਲਾਇਆ ਉਸ ਕੰਮ 'ਤੇ ਜਾਂਦਾ ਹੈ ਜੋ ਸਾਰੇ ਲੋੜੀਂਦਾ ਸਮਝਣ, ਜੋ ਸਾਰਿਆਂ ਦਾ ਆਪਣਾ ਕੀਤਾ ਫ਼ੈਸਲਾ ਹੋਵੇ, ਜਿਸ ਤੋਂ ਨਵੀਂ ਉਸਾਰੀ ਦਾ, ਹੋਰ ਆਮਦਨ ਦਾ ਰਾਹ ਖੁਲ੍ਹਦਾ ਦਿੱਸੇ। ਸ਼ੁਰੂ ਸ਼ੁਰੂ ਵਿਚ ਇਹ ਕੰਮ ਹੁੰਦੇ ਕੈਸੇ ਹਨ? ਕਾਸ਼ਤਕਾਰੀ ਦੇ ਆਪਣੇ ਜਾਂ ਉਸ ਦੇ ਨਾਲ ਲਗਵੇਂ। ਖ਼ਰਾਬ ਪਈ ਜ਼ਮੀਨ ਨੂੰ ਵਾਹੀ ਦੇ ਸੂਤ ਕਰਨਾ। ਜ਼ਮੀਨ ਦੀ ਸਿੰਜਾਈ ਵਾਸਤੇ ਸਥਾਨਕ ਸੰਭਾਵਨਾਵਾਂ 'ਚੋਂ ਬੰਦੋਬਸਤ ਕਰਨਾ। ਜਦੋਂ ਹਲਾਂ ਹੇਠ ਰਕਬਾ ਵਧ ਗਿਆ, ਸਿੰਜਾਈ ਹੋਣ ਨਾਲ ਇਕ ਤੋਂ ਦੋ ਜਾਂ ਤਿੰਨ ਫਸਲਾਂ ਹੋਣ ਲੱਗ ਪਈਆਂ, ਖੇਤੀ ਉਤੇ ਕੁਦਰਤੀ ਲੇਬਰ ਦੀ ਲੋੜ ਵਧ ਜਾਵੇਗੀ। ਜਦੋਂ ਲੇਬਰ ਦੀ ਘਾਟ ਹੁੰਦੀ ਦਿੱਸੀ, ਧਿਆਨ ਲੇਬਰ ਬਚਾਉਣ ਵਾਲੀ ਮਸ਼ੀਨ ਵਲ ਜਾਵੇਗਾ। ਉਧਰੋਂ, ਇਸ ਵਾਧੂ ਲੇਬਰ ਲੱਗਣ ਨਾਲ ਕੋਆਪਰੇਟਿਵ ਦੀ ਜੋ ਆਮਦਨ ਵਧੀ ਉਹ ਇਸ ਅਧ ਪਚੱਧ ਮਸ਼ੀਨੀਕਰਨ ਦਾ ਸਾਰ ਦੇਂਦੀ ਹੈ। ਮਸ਼ੀਨ ਦੀ ਵਰਤੋਂ ਨਾਲ ਹੋਰਥੇ, ਖੇਤੀ ਦੇ ਨਾਲ ਲਗਵੇਂ ਕੰਮਾਂ ਵਿਚ ਲਗਣ ਨੂੰ ਲੇਬਰ ਫੇਰ ਮਿਲ ਗਿਆ। ਨਾਲੇ ਕੰਮ ਕਰਦੀ ਮਸ਼ੀਨ ਦੀ ਮਦਦ ਹੋ ਗਈ। ਏਸ ਤਰ੍ਹਾਂ ਕੰਮ ਅਗਲੀ ਪੌੜੀ ਚੜ੍ਹਦਾ ਗਿਆ। ਕਾਸ਼ਤਕਾਰੀ ਮਸ਼ੀਨ ਦੇ ਪਟੇ 'ਤੇ ਚੜ੍ਹਨ ਲਗ ਪਈ। ਹੋਰ ਆਮਦਨ, ਹੋਰ ਮਸ਼ੀਨ ਦਾ ਚੱਕਰ ਚਲ ਪੈਂਦਾ ਹੈ। ਕਾਸ਼ਤਕਾਰੀ ਨੂੰ ਮਸ਼ੀਨ ਦੇ ਪਟੇ 'ਤੇ ਚੜ੍ਹਾਉਣ ਦਾ ਕੰਮ ਆਪਣੇ ਪੈਰਾਂ 'ਤੇ ਖੜੇ ਜਾਂਦਾ ਹੈ। ਆਪਦੇ ਸਥਾਨਕ ਪੈਦਾ ਕੀਤੇ ਸਰਮਾਏ ਦੇ ਆਧਾਰ 'ਤੇ ਚਲਣ ਦੇ ਰਾਹੇ ਪੈ ਜਾਂਦਾ ਹੈ। ਪਿੰਡ ਦੀ ਆਰਥਕਤਾ, ਨਾਲ ਲਗਵੇਂ ਖੇਤਰਾਂ ਵਿਚ ਵੀ ਪਸਰਨੀ ਸ਼ੁਰੂ ਹੋ ਜਾਂਦੀ ਹੈ। ਜਿਸ ਮਸ਼ੀਨ ਦੀ ਲੋੜ ਪਈ ਉਹ ਸਥਾਨਕ ਬਣਨ ਲਗ ਪੈਂਦੀ ਹੈ। ਸਾਰੇ ਮੁਲਕ ਦੀ ਆਰਥਕਤਾ ਚੂੰਕਿ ਇਕਾਈ ਹੈ, ਲੋੜੀਂਦੀ ਜਾਣਕਾਰੀ, ਲੋੜ ਪਵੇ ਤਾਂ ਸਨਅਤ ਦਾ ਰਹਿੰਦ ਖੂੰਧ ਮਾਲ ਵੀ ਮਿਲ ਜਾਂਦਾ ਹੈ। ਪਿੰਡ ਦੀ ਜਾਨ ਕਾਸ਼ਤਕਾਰੀ ਦੇ ਇਕੱਲੇ ਧਾਗੇ ਨਾਲ ਲਟਕਣੋਂ ਹਟ ਜਾਂਦੀ ਹੈ। **ਮਾਓਵਾਦ ਦੀ ਆਰਥਕ ਨੀਤੀ ਲੋੜ ਪਹਿਲਾਂ ਪੈਦਾ ਕਰਦੀ ਹੈ। ਪਈ ਲੋੜ 'ਤੇ ਰਾਹ ਲਭਣਾ ਹੀ ਪੈਂਦਾ ਹੈ।**

ਬੁਨਿਆਦੀ ਮਸਲਾ ਕਾਸ਼ਤਕਾਰੀ ਵਿਚੋਂ ਵੀ ਆਰਥਕ ਸਮਾਜਕ ਉਸਾਰੀ ਵਾਸਤੇ ਸਰਮਾਇਆ ਪੈਦਾ ਕਰਨ ਦਾ ਹੈ। ਸਰਮਾਇਦਾਰੀ ਤੇ ਇਕਾਨੋਮਿਜ਼ਮ ਦਾ ਖ਼ਾਸਾ ਹੀ ਕਿਸਾਨ ਦਾ ਢਿੱਡ ਧੋਣਾ ਹੈ। ਉਹ ਸਰਮਾਇਆ ਸਮਝਦੇ ਹੀ ਉਸ ਨੂੰ ਹਨ ਜੋ ਕਿਸਾਨ ਦੇ ਪਲਿਉਂ ਖੁਸ ਕੇ ਜਾਂ ਤਾਂ ਸਿੱਧਾ ਹੀ ਟੈਕਸ ਦੀ ਸ਼ਕਲ ਵਿਚ ਸਟੇਟ ਦੇ ਹੱਥ ਆ ਜਾਵੇ ਅਤੇ ਜਾਂ ਸਨਅਤੀ ਮਾਲ ਦੀ ਦਿੱਤੀ ਕੀਮਤ ਬਣਕੇ ਸਨਅਤੀ ਖੇਤਰ ਵਿਚ ਆ ਜਾਵੇ। ਮੁਕਦੀ ਗੱਲ ਕਿਸਾਨ ਦੇ ਆਪਣੇ ਕੋਲ ਨਾ ਰਹੇ। ਉਨ੍ਹਾਂ ਦਾ ਖ਼ਾਸਾ ਹੀ ਕਿਸਾਨ ਦਾ ਢਿੱਡ ਧੋਣਾ, ਪਿੰਡ ਨੂੰ ਰੜੇ ਰਖਣਾ ਹੈ। ਇਸ ਵਾਸਤੇ ਉਹ ਸਨਅਤੀ ਮਾਲ ਦੀਆਂ ਕੀਮਤਾਂ ਕਾਸ਼ਤਕਾਰੀ ਦੇ ਪੈਦਾ ਕੀਤੇ ਮਾਲ ਨਾਲੋਂ ਮਹਿੰਗੀਆਂ ਰਖਦੇ ਹਨ। ਇਸ ਵਟਾਂਦਰੇ ਵਿਚ ਕਿਸਾਨ ਨੂੰ ਨੰਗ ਕਰ ਜਾਂਦੇ ਹਨ। ਆਪ ਖੱਟ ਜਾਂਦੇ ਹਨ। ਮਾਓਵਾਦ ਕਾਸ਼ਤਕਾਰੀ ਵਿਚੋਂ ਵੀ ਸਰਮਾਇਆ ਤਾਂ ਪੈਦਾ ਕਰਦਾ, ਇਕੱਠਾ ਕਰਦਾ ਹੈ, ਪਰ **ਇਕ** ਤਾਂ ਉਹ ਸਟੇਟ ਦੇ ਸਰਮਾਏ ਵਾਸਤੇ ਕਾਸ਼ਤਕਾਰੀ ਉਤੇ ਟੈਕਸ ਵਾਜਬ ਲਾਉਂਦਾ ਹੈ। (ਨਿਸ਼ਾਨਾ ਚੂੰਕਿ ਉਸ ਨੂੰ ਲੁਟਣ ਦਾ ਨਹੀਂ।) **ਦੂਸਰੇ,** ਉਹ ਸਨਅਤੀ ਮਾਲ ਤੇ ਕਾਸ਼ਤਕਾਰੀ ਦੇ ਮਾਲ ਦੀਆਂ ਕੀਮਤਾਂ ਸਾਂਵੀਆਂ ਰਖਦਾ ਹੈ। ਉਨ੍ਹਾਂ ਵਿਚ ਹੇਰਾ ਫੇਰੀ ਨਹੀਂ ਕਰਦਾ। **ਤੀਸਰੇ,** ਉਹ ਕਾਸ਼ਤਕਾਰੀ



ਦੀ ਕੋਆਪਰੇਟਿਵ ਦੇ ਪੈਦਾ ਕੀਤੇ ਸਰਮਾਏ ਨੂੰ ਉਸ ਦੇ ਪਾਸ ਹੀ ਰਹਿਣ ਦੇਂਦਾ ਹੈ। ਉਹ ਉਸ ਸਰਮਾਏ ਨੂੰ ਜਿਸ ਤਰ੍ਹਾਂ ਆਪ ਪੈਦਾ ਕਰਦੀ ਹੈ, ਉਸ ਤਰ੍ਹਾਂ ਹੀ ਆਪ ਸਥਾਨਕ ਉਸਾਰੀ ਵਾਸਤੇ ਲਾਉਂਦੀ ਹੈ: ਕਿਸੇ ਕਾਸ਼ਤਕਾਰੀ ਦੀ ਵਿਉਂਤ ਵਿਚ ਲਾਵੇ, ਕਾਸ਼ਤਕਾਰੀ ਨੂੰ ਪਾਲਦੀ ਕਿਸੇ ਸਨਅਤ ਵਿਚ ਲਾਵੇ, ਜਾਂ ਆਪਣੀ ਵਸੋਂ ਦੀਆਂ ਹੋਰ ਲੋੜਾਂ ਦੇ ਮਾਲ ਪੈਦਾ ਕਰਦੀ ਸਨਅਤ 'ਤੇ ਲਾਵੇ। ਉਸਾਰੀ ਦੇ ਜਿਸ ਕੰਮ 'ਤੇ ਵੀ ਲਾਵੇ ਉਹ ਆਪਣੀ ਮਰਜ਼ੀ ਦੀ ਮਾਲਕ ਹੈ। ਮਾਓਵਾਦ ਨੇ ਇਹ ਤੱਥ ਗ੍ਰਹਿਣ ਕੀਤਾ ਹੈ ਕਿ **ਕਿਸਾਨੀ ਤਬਕੇ ਦੀ ਖ਼ੁਸ਼ਹਾਲੀ ਬਾਬਤ ਅਣਗਹਿਲੀ, ਉਸ ਦੀ ਖ਼ੁਸ਼ਹਾਲੀ ਵਿਚ ਕਮੀ ਮੁਲਕ ਦੀ ਸਾਂਝੀ ਸਨਅਤ ਨੂੰ ਫੇਲ੍ਹ ਕਰ ਸਕਦੀ ਹੈ।** ਸੋ ਮਾਓਵਾਦ ਦੀ ਨੀਤੀ ਇਹ ਹੈ ਕਿ **ਕਿਸਾਨ ਦੀ ਖ਼ੁਸ਼ਹਾਲੀ ਲਗਾਤਾਰ, ਸਾਲ-ਬਸਾਲ ਵਧਦੀ ਤੁਰੀ ਜਾਵੇ।**

ਮਾਓਵਾਦ ਇਸ ਤੱਥ ਵਲੋਂ ਅੱਖਾਂ ਨਹੀਂ ਮੀਟਦਾ ਕਿ ਪਰੋਲਤਾਰੀ ਦੀ ਡਿਕਟੇਟਰਸ਼ਿਪ ਦੇ ਅਧੀਨ ਵੀ ਵਸੋਂ ਦੇ ਵਖ ਵਖ ਤਬਕਿਆਂ ਦੇ ਆਪਸ ਵਿਚ, ਲੋਕਾਂ ਦੇ ਰਾਜ-ਪ੍ਰਬੰਧ ਨਾਲ, ਅਤੇ ਵਿਅਕਤੀ ਦੇ ਕੁਲੈਕਟਿਵ ਨਾਲ ਵਿਰੋਧ ਹੁੰਦੇ ਹਨ। ਮਿਸਾਲ ਦੇ ਤੌਰ 'ਤੇ ਕਿਸਾਨੀ ਤਬਕੇ ਦੀ ਆਮਦਨ ਦੀ ਵੰਡ ਵਿਚ **ਤਿੰਨ ਧਿਰਾਂ** ਹਨ। **ਇਕ** ਤਾਂ ਕਿਸਾਨ ਬਿਤੌਰ ਵਿਅਕਤੀ ਆਪਣੀ ਜ਼ਾਤੀ ਆਮਦਨ ਵਿਚ ਵਾਧਾ ਚਾਹੁੰਦਾ ਹੈ। **ਦੂਸਰੇ ਪਾਸੇ,** ਕੁਲੈਕਟਿਵ ਦੀ ਕੁਦਰਤੀ ਖ਼ਾਹਸ਼ ਹੁੰਦੀ ਹੈ ਕਿ ਸਰਮਾਇਆ ਇਕੱਠਾ ਹੋਵੇ, ਅਤੇ ਪੈਦਾਵਾਰ ਦੇ ਨਵੇਂ ਵਸੀਲਿਆਂ ਉਤੇ ਲੱਗੇ। **ਤੀਸਰੀ ਧਿਰ** ਸਟੇਟ ਹੈ ਜੋ ਆਪਣਾ ਸਰਮਾਇਆ ਵਧਾਉਣਾ ਚਾਹੁੰਦੀ ਹੈ। **ਮਾਓਵਾਦ ਇਨ੍ਹਾਂ ਵਿਰੋਧਾਂ ਨੂੰ ਮਾਰੂ-ਵਿਰੋਧ ਨਹੀਂ ਸਮਝਦਾ।** ਉਸ ਦੇ ਮੁਤਾਬਿਕ ਵਿਅਕਤੀ ਦਾ, ਕੁਲੈਕਟਿਵ ਦਾ, ਅਤੇ ਸਟੇਟ ਦਾ ਬੁਨਿਆਦੀ ਤੌਰ 'ਤੇ ਹਿੱਤ ਇਕ ਹੀ ਹੈ। ਸੋ ਇਨ੍ਹਾਂ ਤਿੰਨਾਂ ਧਿਰਾਂ ਦੇ ਹਿੱਤਾਂ ਦੀ ਰਸਾਈ ਹੋ ਸਕਦੀ ਹੈ। ਵਿਗਾੜ ਪਾਉਂਦੀ ਹੈ ਅਫ਼ਸਰਸ਼ਾਹੀ ਅਤੇ ਜੋ ਫ਼ੈਸਲੇ ਹੁੰਦੇ ਹਨ ਲੋਕਾਂ ਦੀਆਂ ਅੱਖਾਂ ਤੋਂ ਪਰੋਖੇ, ਉਨ੍ਹਾਂ ਦੀ ਮਰਜ਼ੀ ਤੋਂ ਬਗੈਰ, ਉਨ੍ਹਾਂ ਦੇ ਸਿਰਾਂ ਤੋਂ ਉਤਾਂਹ ਉਤਾਂਹ ਹੀ। ਸੋ ਸਟੇਟ ਦੇ ਵਾਜਬ ਟੈਕਸ ਤੋਂ ਬਗੈਰ ਮਾਓਵਾਦ ਕੁਲੈਕਟਿਵ ਦੀ ਸਾਰੀ ਆਮਦਨ ਉਸ ਦੇ ਪਾਸ ਹੀ ਰਹਿਣ ਦੇਂਦਾ ਹੈ। ਉਹ ਆਪਣੀ ਮਰਜ਼ੀ ਨਾਲ, ਸਾਂਝੇ ਤੌਰ 'ਤੇ ਅਤੇ ਆਪਣੇ ਫ਼ੈਸਲੇ ਰਾਹੀਂ, ਆਪਣੀ ਲੋੜ ਨੂੰ ਸਥਾਨਕ ਸਨਅਤ ਉਸਾਰਦੀ ਹੈ। ਬਹੁਤ ਸਾਰੇ ਫ਼ੈਸਲੇ ਕੁਲੈਕਟਿਵ ਉਤੇ ਹੀ ਛੱਡ ਦੇਣਾ ਇਕ ਹੋਰ ਨੁਕਤੇ ਤੋਂ ਵੀ ਬਹੁਤ ਸੂਤ ਹੈ। ਨਿਸ਼ਾਨਾ ਤਾਂ ਵਾਧੂ ਅਣਵਰਤੀਂਦੇ ਪਦਾਰਥਕ ਤੇ ਮਨੁਖੀ ਵਸੀਲੇ ਵਰਤਣ ਦਾ ਹੈ। ਕੇਂਦਰ ਵਾਲਿਆਂ ਨੂੰ ਤਾਂ ਪਤਾ ਲਗਣਾ ਹੀ ਮੁਮਕਿਨ ਨਹੀਂ ਹੁੰਦਾ ਕਿ ਕਿਸ ਥਾਂ ਕੀ ਕੁਛ ਹੈ, ਕਿੰਨਾ ਲੇਬਰ ਜਾਂ ਮਾਲ ਵਾਧੂ ਕੀਤਾ ਜਾ ਸਕਦਾ ਹੈ। ਇਹ ਭੇਤ ਸਥਾਨਕ ਲੋਕਾਂ ਨੂੰ ਹੀ ਹੁੰਦਾ ਹੈ। ਉਨ੍ਹਾਂ ਕੋਲੋਂ ਕੋਈ ਨੁਕਰ ਵੀ ਗੁੱਝੀ ਹੋਈ ਨਹੀਂ ਹੁੰਦੀ। ਉਹ ਆਪਣੀਆਂ ਖੁੰਦਰਾਂ, ਆਪਣੇ ਖੀਸੇ ਫੋਲ ਸਕਦੇ ਹਨ। ਸੋ ਸਥਾਨਕ ਪੌਰਖ ਤੇ ਸਥਾਨਕ ਉੱਦਮ 'ਤੇ ਗਲ ਛਡਣੀ ਵਸੀਲਿਆਂ ਦੀ ਵਰਤੋਂ ਵਾਸਤੇ ਲਾਹੇਵੰਦੀ ਹੈ। ਕੇਂਦਰੀ ਪਲਾਨ ਤੇ ਸਥਾਨਕ ਉਦਮ ਦੀ ਆਪਸ ਵਿਚ ਰਾਸ ਰਲਣੀ ਹੀ ਕਾਮਯਾਬੀ ਦਾ ਰਾਹ ਹੈ। ਸਪੱਸ਼ਟ ਹੈ ਕਿ ਇਹ ਸਾਰਾ ਰਾਹ ਮਨੁਖਾਂ ਦੀ ਚੇਤਨਤਾ, ਉਨ੍ਹਾਂ ਦੇ ਮਨੋਰਥਾਂ ਨੂੰ ਸਾਂਝ ਦੇ ਰਾਸ ਕਰਨ ਉਤੇ ਆਧਾਰਤ ਹੈ। ਉਹ ਵਿਚਾਰਧਾਰਕ ਸਿਆਸੀ ਜਮਾਤੀ ਜਦੋ-ਜਹਿਦ ਦੀ ਕਰਨੀ ਹੈ। ਇਸ ਲੀਹੇ ਪੈਣ ਦਾ ਮਤਲਬ ਪਿੰਡ ਦੇ ਸੀਨ ਵਿਚੋਂ ਵਾਧੂ ਲੇਬਰ ਨੂੰ ਲਾਕੇ ਸਰਮਾਇਆ ਪੈਦਾ ਕਰਨਾ ਹੀ ਨਹੀਂ, ਸਰਮਾਏ ਦੀ ਅਣਹੋਂਦ ਦੀ ਹਾਲਤ ਵਿਚ ਸਰਮਾਏ ਦੀ ਥਾਂ ਲੇਬਰ ਨੂੰ ਲਾਉਣਾ ਹੀ ਨਹੀਂ, ਬਲਕਿ ਸਨਅਤੀ ਖੇਤਰ ਵਿਚ ਜੋ

ਟੈਕਨੀਕਲ ਜਾਚ ਆ ਚੁਕੀ ਹੈ ਉਸ ਦਾ ਪ੍ਰਵੇਸ਼ ਕਿਸਾਨੀ ਤਬਕੇ ਵਿਚ ਵੀ ਕਰਾਉਣਾ ਹੈ। ਕਿਸਾਨ ਦੇ ਦਿਮਾਗ਼ ਤੇ ਹੱਥਾਂ ਨੂੰ ਅਜਕਲ ਦੀ ਵਿਗਿਆਨਕ ਟੈਕਨਾਲੋਜੀ ਦੇ ਰਾਸ ਕਰਨਾ ਹੈ। ਟੈਕਨਾਲੋਜੀ ਨੂੰ ਉਸ ਦੀ ਆਰਥਕਤਾ ਵਿਚ ਲਾਉਣਾ ਹੈ। **ਮੁਕਦੀ ਗੱਲ ਸ਼ਹਿਰ ਤੇ ਪਿੰਡ ਦੇ ਆਪਸ ਵਿਚ ਪਾੜੇ ਤੇ ਵਿਰੋਧ ਨੂੰ ਖ਼ਤਮ ਕਰਨਾ ਹੈ।** ਮਾਓਵਾਦ ਦੀ ਨੀਤੀ ਨਾਲ ਪਿੰਡ ਦੇ ਸੀਨ 'ਤੇ ਛੋਟੇ ਪੈਮਾਨੇ ਦੀ, ਗਭਲੇ ਪੈਮਾਨੇ ਦੀ ਸਨਅਤ ਉੱਸਰ ਰਹੀ ਹੈ। ਲੋਹਾ, ਫੌਲਾਦ, ਰਸਾਇਣੀ ਖਾਦਾਂ ਆਦਿ[1] ਸਥਾਨਕ ਲੋੜ ਵਾਸਤੇ ਪੈਦਾ ਹੋ ਰਹੀਆਂ ਹਨ। ਕਮਿਊਨਾਂ ਆਪਣੀਆਂ ਲੋੜਾਂ ਦਾ ਤਕਰੀਬਨ ਸਭ ਸਾਮਾਨ ਆਪ ਪੈਦਾ ਕਰ ਰਹੀਆਂ ਹਨ। ਲੋੜ ਅਨੁਸਾਰ ਆਂਢਣਾਂ ਗੁਆਂਢਣਾਂ ਨਾਲ ਮਾਲ ਦਾ ਲੈਣ ਦੇਣ ਵੀ ਕਰਦੀਆਂ ਹਨ।

ਆਰਥਕ ਉਸਾਰੀ ਵਿਚ ਮਾਓਵਾਦ ਦਾ ਤਰੀਕਾ ਇਹ ਨਹੀਂ ਕਿ ਜਾਂ ਇਹ ਤੇ ਜਾਂ ਉਹ। ਸਗੋਂ ਹੈ—**ਇਹ ਵੀ ਤੇ ਉਹ ਵੀ**। ਸਨਅਤੀ ਉਸਾਰੀ ਦੀ ਧੁਨੀ (The centre of gravity) ਬੁਨਿਆਦੀ ਸਨਅਤ, heavy industry ਹੈ। ਪਰ ਮਾਓਵਾਦ ਦੇ ਮੁਤਾਬਿਕ ਭਾਰੀ ਸਨਅਤ ਉਸਾਰਨ ਦਾ ਰਾਹ ਹਲਕੀ ਸਨਅਤ ਅਤੇ ਕਾਸ਼ਤਕਾਰੀ ਦਾ ਗਲ ਘੁਟਣਾ ਨਹੀਂ, ਸਮਾਜ ਵਿਚ ਖਾਣ ਹੰਢਾਉਣ ਵਾਲੀਆਂ ਚੀਜ਼ਾਂ ਦਾ ਕਾਲ ਪਾਉਣਾ ਨਹੀਂ, ਸਗੋਂ ਇਸ ਦੇ ਐਨ ਉਲਟ ਹੈ। ਮਾਓ ਕਹਿੰਦਾ ਹੈ ਕਿ ਇਸ ਨੁਕਤੇ ਬਾਬਤ ਜੋ ਗ਼ਲਤੀ ਕਈ ਹੋਰਨਾਂ ਸਮਾਜਵਾਦੀ ਮੁਲਕਾਂ ਨੇ ਕੀਤੀ, ਉਹ ਅਸਾਂ ਨਹੀਂ ਕੀਤੀ।[2] ਭਾਰੀ ਸਨਅਤ ਦੀ ਉਸਾਰੀ ਵਾਸਤੇ ਸਾਡੇ ਲੋਕਾਂ ਖਾਣ ਹੰਢਾਉਣ ਦੀਆਂ ਚੀਜ਼ਾਂ ਵਲੋਂ ਹੜਬੂਸੇ ਨਹੀਂ ਲਏ। ਸਾਡੀਆਂ ਮੰਡੀਆਂ ਵਿਚ ਇਨ੍ਹਾਂ ਦੀ ਕੋਈ ਥੁੜੋਂ ਨਹੀਂ ਰਹੀ, ਅਤੇ ਇਨ੍ਹਾਂ ਦੀਆਂ ਕੀਮਤਾਂ ਵੀ ਇਕਸਾਰ ਹੀ ਰਹੀਆਂ ਹਨ। ਕੋਈ ਉਤਰਾਅ ਚੜ੍ਹਾਅ ਨਹੀਂ ਆਇਆ।

ਭਾਰੀ ਸਨਅਤ ਦੀ ਉਸਾਰੀ ਵਾਸਤੇ ਸਰਮਾਇਆ ਚਾਹੀਦਾ ਹੈ। ਮਾਓਵਾਦ ਦੇ ਮੁਤਾਬਿਕ ਰੋਜ਼ਾਨਾ ਲੋੜੀਂਦੀਆਂ ਖਾਣ ਹੰਢਾਉਣ ਦੀਆਂ ਚੀਜ਼ਾਂ ਦੀ ਪੈਦਾਵਾਰ ਜਿੰਨੀ ਜ਼ਿਆਦਾ ਹੋਵੇਗੀ, ਉਨਾ ਹੀ ਜ਼ਿਆਦਾ ਸਰਮਾਇਆ ਇਕੱਠਾ ਹੋਵੇਗਾ। ਹਲਕੀ ਸਨਅਤ ਤੇ ਕਾਸ਼ਤਕਾਰੀ ਵਿਚੋਂ ਸਰਮਾਇਆ ਜ਼ਿਆਦਾ ਤੇ ਛੇਤੀ ਪੈਦਾ ਹੁੰਦਾ ਹੈ।[3] ਮਨੋਰਥ ਹੈ ਭਾਰੀ ਸਨਅਤ ਉਸਾਰਨ ਦਾ। ਰਾਹ ਕੀ ਹੈ? ਹਲਕੀ ਸਨਅਤ ਤੇ ਕਾਸ਼ਤਕਾਰੀ ਨੂੰ ਤਰੱਕੀ ਦੇਣ ਦਾ। ਕਿਸਾਨੀ ਤਬਕੇ ਦੇ ਢਿੱਡ ਧੋਣ ਦਾ ਨਹੀਂ।[4] ਖਾਈ ਹੰਢਾਈ ਦੀਆਂ ਚੀਜ਼ਾਂ ਵਲੋਂ ਵਸੋਂ ਨੂੰ ਹੜਬੂਸੇ ਦੇਣ ਦਾ ਨਹੀਂ। ਇਸ ਨੀਤੀ ਨਾਲ ਆਰਥਕ ਉਸਾਰੀ ਕਾਣੀ ਸਾਣੀ ਨਹੀਂ ਹੁੰਦੀ। ਸਾਰਿਆਂ ਖੇਤਰਾਂ ਵਿਚ ਉਸਾਰੀ ਕੰਨਾਂਘਿਚ ਹੁੰਦੀ ਹੈ। ਕਿਸੇ ਤਬਕੇ ਨੂੰ ਵੀ ਢਿੱਡ ਬੰਨ੍ਹਣ ਦੀ ਲੋੜ ਨਹੀਂ ਪੈਂਦੀ।

ਇਸ ਵਿਆਖਿਆ ਤੋਂ ਜ਼ਾਹਿਰ ਹੈ ਕਿ **ਮਾਓਵਾਦ ਦੀ ਆਰਥਕ ਨੀਤੀ ਰੂਸੀ ਪਾਰਟੀ ਦੀ ਅਪਣਾਈ ਆਰਥਕ ਨੀਤੀ ਦੇ ਐਨ ਉਲਟ** ਹੈ। ਰੂਸੀ ਪਾਰਟੀ ਨੇ ਪੈਦਾਵਾਰ ਦੇ ਵਸੀਲਿਆਂ ਦਾ ਰਾਸ਼ਟਰੀਕਰਨ ਤਾਂ ਕੀਤਾ, ਪਰ ਆਰਥਕ ਉਸਾਰੀ, ਸਨਅਤੀ ਉਸਾਰੀ ਸਰਮਾਇਦਾਰੀ ਵਾਂਗ ਕੈਪੀਟਲ ਇਨਟੈਨਸਿਵ ਤਰੀਕੇ ਨਾਲ ਹੀ ਕੀਤੀ। ਸਰਮਾਏ ਦੀ ਥੁੜੋਂ ਦੀ ਦਸ਼ਾ ਵਿਚ ਸਰਮਾਏ ਦੀ ਥਾਂ ਵਾਧੂ, ਅਣਵਰਤੀਂਦੇ ਲੇਬਰ ਨੂੰ ਲਾਉਣ ਵਲ ਉਹਨਾਂ ਦਾ ਧਿਆਨ ਹੀ ਨਹੀਂ ਗਿਆ। ਚੂੰਕਿ ਉਸਾਰੀ ਦਾ ਰਾਹ ਹੀ ਕੈਪੀਟਲ ਇਨਟੈਨਸਿਵ ਸੀ, ਲੇਬਰ ਇਨਟੈਨਸਿਵ ਨਹੀਂ ਸੀ, ਸੋ ਅਣਵਰਤੀਂਦੇ ਪਦਾਰਥਕ ਤੇ ਮਨੁਖੀ ਵਸੀਲਿਆਂ 'ਤੇ ਨਿਰਭਰ ਹੋਣ ਦਾ ਸਵਾਲ ਹੀ ਨਹੀਂ ਸੀ ਖੜਾ ਹੋ ਸਕਦਾ। ਮਤਲਬ ਹੈ 'ਇਹ ਵੀ ਤੇ ਉਹ ਵੀ' ਵਾਲਾ ਰਾਹ ਖੁਲ੍ਹਿਆ ਹੀ ਨਾ। ਰਾਹ ਰਿਹਾ 'ਜਾਂ ਇਹ, ਜਾਂ ਉਹ' ਵਾਲਾ।



ਚੂੰਕਿ ਰਸਤਾ ਕੈਪੀਟਲ ਇਨਟੈਨਸਿਵ ਵਾਲਾ ਸੀ, ਸਰਮਾਇਦਾਰੀ ਵਾਂਗ ਹਥਲੇ ਵਸੀਲਿਆਂ ਨੂੰ, ਸਰਮਾਏ ਨੂੰ ਵੰਡਣ ਦਾ ਹੀ ਸਵਾਲ ਸੀ। ਭਾਰੀ ਸਨਅਤ ਦੀ ਉਸਾਰੀ ਤਾਂ ਲਾਜ਼ਮੀ ਸੀ। ਸੋ ਉਸ ਨੂੰ ਉਸਾਰਨ ਵਾਸਤੇ ਹਲਕੀ ਸਨਅਤ ਤੇ ਕਾਸ਼ਤਕਾਰੀ ਦਾ ਗਲ ਘੁਟਿਆ ਗਿਆ। ਕੈਪੀਟਲ ਇਨਟੈਨ-ਸਿਵ ਰਾਹੇ ਪਿਆਂ ਇਹ ਹੀ ਹੋਣਾ ਸੀ। ਹਥਲਾ ਲੋੜੀਂਦਾ ਸਰਮਾਇਆ ਪੈਦਾ ਕਰਨ ਵਾਸਤੇ ਸਰਮਾਇਦਾਰੀ ਵਾਲੇ ਤਰੀਕੇ ਦਾ ਮੂਲ ਹੀ ਵਰਤਿਆ ਗਿਆ। ਸਨਅਤੀ ਸੈਕਟਰ ਵਿਚੋਂ ਸਨਅਤੀ ਮਜ਼ਦੂਰ ਦਾ ਢਿੱਡ ਬੰਨ੍ਹਿਆ ਗਿਆ। ਕਿਸਾਨੀ ਤਬਕੇ ਦਾ ਢਿੱਡ ਧੋਤਾ ਗਿਆ, ਨਿਤ ਵਰਤੋਂ ਦੀਆਂ ਚੀਜ਼ਾਂ (consumer goods) ਵਲੋਂ ਸਾਲਾਂ-ਬੱਧੀ ਤਕਰੀਬਨ ਸਾਰੀ ਵਸੋਂ ਹੜਾਂਦੀ ਰਹੀ। ਇਨ੍ਹਾਂ ਦਿਤੀਆਂ ਗਈਆਂ ਟੂਕਾਂ ਵਿਚ ਜਦੋਂ ਮਾਓ ਕਈਆ ਸਮਾਜਵਾਦੀ ਮੁਲਕਾਂ ਦੀਆਂ ਕੀਤੀਆਂ ਗ਼ਲਤੀਆਂ ਦਾ ਜ਼ਿਕਰ ਕਰਦਾ ਹੈ, ਤਾਂ ਉਸ ਦਾ ਸਪਸ਼ਟ ਇਸ਼ਾਰਾ ਰੂਸ ਤੇ ਉਸ ਦੇ ਸੰਗੀ ਸਮਾਜਵਾਦੀ ਮੁਲਕਾਂ ਵਲ ਹੈ।

ਮਾਓਵਾਦ ਦੀ ਆਰਥਕ ਨੀਤੀ ਰੂਸੀ ਪਾਰਟੀ ਦੀ ਅਪਣਾਈ ਆਰਥਕ ਨੀਤੀ ਨਾਲ ਕਿਥੇ ਕਿਥੇ ਅਤੇ ਕਿਸ ਤਰ੍ਹਾਂ ਟੱਕਰਾਂਦੀ ਹੈ ਅਤੇ ਉਸ ਦੇ ਸਿੱਟੇ ਕੀ ਹਨ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਇਸ ਦੀ ਸਮਝ ਤੋਂ ਬਗੈਰ ਦੋਹਾਂ ਆਰਥਕ ਸਮਾਜਕ ਫਾਰਮੇਸ਼ਨਾਂ ਦੇ ਆਪਸ ਵਿਚ ਫਰਕ ਨੂੰ ਸਮਝਣਾ ਔਖਾ ਹੈ।

ਮਾਓਵਾਦ ਦੀ 'ਉਹ ਵੀ ਤੇ ਇਹ ਵੀ' ਵਾਲੀ ਨੀਤੀ ਹੋਰ ਸੈਕਟਰਾਂ ਵਿਚ ਵੀ ਜ਼ਾਹਿਰ ਹੈ। ਸਮੁੰਦਰ ਦੇ ਕੰਢੇ ਕੰਢੇ ਬੰਦਰਗਾਹਾਂ ਵਿਚ ਚੀਨ ਦੀ ਸਾਇੰਟਿਫਿਕ ਸਨਅਤ ਦੇ ਕੇਂਦਰ ਉਸਰੇ ਹੋਏ ਹਨ। ਉਨ੍ਹਾਂ ਕੇਂਦਰਾਂ ਦੀ ਸਨਅਤ ਦਾ ਟੈਕਨੀਕਲ ਮਿਆਰ ਕਿਸੇ ਵੀ ਸਮਕਾਲੀ ਸਨਅਤ ਨਾਲ ਮੇਲ ਖਾਂਦਾ ਹੈ। ਮੁਲਕ ਦਾ ਅੰਦਰਲਾ ਪੇਟ ਸਨਅਤ ਵਲੋਂ ਊਣਾ ਹੈ। ਪਛੜਿਆ ਹੋਇਆ ਹੈ। ਮੁਲਕ ਦੇ ਪੇਟ ਵਿਚ ਸਨਅਤ ਉਸਾਰਨ ਵਾਸਤੇ ਮਾਓਵਾਦ ਦੀ ਨੀਤੀ ਇਹ ਨਹੀਂ ਕਿ ਕੰਢੇ ਦੀ ਉਸਰੀ ਸਨਅਤ ਵਲੋਂ ਮੂੰਹ ਮੋੜਿਆ ਜਾਵੇ ਅਤੇ ਸਭ ਵਸੀਲੇ ਮੁਲਕ ਦੇ ਧੁਰ ਅੰਦਰ ਸਨਅਤ ਉਸਾਰਨ 'ਤੇ ਲਾਏ ਜਾਣ।[5] ਸਗੋਂ ਮਤਲਬ ਹੈ ਕਿ ਸਮੁੰਦਰ ਦੇ ਕੰਢੇ ਦੀ ਸਨਅਤ ਹੋਰ ਉਸਾਰੀ ਜਾਵੇ। ਹਲਕੀ ਸਨਅਤ ਉਥੇ ਖ਼ਾਸ ਉਸਾਰੀ ਜਾਵੇ। ਆਉਂਦੇ ਲੰਮੇ ਸਮੇਂ ਲਈ ਬਣੇ ਪਲਾਨ ਤੋਂ ਜ਼ਾਹਿਰ ਹੈ ਕਿ ਸਨਅਤੀ ਉਸਾਰੀ ਵਾਸਤੇ ਕੋਈ ਚਾਰ ਲੱਖ ਟੈਕਨੀਕਲ ਕਾਡਰ ਦੀ ਲੋੜ ਹੋਵੇਗੀ। ਇਹ ਕਾਡਰ ਕੰਢੇ ਦੇ ਸਨਅਤੀ ਕੇਂਦਰਾਂ ਵਿਚ ਸਿਖਲਾਇਆ ਜਾ ਸਕਦਾ ਹੈ। ਉਥੇ ਹੀ ਉਸ ਦੀ ਸਿਖਲਾਈ ਹੋਣੀ ਚਾਹੀਦੀ ਹੈ। ਇਨ੍ਹਾਂ ਕੰਢੇ ਦੀਆਂ ਸਨਅਤਾਂ ਦਾ ਮਿਆਰ ਅਗੇ ਹੀ ਉੱਚਾ ਹੈ। ਇਨ੍ਹਾਂ ਦੀ ਹੋਰ ਉਸਾਰੀ ਇਸ ਟੈਕਨੀਕਲ ਮਿਆਰ ਨੂੰ ਹੋਰ ਉਚਿਆਂ ਕਰ ਸਕਦੀ ਹੈ। ਇਸ ਨਾਲ ਮੁਲਕ ਦੀ ਸਾਰੀ ਸਨਅਤ ਬੇਹਤਰ ਕਿਸਮ ਦਾ ਮਾਲ ਬਣਾ ਸਕਦੀ ਹੈ।

ਮਾਓਵਾਦ ਦੀ ਆਰਥਕ ਨੀਤੀ ਸਮਝਣ ਵਾਸਤੇ ਚੰਦ ਬੁਨਿਆਦੀ ਗੱਲਾਂ ਦਾ ਖ਼ਿਆਲ ਰਖਣਾ ਜ਼ਰੂਰੀ ਹੈ। ਸਾਰੀ ਆਰਥਕ ਉਸਾਰੀ **ਮਨੋਰਥ** ਉਤੇ ਨਿਰਭਰ ਹੈ, ਅਤੇ ਉਸ ਦੇ ਪ੍ਰਸੰਗ ਵਿਚ ਹੀ ਸਮਝੀ ਜਾ ਸਕਦੀ ਹੈ। **ਮਨੋਰਥ ਵਸੋਂ ਦੀਆਂ ਲੋੜਾਂ ਦੀ, ਸੱਧਰਾਂ ਦੀ ਪੂਰਤੀ ਹੈ।** ਚੂੰਕਿ ਮਨੋਰਥ ਲੋਕਾਂ ਦੀਆਂ ਸੱਧਰਾਂ ਦੀ ਪੂਰਤੀ ਹੈ, ਸੋ ਉਨ੍ਹਾਂ ਦੀ ਆਪਣੀ ਮਨਮਰਜ਼ੀ ਆਰਥਕ ਉਸਾਰੀ ਦੀ ਪੰਜਾਲੀ ਜੋਈ ਜਾ ਸਕਦੀ ਹੈ। ਐਸੀ ਦਸ਼ਾ ਵਿਚ ਬਾਹਰਲੇ ਪਦਾਰਥਕ ਹਾਲਾਤ, ਹਥਲੇ ਪਦਾਰਥਕ ਵਸੀਲੇ ਬੁਨਿਆਦੀ ਗੱਲ ਨਹੀਂ ਰਹਿ ਜਾਂਦੇ, ਬੁਨਿਆਦੀ ਗੱਲ ਉਨ੍ਹਾਂ ਹਾਲਾਤ ਵਲ ਮਨੁਖੀ ਹੁੰਗਾਰਾ ਹੋ ਜਾਂਦਾ ਹੈ। ਮਤਲਬ ਹੈ ਆਰਥਕ ਉਸਾਰੀ ਵਿਚ ਬੁਨਿਆਦੀ ਧਿਰ ਪਦਾਰਥਕ

ਅੰਗ ਨਹੀਂ, ਮਨੁਖੀ ਅੰਗ ਹੈ। ਮਾਓਵਾਦ ਦੀ ਵੱਡੀ ਨੀਂਹ ਇਹ ਹੈ ਕਿ ਆਰਥਕ ਕਾਨੂੰਨ ਬਾਹਰਲੇ ਪਦਾਰਥਕ ਹਾਲਾਤ ਨੂੰ ਹੀ ਨਹੀਂ, ਬਲਕਿ ਉਨ੍ਹਾਂ ਹਾਲਾਤ ਵਲ ਜੋ ਮਨੁਖੀ ਹੁੰਗਾਰਾ ਹੈ ਉਸ ਨੂੰ ਵੀ ਪ੍ਰਗਟ ਕਰਦੇ ਹਨ। **ਚੂੰਕਿ ਮੁਖ ਧਿਰ ਆਰਥਕ ਹਾਲਾਤ ਵਲ ਮਨੁਖੀ ਹੁੰਗਾਰਾ ਹੈ, ਮਨੁਖੀ ਹੁੰਗਾਰੇ ਦੀ ਤਾਸੀਰ ਤਜ਼ਰਬੇ, ਜਾਣਕਾਰੀ ਅਤੇ ਵਿਦਿਆ ਨਾਲ ਸਪੱਸ਼ਟ ਹੀ ਸੰਵਰ ਸਕਦੀ ਹੈ।**

ਪੰਜਾਬੀ ਵਿਚ ਮੁਹਾਵਰਾ ਹੈ ਕਿ ਪਿੰਡ ਦਾ ਪਿੰਡ ਸਿੱਧਾ ਹੋ ਕੇ ਲਗ ਪਵੇ ਸਹੀ, ਕਿਹੜੀ ਮੁਹਿੰਮ ਹੈ ਜਿਹੜੀ ਉਹ ਸਰ ਨਹੀਂ ਕਰ ਸਕਦਾ। ਜਦੋਂ ਵਸੋਂ ਦੀ ਨੀਅਤ ਰਾਸ ਹੋਵੇ, ਵਸੀਲਿਆਂ ਦੀ ਥੁੜੋਂ ਘਟ ਹੀ ਡੱਕਾ ਮਾਰ ਕੇ ਖੜੀ ਰਹਿ ਸਕਦੀ ਹੈ। ਅਗੋਂ ਜਾਂ ਪਿਛੋਂ, ਮਾੜਾ ਚੰਗਾ, ਕੋਈ ਨਾ ਕੋਈ ਰਾਹ ਲੱਭ ਹੀ ਪੈਂਦਾ ਹੈ। ਇਕ-ਮਨ ਹੋ ਕੇ ਲਗੇ ਮਨੁਖਾਂ ਦੇ ਉਦਮ ਅਗੇ ਲਛਮੀ ਹੁੰਦੀ ਹੈ। ਆਰਥਕ ਸੁਰਖਿਆ (security) ਲਈ, ਆਰਥਕ ਵਸੀਲਿਆਂ ਤੇ ਆਮਦਨ ਦੀ ਥੁੜੋਂ ਦੀ ਦਸ਼ਾ ਵਿਚ, ਲੋੜੀਂਦਾ ਮਨੁਖੀ ਹੁੰਗਾਰਾ ਲੈਣ ਵਾਸਤੇ ਇਕ ਪਾਸੇ ਤੋਂ ਲਾਜ਼ਮੀ ਇਹ ਹੈ ਕਿ ਸਾਲ ਬਸਾਲ ਜ਼ਾਤੀ ਆਮਦਨ ਵਧਦੀ ਜਾਵੇ। ਦੂਸਰੇ ਪਾਸੇ ਤੋਂ, ਕਾਰਿੰਦਿਆਂ ਨੂੰ ਸਾਰੇ ਵੇਗ ਵਿਚ ਪੈਕੇ, ਆਪਣੇ ਤਜਰਬੇ ਅਤੇ ਦਿਤੀ ਵਿਦਿਆ ਤੋਂ ਅੱਜ ਕਲ੍ਹ ਦੀ ਟੈਕਨਾਲੋਜੀ ਅਤੇ ਵਡੇ ਪੈਮਾਨੇ 'ਤੇ ਪੈਦਾਵਾਰ ਦੀ ਸੰਭਾਵਨਾ ਦਿੱਸੇ ਤਾਕਿ ਉਹ ਆਪਣੇ ਆਪ, ਮਨਮਰਜ਼ੀ ਨਾਲ ਉਸ ਦਿਸਦੀ ਸੰਭਾਵਨਾ ਨੂੰ ਅਸਲੀਅਤ ਬਣਾਉਣ ਵਾਸਤੇ ਬੱਚਤ ਕਰਨ, ਜਥੇਬੰਦੀ ਪੱਕੀ ਕਰਨ।

ਮਨੁਖ ਦਾ ਆਚਰਨ, ਸਮਾਜਕ ਆਚਰਨ, ਵਸੋਂ ਦੀ ਬਣਤਰ, ਜ਼ਹਿਨੀਅਤ ਇਤਿਹਾਸਕ ਤੌਰ 'ਤੇ ਉਸਰੀ ਹੋਈ ਹੁੰਦੀ ਹੈ। ਉਸਰਿਆਂ ਇਹ ਆਚਰਨ ਤੇ ਇਹ ਜ਼ਹਿਨੀਅਤ ਆਰਥਕ ਉਸਾਰੀ ਦੇ ਰਾਹ ਵਿਚ ਕਈ ਸਮਾਜਕ ਮਨੋਵੇਗਕ ਰੁਕਾਵਟਾਂ ਪਾਉਂਦੇ ਹਨ। **ਸੋ ਕਿਸੇ ਨਾ ਕਿਸੇ ਸ਼ਕਲ ਵਿਚ ਕਲਚਰਲ ਇਨਕਲਾਬ ਆਰਥਕ ਉਸਾਰੀ ਦੇ ਵੇਗ ਵਾਸਤੇ ਲਾਜ਼ਮੀ ਹੈ। ਮਤਲਬ ਹੈ ਇਥੇ ਵੀ ਜਮਾਤੀ ਚੇਤਨਤਾ ਦਾ, ਉਸਾਰ ਦਾ ਰੋਲ ਉਘਾ ਹੈ। ਪੈਦਾ ਹੋ ਰਹੀ ਆਰਥਕ ਸੰਭਾਵਨਾ ਦੇ ਅਨੁਕੂਲ ਸਮਾਜਕ ਦਿਮਾਗ਼ੀ ਵਾਯੂ-ਮੰਡਲ ਪੈਦਾ ਕਰਨ ਵਾਸਤੇ ਉਸਾਰ ਦੀ ਵਰਤੋਂ ਦੀ ਲੋੜ ਹੈ।** ਚੀਨ ਦੀ ਆਰਥਕਤਾ ਦੀ ਅੱਜ ਦੀ ਪੱਧਰ 'ਤੇ ਸਥਾਨਕ ਉਸਾਰੀ ਲਈ ਸਥਾਨਕ ਵਸੀਲਿਆਂ ਅਤੇ ਲੇਬਰ ਇਨਟੈਨਸਿਵ 'ਤੇ ਨਿਰਭਰ ਹੋਣਾ ਲਾਜ਼ਮੀ ਹੈ। ਆਪਣੇ ਪੈਰਾਂ ਸਿਰ ਖਲੋਣ ਦੀ ਉਂਜ ਵੀ ਮਜਬੂਰੀ ਹੈ। ਇਸ ਦੇ ਵਾਸਤੇ ਵਸੋਂ ਵਿਚ ਕੰਮ ਲਈ ਸਹੀ ਪਰੇਰਨਾ ਤੇ ਲੋੜੀਂਦੇ ਸਮਾਜਕ ਦਿਮਾਗੀ ਵਾਯੂ-ਮੰਡਲ ਉਤੇ ਬਹੁਤ ਕੁਝ ਨਿਰਭਰ ਹੈ। ਵਸੋਂ ਦੀ ਨੀਅਤ ਸਾਫ ਹੋਵੇ, ਲੋੜ ਦੇ ਰਾਸ ਹੋਵੇ ਆਰਥਕ ਉਸਾਰੀ ਵਾਸਤੇ ਸਥਾਨਕ ਵਸੀਲੇ ਲੱਭ ਸਕਦੀ ਹੈ। ਐਸੀ ਹਾਲਤ ਵਿਚ ਕੇਂਦਰੀ ਬੰਦੋਬਸਤ ਸਿਵਾਏ ਆਮ ਹਿਦਾਇਤਾਂ ਦੇਣ ਤੋਂ ਹੋਰ ਬਹੁਤ ਕੁਛ ਨਹੀਂ ਕਰ ਸਕਦਾ। ਸਥਾਨਕ ਮਰਜ਼ੀ ਅਤੇ ਸਥਾਨਕ ਉੱਦਮ ਉਤੇ ਹੀ ਬਹੁਤ ਕੁਛ ਛੱਡਣਾ ਪੈਂਦਾ ਹੈ। ਮਾਓਵਾਦ ਉਸਾਰੀ ਵਾਸਤੇ ਰਾਸ ਲਾਉਣ ਦਾ ਫੈਸਲਾ ਵਿਅਕਤੀ ਦੇ ਹੱਥ ਨਹੀਂ, ਕੁਲੈਕਟਿਵ ਤੇ ਵਸੋਂ ਦੇ ਹੱਥ ਦੇਂਦਾ ਹੈ। ਚੂੰਕਿ ਚੀਨ ਦੀ ਆਰਥਕਤਾ ਇਕਾਈ ਹੈ ਇਸ ਵਾਸਤੇ ਸਥਾਨਕ ਉਸਾਰੀ ਲਈ ਜਾਣਕਾਰੀ ਦੀ ਲੋੜ ਪਵੇ ਤਾਂ ਉਹ ਪੈਦਾਵਾਰ ਦੇ ਹੋਰ ਕੇਂਦਰਾਂ ਤੋਂ ਸਹਿਜੇ ਹੀ ਮਿਲ ਜਾਂਦੀ ਹੈ। ਆਰਥਕਤਾ ਦੇ ਇਕਾਈ ਹੋਣ ਦੀ ਦਸ਼ਾ ਵਿਚ ਆਰਥਕਤਾ ਦੇ ਵਖ ਵਖ ਸੈਕਟਰ, ਵਖ ਵਖ ਇਲਾਕੇ ਪ੍ਰਸਪਰ ਹਲਾਸ਼ੇਰੀ ਤੇ ਮਦਦ ਦੇਂਦੇ ਹਨ। ਇਕ ਦੂਸਰੇ ਨਾਲ ਮੁਕਾਬਲੇ ਵਿਚ ਨਹੀਂ ਪੈਂਦੇ। ਇਸ ਦਸ਼ਾ ਵਿਚ ਪਲਾਨਿੰਗ ਦਾ ਰੋਲ ਹਥਲੇ ਵਸੀਲਿਆਂ ਦੀ ਲਾਗਤ ਵਿਚ ਤਵਾਜ਼ਨ ਰਖਣਾ



ਨਹੀਂ। ਉੱਭਰਦੇ ਨਵਿਆਂ ਵਸੀਲਿਆਂ ਦੀ ਵਰਤੋਂ ਤੋਂ ਹੁੰਦੀ ਕਾਣੋਂ ਸਾਣੋਂ ਨੂੰ ਸਹੀ ਰਖਣਾ ਹੈ।

ਇਹ ਸਪੱਸ਼ਟ ਹੈ ਕਿ ਇਸ ਕਿਸਮ ਦੀ ਉਸਾਰੀ ਵਿਚ ਚੁਣਵੇਂ ਸੈਕਟਰ ਦੀ ਉਸਾਰੀ ਮੁਮਕਿਨ ਨਹੀਂ। ਸਿਲਸਿਲਾ ਯਕਸਾਂ ਚੁਤਰਫੀ ਉਸਾਰੀ ਦਾ ਹੈ। ਹਰ ਸਥਾਨਕ ਉਸਾਰੀ ਵਾਸਤੇ ਮੁਮਕਿਨ ਵਸੀਲਿਆਂ ਦੇ ਅਨੁਸਾਰੀ ਟੈਕਨੀਕ ਦੀ ਚੋਣ ਲਾਜ਼ਮੀ ਮਸਲਾ ਹੈ। ਇਸ ਕਿਸਮ ਦੀ ਉਸਾਰੀ ਵਿਚ ਸਥਾਨਕ ਵਸੀਲਿਆਂ ਅਤੇ ਸਥਾਨਕ ਉਸਾਰੀ ਉਤੇ ਜ਼ੋਰ ਹੈ। ਇਸ ਵਾਸਤੇ ਸਪਸ਼ਟ ਹੀ ਸਨਅਤ ਉਸਾਰੀ ਵਿਚ ਛੋਟੇ ਪੈਮਾਨੇ ਦੀ ਸਨਅਤ ਦਾ ਬੜਾ ਭਾਰੀ ਰੋਲ ਹੈ। ਸੋ ਪਲਾਨ ਦੀ ਜ਼ਿੰਮੇਦਾਰੀ ਸਥਾਨਕ ਉਸਾਰੀ ਵਾਸਤੇ, ਸਥਾਨਕ ਵਸੋਂ ਦੇ ਵਸ ਤੋਂ ਬਾਹਰਲੀ ਗਭਲੀ ਟੈਕਨਾਲੋਜੀ ਆਦਿ ਦੀ ਜਾਣਕਾਰੀ, ਟੈਕਨੀਕਲ ਸਲਾਹਕਾਰ, ਮਾਹਰ ਵਰਕਰ ਤੇ ਪੜ੍ਹੇ ਲਿਖੇ ਤਜਰਬਾਕਾਰ ਪ੍ਰਬੰਧਕ ਆਦਿ ਦੇਣਾ ਹੈ। ਦੂਸਰੇ ਲਫ਼ਜ਼ਾਂ ਵਿਚ, ਉਸਰੇ ਕਿੱਤਿਆਂ ਦੀ ਜਾਣਕਾਰੀ ਤੇ ਹੋਰ ਵਸੀਲਿਆਂ ਨੂੰ ਸਥਾਨਕ ਵਸੋਂ ਨਾਲ ਸੰਬੰਧਤ ਕਰਨਾ ਅਤੇ ਵਖ ਵਖ ਸੈਕਟਰਾਂ ਦੇ ਤਬਦੀਲ ਹੁੰਦੇ ਰਿਸ਼ਤਿਆਂ ਉਤੇ ਅੱਖ ਰਖਣਾ ਹੈ। ਸਟੇਟ ਦੀਆਂ ਆਰਥਕ ਮੰਗਾਂ ਕੁਲੈਕਟਿਵ ਦੀ ਆਮਦਨ ਦਾ ਲਾਜ਼ਮੀ ਹਿੱਸਾ ਹੁੰਦੀਆਂ ਹਨ। ਪਰ ਇਹ ਖ਼ਾਸ ਖ਼ਿਆਲ ਰਖਿਆ ਜਾਂਦਾ ਹੈ ਕਿ ਉਹ ਮੰਗਾਂ—ਟੈਕਸ ਵਗੈਰਾ, ਜਿਨਸਾਂ ਦੀ ਉਗਰਾਹੀ, ਕੀਮਤਾਂ ਦੀ ਨੀਤੀ ਆਦਿ ਐਸੀ ਹੋਵੇ ਜੋ ਸਥਾਨਕ ਉਸਾਰੀ ਨੂੰ ਠੱਪੇ ਨਾ, ਬਲਕਿ ਟੁੰਬੇ।

ਅਖ਼ੀਰ ਵਿਚ ਚੀਨ ਦੀ ਆਰਥਕ ਨੀਤੀ ਦੇ ਉੱਭਰਵੇਂ ਮੁਖ ਅੰਗ ਚੰਦ ਲਫ਼ਜ਼ਾਂ ਵਿਚ ਦੋਹਰਾ ਦੇਣਾ ਬੇਲੋੜਾ ਨਹੀਂ :

1. ਚੀਨ ਦੀ ਆਰਥਕ ਨੀਤੀ ਹਥਲੇ ਆਰਥਕ ਵਸੀਲਿਆਂ ਤਕ ਹੀ ਮਹਿਦੂਦ ਨਹੀਂ। ਉਹ ਲੁਕੇ ਪਦਾਰਥਕ, ਮਨੁਖੀ ਵਸੀਲਿਆਂ ਦੀ ਵਰਤੋਂ 'ਤੇ ਵੀ ਨਿਰਭਰ ਹੈ।

2. ਇਸ ਵਾਸਤੇ ਉਕੇ ਬਾਹਰਲੀ ਆਰਥਕ ਦਸ਼ਾ ਵਲ ਜੋ ਮਨੁਖੀ ਹੁੰਗਾਰਾ ਹੈ, ਉਹ ਬੁਨਿਆਦੀ ਗੱਲ ਹੈ।

3. ਸਥਾਨਕ ਲੁਕਿਆਂ ਵਸੀਲਿਆਂ ਦੀ ਵਰਤੋਂ ਚੂੰਕਿ ਬੁਨਿਆਦ ਹੈ, ਹੋਰ ਕਾਰਨਾਂ ਤੋਂ ਇਲਾਵਾ ਇਸ ਵਾਸਤੇ ਵੀ ਸਥਾਨਕ ਉਦਮ ਅਤੇ ਪੌਰਖ ਨੂੰ ਤਰਜੀਹ ਦਿਤੀ ਜਾਂਦੀ ਹੈ।

4. ਕੰਮ ਲਈ ਪਰੇਰਨਾ ਸਦਾਚਾਰਕ ਹੈ। ਪਦਾਰਥਕ ਪਰੇਰਨਾ ਹੈ ਪਰ ਵਾਹ ਲਗਦੀ ਉਹ ਸਾਂਝੇ ਕੁਲੈਕਟਿਵ ਦੇ ਰੂਪ ਵਿਚ ਹੈ। ਵਿਅਕਤੀ ਦੇ ਰੂਪ ਵਿਚ ਦਿਨੋ ਦਿਨ ਘਟਾਈ ਜਾ ਰਹੀ ਹੈ। ਇਵਜ਼ਾਨੇ ਦੇ ਦਾਇਰੇ ਵਿਚੋਂ ਕਢਕੇ ਬੁਨਿਆਦੀ ਲੋੜਾਂ ਮੁਫਤ, ਮਨੁਖੀ ਲੋੜਾਂ ਅਨੁਸਾਰ ਦੇਣ ਵਲ ਧਿਆਨ ਹੈ।

5. ਚੂੰਕਿ ਮਨੁਖੀ ਹੁੰਗਾਰਾ ਬੁਨਿਆਦੀ ਹੈ, ਕੰਮ ਦੀ ਪਰੇਰਨਾ ਸਦਾਚਾਰਕ ਹੈ ਇਸ ਵਾਸਤੇ ਵਿਚਾਰਧਾਰਕ ਸਿਆਸੀ ਜਮਾਤੀ ਜਦੋ-ਜਹਿਦ ਰਾਹੀਂ, ਵਿਦਿਆ ਰਾਹੀਂ ਮਨੁਖ ਤੇ ਉਸ ਦੀ ਚੇਤਨਤਾ, ਉਸ ਦੇ ਮਨੋਰਥਾਂ ਨੂੰ ਬਦਲਣ ਉਤੇ ਜ਼ੋਰ ਹੈ। ਸਮਾਜ ਦਾ ਮਨੋਰਥ ਹੀ ਮਨੁਖ ਨਹੀਂ; ਪਦਾਰਥਕ ਹਾਲਾਤ ਦੇ ਪ੍ਰਸੰਗ ਵਿਚ ਕੋਸ਼ਿਸ਼ ਦੇ ਨੁਕਤੇ ਤੋਂ ਵੀ ਜ਼ੋਰ ਮਨੁਖ 'ਤੇ ਕੇਂਦਰਤ ਹੈ।

6. ਆਰਥਕ ਉਸਾਰੀ ਸਭ ਪਾਸਿਆਂ ਤੋਂ ਯਕਸਾਂ ਹੈ। ਕਾਸ਼ਤਕਾਰੀ ਨੂੰ ਪਹਿਲ ਹੈ। ਪਿੰਡ ਵਿਚ ਕਾਸ਼ਤਕਾਰੀ ਤੋਂ ਇਲਾਵਾ ਸਨਅਤ ਵੀ ਉਸਾਰੀ ਜਾ ਰਹੀ ਹੈ ਤਾਕਿ ਪਿੰਡ ਤੇ ਸ਼ਹਿਰ ਦਾ, ਕਾਸ਼ਤ-ਕਾਰੀ ਤੇ ਸਨਅਤੀ ਖੇਤਰ ਦਾ ਆਪਸ ਵਿਚ ਪਾੜਾ ਤੇ ਵਿਰੋਧ ਮਿਟਣ।

---

1. The districts, people's communes and production brigades have established thousands of small and medium-sized enterprises

that provide the villages with electricity, cast iron, steel, construction materials, various chemical and pharmaceutical products as well as daily necessities—*Cultural Revolution and Independent Organisations in China* by Charles Bettleheim, p. 87.

2. We have not repeated the mistakes of some socialist countries which attached excessive importance to heavy industries and agriculture...unlike the market situation in some countries immediately after the revolution, goods in our markets have been more plentiful... and their prices are stable. This is not to say that no problems remain. There are problems e.g. greater attention to light industries and agriculture than before, and adequate readjustment of the rates of investment...to give a comparatively greater weight to investment to light industries and agriculture. Will this change shift the centre of gravity ? It will not be shifted...The result will be a more extensive and better development of heavy industries, of the production of the means of production. *Mao.*

3. The more the output of daily necessities, the more the accumulation of capital...light industries and agriculture can accumulate more capital and faster...If you really want heavy industries badly you should invest more in light industries. *Mao.*

4. As to agriculture, the experience of some socialist countries has proved that bad management could fail to raise production even after collectivisation...they put too heavy a tax burden on the peasants and they lowered agricultural prices in terms of industrial prices... Our method of accumulating state capital is through manipulation of the price mechanism. In our country, exchange between industrial and agricultural goods must follow a policy of minimizing the differential between (industrial and agricultural) labour...our policies with regard to industrial goods are a low rate of profit, greater sales and stable prices. *Mao.*

5. We are in favour of developing our inland industries. The question is whether we are sincere or not. If you are sincere, not just pretending to be so, you must make fuller use of the coastal industries and build more coastal industries, especially the light ones. Our long term plan shows that we need 4,00,000 technical cadres, These can be trained among the workers and technical cadres in the coastal industries...

The coastal industries have a high technical standard...Their development can lead to a higher technical standard and better quality goods in all industries throughout the country—*Mao.*

---


**● ਮਾਂ ਬੋਲੀ ਪੰਜਾਬੀ : ਅਜੋਕੀ ਸਥਿਤੀ ਤੇ ਸਮਸਿਆਵਾਂ**

ਪੰਜਾਬ ਵਿਚ ਆਟਾ ਪੰਜਾਬੀ ਦਾ ਚਲਣਾ ਹੈ ਜਾਂ ਸੰਸਕ੍ਰਿਤਾਈ ਹਿੰਦੀ ਦਾ ? ਪੰਜਾਬੀ ਜ਼ਬਾਨ ਦਾ ਵਿਗਾੜ ਕਦੋਂ ਤੇ ਕਿਉਂ ਸ਼ੁਰੂ ਹੋਇਆ ? ਪੰਜਾਬੀ ਲਈ ਨਵੀਂ ਸ਼ਬਦਾਵਲੀ ਕਿਥੋਂ ਆਵੇ ? ਪਾਠ ਪੁਸਤਕਾਂ ਦੀ ਸਮੱਸਿਆ ਕਿਵੇਂ ਹਲ ਕੀਤੀ ਜਾਵੇ ? ਪੰਜਾਬ ਵਿਚ ਤਾਲੀਮ ਦਾ ਮਾਧਿਅਮ ਕੀ ਹੋਵੇ ? ਅੰਗਰੇਜ਼ੀ ਦਾ ਰੋਲ ਕੀ ਹੈ ?...ਇਹਨਾਂ ਅਤੇ ਅਜਿਹੇ ਸੁਆਲਾਂ ਦੇ ਜੁਆਬਾਂ ਲਈ ਇਹ ਪੁਸਤਕ ਪੜ੍ਹੋ । ਸਫ਼ੇ 208, ਸੁਹਣੀ ਦਿੱਖ, ਪੱਕੀ ਜਿਲਦ, ਮੁਲ : ਦਸ ਰੁਪੈ ।




ਜਗਜੀਤ ਸਿੰਘ

## ਜਾਤ-ਪਾਤੀ ਇੰਦਰ-ਜਾਲ

ਜਾਤ-ਪਾਤੀ ਢਾਂਚਾ ਤੇ ਵਿਚਾਰਧਾਰਾ ਨਾ ਕੇਵਲ ਆਪਣੇ ਆਪ ਵਿਚ ਬੇਹੱਦ ਪਿਛਾਂਹ-ਖਿੱਚੂ ਸਨ, ਬਲਕਿ ਇਨ੍ਹਾਂ ਨੇ ਇਕ ਐਸਾ ਇੰਦਰ-ਜਾਲ ਤਣਿਆ ਹੋਇਆ ਸੀ ਜੋ ਜਾਤ-ਪਾਤੀ ਢਾਂਚੇ ਤੇ ਵਿਚਾਰਧਾਰਾ ਤੋਂ ਬਾਹਰੋਂ ਉਪਜੀ ਕਿਸੇ ਅਗਾਂਹ-ਵਧੂ ਰੁਚੀ ਨੂੰ ਵੀ ਪਸਰਨ ਨਹੀਂ ਸੀ ਦੇਂਦਾ ।

ਉਪਨਸ਼ਿਦ : ਸਮੇਂ ਦੀ ਪੁਰਾਤਨਤਾ ਦੇ ਲਿਹਾਜ਼ ਨਾਲ ਵੇਦਕ ਪਰੰਪਰਾ ਤੋਂ ਨਿਖੜਨ ਦੀ ਸਭ ਤੋਂ ਮੁਢਲੀ ਪਹਿਲ ਉਪਨਸ਼ਿਦ ਵਿਚਾਰਧਾਰਾ ਨੇ ਕੀਤੀ । ਉਘੇ ਵਿਦਵਾਨਾਂ ਅਨੁਸਾਰ ਇਸ ਵਿਚਾਰਧਾਰਾ ਨੂੰ ਜਾਂ ਕਸ਼ੱਤਰੀਆਂ ਨੇ ਜਨਮ ਦਿਤਾ ਜਾਂ ਉਨ੍ਹਾਂ ਰਿਸ਼ੀਆਂ (hermits) ਜਿਨ੍ਹਾਂ ਦਾ ਬ੍ਰਾਹਮਣ ਪੁਜਾਰੀ ਜਾਤੀ ਨਾਲ ਸੰਬੰਧ ਨਹੀਂ ਸੀ[1] । ਇਹ ਗੱਲ ਪੂਰੀ ਠੀਕ ਹੋਵੇ ਜਾਂ ਨਾ, ਇਸ ਵਿਚ ਸ਼ੱਕ ਨਹੀਂ ਕਿ ਉਪਨਸ਼ਿਦ ਵਿਚਾਰਧਾਰਾ ਉਤੇ ਅਮਲੀ ਵਰਤੋਂ ਦੀ ਆਸ ਉਨ੍ਹਾਂ ਤਿਆਗੀਆਂ (recluses) ਤੋਂ ਕੀਤੀ ਜਾਂਦੀ ਸੀ ਜੋ ਘਰ ਘਾਟ ਨੂੰ ਤਲਾਂਜਲੀ ਦੇ ਕੇ ਜੰਗਲ ਦਾ ਵਾਸ ਕਰ ਲੈਣ[2] । ਇਸ ਤਰ੍ਹਾਂ ਉਪਨਸ਼ਿਦ ਵਿਚਾਰਧਾਰਾ ਦਾ ਦਾਇਰਾ ਉਨ੍ਹਾਂ ਤਕ ਮਹਿਦੂਦ ਸੀ ਜੋ ਸੁਸਾਇਟੀ ਨਾਲੋਂ ਤਲਾਕ ਲੈ ਬੈਠੇ ਹੋਣ । ਕੋਈ ਵੀ ਨਿਸ਼ਾਨੀ ਇਹ ਪ੍ਰਗਟ ਨਹੀਂ ਕਰਦੀ ਕਿ ਉਪਨਸ਼ਿਦ ਵਿਚਾਰਧਾਰਾ ਨੇ ਕਦੇ ਧਾਰਮਕ ਜਾਂ ਭਾਈਚਾਰਕ ਲੋਕ-ਲਹਿਰ ਦੀ ਸ਼ਕਲ ਫੜੀ ਹੋਵੇ । ਇਸ ਕਰਕੇ ਇਸ ਵਿਚਾਰਧਾਰਾ ਦੀ ਬਹੁਤੀ ਭਾਈਚਾਰਕ ਮਹਾਨਤਾ ਨਹੀਂ । ਪਰ ਇਸ ਦੇ ਬਾਵਜੂਦ ਵੇਦਕ ਪਰੰਪਰਾ ਦੇ ਮੁਕਾਬਲੇ ਉਪਨਸ਼ਿਦ ਵਿਚਾਰਧਾਰਾ ਇਕ ਅਗੇ-ਵਧੂ ਰੁਖ਼ ਸੀ, ਕਿਉਂਕਿ ਇਸ ਨੇ ਪੁਰਾਤਨ ਬਲੀ-ਦਾਨ (sacrifice) ਤੇ ਰੀਤਕ (ritualistic) ਵੇਦਕ-ਧਰਮ ਨਾਲੋਂ ਆਪਣਾ ਸੰਬੰਧ ਤੋੜਿਆ ।[3]

ਉਪਨਸ਼ਿਦ ਵਿਚਾਰਧਾਰਾ ਭਾਵੇਂ ਭਾਈਚਾਰਕ ਨਜ਼ਰੀਏ ਤੋਂ ਬਹੁਤ ਸੀਮਤ ਸੀ, ਪਰ ਇਸ ਹਾਲਤ ਵਿਚ ਵੀ ਇਹ ਆਪਣੀ ਸ਼ੁੱਧਤਾਈ ਬਹੁਤਾ ਚਿਰ ਕਾਇਮ ਨਾ ਰਖ ਸਕੀ । ਜਿਸ ਵੇਦਕ-ਧਰਮ ਤੋਂ ਇਸ ਨੇ ਨਿਖੜਕੇ ਅੱਡਰਾ ਰਸਤਾ ਇਖ਼ਤਿਆਰ ਕੀਤਾ ਸੀ, ਉਸੇ ਦੀ ਪਾਣ ਚੜ੍ਹਾ ਕੇ ਇਸ ਨੂੰ ਪੁਰਾਤਨ ਵਿਦਿਆ-ਪ੍ਰਨਾਲੀ (literature) ਦੀ ਲਪੇਟ ਵਿਚ ਸ਼ਾਮਲ ਕਰ ਲਿਆ ਗਿਆ । ਉਪਨਸ਼ਿਦ ਵਿਚਾਰਧਾਰਾ ਦੀਆਂ ਧਰਮ ਅਤੇ ਰੂਹ ਸੰਬੰਧੀ ਡੂੰਘੀਆਂ ਵਿਚਾਰਾਂ ਦੇ ਨਾਲ ਨਾਲ ਮੰਤਰ ਤੇ ਬ੍ਰਾਹਮਣਾਂ-ਨਾਮੀ ਵੇਦਾਂ ਦੇ ਹਿੱਸਿਆਂ ਦੀਆਂ ਬਲੀਦਾਨ ਸੰਬੰਧੀ ਰੀਤਾਂ ਤੇ ਕਾਇਦੇ ਜੋੜ ਦਿਤੇ ਗਏ । ਮਿਸਾਲ ਵਜੋਂ :—'ਤਪੱਸਿਆ, ਸਵੈ-ਕਾਬੂ ਤੇ ਰੀਤਾਂ (rituals) ਉਪਨਸ਼ਿਦਾਂ ਦੇ ਅਸਲੀ ਗਿਆਨ ਦੀਆਂ ਨੀਹਾਂ ਹਨ, ਸੱਚ ਦੇਹ ਹੈ ਅਤੇ ਵੇਦ ਇਸ ਲੜੀ ਨੂੰ ਜੋੜਨ ਵਾਲੀ ਇਕ ਕੜੀ[4] ।'

'ਰਿਸ਼ੀਆਂ ਨੂੰ ਜਿਨ੍ਹਾਂ ਰੀਤਾਂ ਦੀ ਆਕਾਸ਼ਬਾਣੀ ਹੋਈ (revealed) ਅਤੇ ਜੋ ਵੇਦਕ ਮੰਤਰਾਂ ਨਾਲ ਜੋੜੀਆਂ ਗਈਆਂ, ਇਹ ਸਭੋ ਕੁਝ ਸੱਤ ਹੈ[5]।' 'ਤੁਹਾਨੂੰ ਦੇਵਤਿਆਂ ਅਤੇ ਪਿੱਤਰਾਂ ਦੇ ਨਮਿਤ ਰਹੁ-ਰੀਤਾਂ (rites) ਕਰਨੋਂ ਨਹੀਂ ਖੁੰਝਣਾ ਚਾਹੀਦਾ[6]।'

ਉਪਰੋਕਤ ਦਿਤੇ ਹਵਾਲੇ ਚੁਣਕੇ ਦਿਤੇ ਹੋਏ ਟਾਵੇਂ ਹਵਾਲੇ ਨਹੀਂ। ਅਜੇਹੀਆਂ ਮਿਸਾਲਾਂ ਅਨੇਕ ਹਨ[7]। 'ਕਈ ਵਾਰਤਕ ਉਪਨਸ਼ਿਦਾਂ ਵਿਚ ਪੂਰੇ ਦੇ ਪੂਰੇ ਕਾਂਡ ਐਸੇ ਹਨ ਜਿਨ੍ਹਾਂ ਦਾ ਉਪਨਸ਼ਿਦ ਵਿਚਾਰਧਾਰਾ ਨਾਲ ਸੰਬੰਧ ਨਹੀਂ। ਇਹ ਬ੍ਰਾਹਮਨਾਂ (ਵੇਦਾਂ ਦੇ ਇਕ ਭਾਗ) ਦਾ ਸਰੂਪ ਹਨ। ਇਹ ਕਰਨ ਯੋਗ ਰਸਮਾਂ ਨੂੰ ਬਿਆਨ ਕਰਦੇ ਹਨ, ਉਨ੍ਹਾਂ ਮੰਤਰਾਂ ਦੀ ਵਿਆਖਿਆ ਕਰਦੇ ਹਨ ਜੋ ਇਨ੍ਹਾਂ (ਰਸਮਾਂ) ਵਿਚ ਪੜ੍ਹੇ ਜਾਣੇ ਚਾਹੀਦੇ ਹਨ, ਅਤੇ ਇਸ ਤੋਂ ਇਲਾਵਾ ਹੋਰ ਕੁਝ ਨਹੀਂ ਦਸਦੇ[8]।' ਇਸ ਤੋਂ ਇਲਾਵਾ ਪਿਛੋਂ ਦੇ ਸਮੇਂ ਦੇ ਲਿਖੇ ਕਈ ਐਸੇ ਉਪਨਸ਼ਿਦ ਹਨ ਜਿਹੜੇ ਪ੍ਰਤੱਖ ਤੌਰ ਉਤੇ ਜਾਂ ਫਿਰਕੂ ਹਨ (ਕਰਿਸ਼ਨਾ-ਉਪਨਸ਼ਿਦੇ, ਦੇਵੀ-ਉਪਨਸ਼ਿਦ, ਆਦਿ) ਜਾਂ ਰਸਮੀ (ਰੁਦਰਾਕਸਾ-ਜਬਾਲਾ ਉਪਨਸ਼ਿਦ)[9]। ਇਹ ਠੀਕ ਹੈ ਕਿ ਪਿਛੋਂ ਜ਼ਿਕਰ ਕੀਤੇ ਗਏ ਇਨ੍ਹਾਂ ਉਪਨਸ਼ਿਦਾਂ ਨੂੰ ਉਹ ਸਨਮਾਨ ਨਹੀਂ ਦਿਤਾ ਜਾਂਦਾ ਜੋ ਪਹਿਲੇ ਸਮਿਆਂ ਵਿਚ ਲਿਖਿਆਂ ਨੂੰ ਪ੍ਰਾਪਤ ਹੈ, ਪਰ ਇਨ੍ਹਾਂ ਤੋਂ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਅਸਲੀ ਉਪਨਸ਼ਿਦ ਵਿਚਾਰਧਾਰਾ ਨੂੰ ਕਿਸ ਹੱਦ ਤਕ ਪੁਰਾਤਨ ਰੀਤਕ ਵਿਚਾਰਧਾਰਾ ਵਿਚ ਵਲ੍ਹੇਟਨ ਦਾ ਯਤਨ ਕੀਤਾ ਗਿਆ।

ਉਪਰ ਦੱਸੀ ਹਕੀਕਤ ਦੇ ਦੋ ਹੀ ਅਰਥ ਹੋ ਸਕਦੇ ਹਨ। ਜਾਂ ਤਾਂ ਉਪਨਸ਼ਿਦ ਵਿਚਾਰਧਾਰਾ ਅਸਲ ਵਿਚ ਹੀ ਵੇਦਕ ਵਿਚਾਰਧਾਰਾ ਵਾਂਕੁਰ ਰਸਮੀ ਅਤੇ ਬ੍ਰਾਹਮਣ-ਮੱਤ ਅਨੁਸਾਰੀ ਸੀ ਅਤੇ ਜਾਂ ਬ੍ਰਾਹਮਣਾਂ ਨੇ ਉਪਨਸ਼ਿਦ-ਧਾਰਾ ਨੂੰ ਅਗੋਂ ਆਉਣ ਵਾਲੀਆਂ ਨਸਲਾਂ ਹੱਥ ਪੁਜਣ ਤੋਂ ਪਹਿਲੋਂ ਐਸੀਆਂ ਤਬਦੀਲੀਆਂ ਕਰਕੇ ਤਰੋੜ ਮਰੋੜ ਲਿਆ ਜਿਸ ਸਦਕਾ ਇਹ ਵਿਚਾਰਧਾਰਾ ਬ੍ਰਾਹਮਣ-ਮੱਤ ਦੇ ਅਨੁਕੂਲ ਪੇਸ਼ ਕੀਤੀ ਜਾ ਸਕੀ।

**ਬੁੱਧ-ਮੱਤ** : ਉਪਨਸ਼ਿਦਾਂ ਦੇ ਪਿਛੋਂ ਜੋ ਦੂਸਰੀ ਵਡੀ ਵਿਚਾਰਧਾਰਾ ਬ੍ਰਾਹਮਣ-ਮੱਤ ਨੇ ਹੜੱਪ ਕੀਤੀ, ਉਹ ਬੁੱਧ-ਮੱਤ ਦੀ ਇਨਸਾਨੀ ਕੀਮਤਾਂ ਵਾਲੀ (humane) ਸੀ। ਸਾਈਕਸ ਨੇ (ਚੀਨੀ ਸਿਆਹਕਾਰਾਂ, ਮਹਾਂਵੰਸੁ, ਉਕਰੀਆਂ ਲਿਖਤਾਂ ਅਤੇ ਸਿੱਕਿਆਂ ਉਤੇ ਆਧਾਰਤ) ਇਹ ਸਿੱਧ ਕਰਨ ਲਈ ਵਜ਼ਨੀ ਦਲੀਲਾਂ ਦਿਤੀਆਂ ਹਨ ਕਿ 'ਈਸਾ ਤੋਂ ਪਹਿਲੋਂ ਛੇਵੀਂ ਸਦੀ ਤੋਂ ਲੈ ਕੇ ਈਸਾ ਤੋਂ ਪਿਛੋਂ ਦੀ ਸਤਵੀਂ ਸਦੀ (ਅਰਥਾਤ ਕਰੀਬਨ ਇਕ ਹਜ਼ਾਰ ਸਾਲ) ਤਕ ਹਿਮਾਲੀਆ ਤੋਂ ਲੈ ਕੇ ਲੰਕਾ ਤਕ ਤੇ ਉੜੀਸਾ ਤੋਂ ਗੁਜਰਾਤ ਤਕ ਸਾਕਿਆ (Sakya) ਦੇ ਪ੍ਰਚਾਰੇ ਹੋਏ ਬੁੱਧ-ਮੱਤ ਦਾ ਬੋਲ-ਬਾਲਾ ਸੀ[10]।' (ਪਰ ਸਾਈਕਸ ਮੁਤਾਬਿਕ ਹੀ 257 ਏ. ਡੀ. ਦੇ ਕਰੀਬ ਬ੍ਰਾਹਮਣ-ਮੱਤ ਨੇ ਕਿਧਰੇ ਕਿਧਰੇ ਸਿਰ ਚੁਕਣਾ ਸ਼ੁਰੂ ਕਰ ਦਿਤਾ ਸੀ)। ਰਾਜਸੀ ਮੈਦਾਨ ਵਿਚ ਵੀ ਚੀਨੇ ਫਾਹੀਆਨ ਨੇ ਵੇਖਿਆ ਕਿ 'ਦਰਿਆ (ਜਮਨਾ) ਦੇ ਪੱਛਮ ਵਲ ਅਤੇ ਰੇਗਸਤਾਨ ਨੂੰ ਤੈ ਕਰਨ ਪਿਛੋਂ ਅਤੇ ਜਮਨਾ ਅਤੇ ਰੇਗਸਤਾਨ ਦੇ ਚੜ੍ਹਦੇ ਵਲ ਜਾਣ ਤਕ. ਸਾਰੇ ਰਾਜਾਂ ਦੇ ਰਾਜੇ ਬੁੱਧ-ਮੱਤ ਨੂੰ ਪੱਕੇ ਤੌਰ ਉਤੇ ਮੰਨਣ ਵਾਲੇ ਹਨ[11]।' ਪਰ ਜਿਵੇਂ ਅਗੇ ਜ਼ਿਕਰ ਕੀਤਾ ਜਾ ਚੁੱਕਾ ਹੈ, ਇਨ੍ਹਾਂ ਬੋਧੀਆਂ (ਇਕ ਹਜ਼ਾਰ ਸਾਲ ਦੇ ਕਰੀਬ ਧਾਰਮਕ ਤੇ ਰਾਜਸੀ ਤੌਰ ਉਤੇ ਗ਼ਾਲਬ ਰਹਿਣ ਦੇ ਬਾਵਜੂਦ) ਵਿਚੋਂ 1911 ਦੀ ਮਰਦਮ-ਸ਼ੁਮਾਰੀ ਵਿਚ 'ਕੇਵਲ ਉੜੀਸਾ ਵਿਚ ਦੋ ਹਜ਼ਾਰ ਦੇ ਕਰੀਬ ਬਚੇ ਖੁਚੇ ਰਹਿ ਗਏ। ਹੋਰਨੀਂ ਥਾਈਂ ਜੋ ਬੋਧੀ (ਮਰਦਮ ਸ਼ੁਮਾਰੀ ਵਿਚ) ਗਿਣੇ ਗਏ, ਉਹ ਦੇਸ ਤੋਂ ਬਾਹਰੋਂ ਆਏ ਹੋਏ ਸਨ[12] (immigrants)।' ਉਪਨਸ਼ਿਦਾਂ ਵਾਂਕੁਰ ਬੁੱਧ-ਮੱਤ ਨੂੰ ਤਰੋੜ ਮਰੋੜ ਕੇ ਨਹੀਂ



ਸੀ ਨਿਗਲਿਆ ਗਿਆ। ਬੋਧੀਆਂ ਨੂੰ ਸਿੱਧੇ ਸਿਧਾਂਤਕ ਹਮਲੇ ਰਾਹੀਂ ਹੜੱਪ ਕੀਤਾ ਗਿਆ। ਇਹ ਕਿਉਂ ਵਾਪਰਿਆ ?

ਬੋਧੀਆਂ ਨੂੰ ਨਾਸਤਕ ਕਹਿਕੇ ਭੰਡਿਆ ਗਿਆ, ਪਰ ਅਸਲੀ ਕਾਰਨ ਇਹ ਨਹੀਂ ਸੀ। ਇਕ ਨਜ਼ਰੀਆ ਬੋਧੀਆਂ ਨੂੰ ਨਾਸਤਕ ਨਹੀਂ ਮੰਨਦਾ ਕਿਉਂਕਿ ਬੋਧੀ ਇਸ ਜਨਮ ਦੇ ਸੁਭ ਅਸੁਭ ਕਰਮਾਂ ਦੇ ਸਿੱਟੇ ਮਰਨ ਤੋਂ ਪਿਛੋਂ ਭੁਗਤਣ ਵਿਚ ਯਕੀਨ ਰਖਦੇ ਹਨ, ਜਿਸ ਦੀ ਇਹ ਤਨਕੀਹ ਨਿਕਲ ਸਕਦੀ ਹੈ ਕਿ ਇਨਾਮ ਜਾਂ ਸਜ਼ਾ ਦੇਣ ਵਾਲੀ ਸ਼ਕਤੀ ਵਿਚ ਇਨ੍ਹਾਂ ਦਾ ਯਕੀਨ ਹੋ ਸਕਦਾ ਸੀ[13]। ਪਰ ਜੇ ਬੋਧੀਆਂ ਨੂੰ ਨਾਸਤਕ ਵੀ ਮੰਨ ਲਿਆ ਜਾਏ, ਸਨਾਤਨ ਹਿੰਦੂ ਧਰਮ ਦੇ ਵੀ ਸਾਂਖ (Sankhya) ਆਦਿ ਨਾਸਤਕ ਫਿਰਕੇ ਹਨ। ਇਸਤੋਂ ਇਲਾਵਾ ਪੁਰਾਤਨ ਹਿੰਦੂ ਧਰਮ ਵਿਚ ਧਾਰਮਕ ਵਿਚਾਰ ਧਾਰਨ ਕਰਨ ਦੀ ਬਹੁਤ ਖੁਲ੍ਹ ਰਹੀ ਹੈ। ਬਾਪ ਜੇ ਸ਼ਿਵਾ ਦਾ ਉਪਾਸ਼ਕ ਹੋਵੇ ਤਾਂ ਉਸਦਾ ਪੁੱਤਰ ਵੈਸ਼ਨੋ ਹੋ ਸਕਦਾ ਸੀ[14]। 'ਇਕੋ ਧਾਰਮਕ ਸੁਸਾਇਟੀ ਵਿਚ ਇਸ ਤੋਂ ਵਧ ਧਾਰਮਕ ਬੁਰਦਬਾਰੀ (tolerance) ਦੀ ਆਸ ਕਰਨੀ ਮੁਸ਼ਕਿਲ ਹੈ[15]।' ਇਹ ਸਨਾਤਨ ਧਾਰਮਕ ਬੁਰਦਬਾਰੀ ਦੀ ਰਵਾਇਤ ਜੇ ਨਿਖੜ ਕੇ ਟੁਟੀ ਤਾਂ ਜਾਂ ਬੋਧੀਆ (ਤੇ ਥੋੜੀ ਹਦ ਤਕ ਜੈਨੀਆਂ) ਦੇ ਬਰਖਲਾਫ਼ ਜਾਂ ਇਸਲਾਮ ਦੇ। ਇਸਲਾਮ ਦੇ ਪੈਰੋਕਾਰਾਂ ਵਿਰੁਧ ਹਿੰਦੂਆਂ ਦੇ ਜਜ਼ਬੇ ਦਾ ਕਾਰਨ ਤਾਂ ਸਮਝ ਆਉਂਦਾ ਹੈ ਕਿਉਂਕਿ ਹਿੰਦ ਦੇ ਮੁਸਲਮਾਨ ਹਾਕਮਾਂ ਨੇ ਹਿੰਦੂਆਂ ਦੇ ਡੂੰਘੇ ਮਜ਼ਬੀ ਜਜ਼ਬਿਆਂ ਨੂੰ ਠੇਸ ਲਾਈ। ਪਰ ਦਇਆ ਅਤੇ ਧਾਰਮਕ ਬੁਰਦਬਾਰੀ ਬੁੱਧ-ਮਤ ਦੇ ਉਘੜਵੇਂ ਅੰਗ ਹਨ, ਅਤੇ ਇਸ ਸਿਲਸਿਲੇ ਵਿਚ ਜੋ ਅਮਲੀ ਵਰਤੋਂ ਬੋਧੀਆਂ ਵਿਖਾਈ, ਉਸ ਦਾ ਹੋਰ ਵਡੇ ਵਡੇ ਧਰਮਾਂ ਦੇ ਪੈਰੋਕਾਰਾਂ ਦੀ ਅਮਲੀ ਵਰਤੋਂ ਮੁਕਾਬਲਾ ਨਹੀਂ ਕਰਦੀ। ਮਹਾਤਮਾ ਬੁੱਧ ਨੇ ਬ੍ਰਾਹਮਣਾਂ ਨੂੰ ਸਨਮਾਨ ਦਿਤਾ ਅਤੇ ਅਸ਼ੋਕ ਨੇ ਚਟਾਨਾਂ ਉਤੇ ਉਕਰੇ ਆਪਣੇ ਹੁਕਮਾਂ (edicts) ਵਿਚ ਬ੍ਰਾਹਮਣਾਂ ਨੂੰ ਸਨਮਾਨਣ ਦਾ ਪ੍ਰਚਾਰ ਕੀਤਾ। ਫਿਰ ਹਿੰਦ ਵਿਚੋਂ ਉਪਜੇ ਸਭ ਧਰਮਾਂ ਵਿਚੋਂ ਕੇਵਲ ਬੋਧੀਆਂ ਨੂੰ ਨਫ਼ਰਤ ਅਤੇ ਧੱਕੇਸ਼ਾਹੀ ਦਾ ਨਿਸ਼ਾਨਾ ਕਿਉਂ ਬਣਾਇਆ ਗਿਆ[16], ਅਤੇ ਬੋਧੀਆਂ ਨੂੰ ਹਿੰਦ ਦੀ ਵਸੋਂ ਵਿਚੋਂ ਇਸ ਤਰ੍ਹਾਂ ਕਿਉਂ ਨਿਕਾਸਿਆ ਗਿਆ ਜਿਵੇਂ ਆਦਮੀ ਦਾ ਜਿਸਮ ਆਪਣੇ ਅੰਦਰ ਪੈਦਾ ਹੋਏ ਨਾ-ਮੁਆਫਿਕ ਤੱਤ ਨੂੰ ਸਹਾਰ ਨਹੀਂ ਸਕਦਾ ਅਤੇ ਬਾਹਰ ਕੱਢ ਕੇ ਹੀ ਸੁਖ ਦਾ ਸਾਹ ਲੈਂਦਾ ਹੈ।

ਇਕ ਕਾਰਨ ਇਹ ਸੀ ਕਿ ਬੁੱਧ-ਮੱਤ ਵੇਦਾਂ ਨੂੰ ਨਹੀਂ ਸੀ ਮੰਨਦਾ, ਪੁਜਾਰੀ ਬ੍ਰਾਹਮਣ ਜਾਤੀ ਦੇ ਅਸਰ ਰਸੂਖ ਉਤੇ ਸੱਟ ਮਾਰਦਾ ਸੀ, ਅਤੇ ਬ੍ਰਾਹਮਣ-ਮੱਤ ਦੀ ਚਲਾਈ ਪੂਜਾ ਅਤੇ ਰਸਮਾਂ ਨੂੰ ਠੁਕਰਾਉਂਦਾ ਸੀ। ਜਿਵੇਂ ਅਗੇ ਚਲ ਕੇ ਕਿਸੇ ਲੇਖ ਵਿਚ ਵੇਖਿਆ ਜਾਵੇਗਾ, ਵੇਦਾਂ ਦੀ ਮਨੌਤ, ਬ੍ਰਾਹਮਣਾ ਦਾ ਸਨਮਾਨ ਅਤੇ ਬ੍ਰਾਹਮਣ-ਮੱਤ ਦੀ ਰਹੁ-ਰੀਤੀ 'ਹਿੰਦੂ-ਧਰਮਾ' (dharma...ਧਰਮ ਦੇ ਅਸਲੀ ਤੱਤ ਤੋਂ ਨਿਖੇੜਨ ਲਈ ਇਸ ਦੀ ਵਰਤੋਂ ਵਿਹਾਰ ਦਾ ਨਾਮ 'ਧਰਮਾ' ਲਿਖਿਆ ਹੈ) ਦੀ ਜਿੰਦ-ਜਾਨ ਸਨ, ਅਤੇ 'ਹਿੰਦੂ ਧਰਮਾ' ਜੇ ਜਾਤ-ਪਾਤੀ ਪ੍ਰਬੰਧ ਦਾ ਦੂਸਰਾ ਨਾਂ ਹੀ ਨਹੀਂ ਸੀ ਤਾਂ ਜਾਤ-ਪਾਤੀ ਪ੍ਰਬੰਧ ਨਾਲ ਘਿਉ-ਖਿਚੜੀ ਦਾ ਮੇਲ ਜ਼ਰੂਰ ਰਖਦਾ ਸੀ। ਪਰ ਵੇਦਾਂ, ਬ੍ਰਾਹਮਣਾਂ ਅਤੇ ਬ੍ਰਾਹਮਣ-ਮੱਤ ਦੀ ਰਹੁ-ਰੀਤੀ ਨੂੰ ਜੈਨੀ ਅਤੇ ਹੋਰ ਸਨਾਤਨ-ਧਰਮਾ-ਵਿਰੋਧੀ (heretics) ਵੀ ਨਹੀਂ ਸਨ ਮੰਨਦੇ। ਫਿਰ ਬੋਧੀਆਂ ਨੂੰ ਸਨਾਤਨ ਹਿੰਦੂ-ਧਰਮਾ ਦੀ ਨਫ਼ਰਤ ਦਾ ਮੁਖ ਨਿਸ਼ਾਨਾ ਕਿਉਂ ਬਣਾਇਆ ਗਿਆ ? ਇਸ ਦਾ ਮੁਖ ਕਾਰਨ ਇਹ ਸੀ ਕਿ ਜਿਸ ਹਦ ਤਕ ਬੋਧੀਆਂ ਦੇ ਧਾਰਮਕ ਪ੍ਰਚਾਰ ਅਤੇ ਰਾਜਸੀ ਤਾਕਤ ਨੇ ਜਾਤ-ਪਾਤੀ ਭਾਈਚਾਰਕ ਪ੍ਰਬੰਧ ਲਈ ਖ਼ਤਰਾ ਪੈਦਾ ਕਰ ਦਿਤਾ ਸੀ, ਜੈਨੀਆਂ ਜਾਂ ਹੋਰ ਸਨਾਤਨ-ਧਰਮਾਂ-ਵਿਰੋਧੀਆਂ ਨੇ ਉਸ ਹਦ ਤਕ

ਨਹੀਂ ਸੀ ਕੀਤਾ। ਬੁੱਧ-ਮੱਤ ਆਪਣਾ ਅਡਰਾ ਧਾਮਾ (dhamma...ਬੋਧੀਆਂ ਨੇ ਧਰਮਾ ਦੀ ਬਜਾਏ ਧਾਮਾ ਸ਼ਬਦ ਵਰਤਿਆ ਹੈ) ਚਲਾਉਣ ਵਿਚ ਕਾਮਯਾਬ ਹੋ ਗਿਆ ਸੀ। ਭਾਵੇਂ ਇਸ ਦੀ ਅਮਲੀ ਵਰਤੋਂ ਭਿਕਸ਼ੂਆਂ ਤਕ ਮਹਿਦੂਦ ਸੀ, ਪਰ ਇਹ ਪਿਤਰ-ਤਾਈ (heredity) ਤੇ ਜਾਤ-ਪਾਤ ਉਤੇ ਕਾਇਮ ਹੋਣ ਦੀ ਬਜਾਏ ਸ਼ੁਭ ਕਰਮਾਂ ਅਤੇ ਸ਼ੁਭ ਆਚਾਰ ਉਤੇ ਆਧਾਰਤ ਸੀ। ਇਸ ਕਰਕੇ ਹਿੰਦੂ-ਧਰਮਾ ਅਤੇ ਬੋਧੀ-ਧਾਮਾ ਦੀਆਂ ਭਾਈਚਾਰਕ ਕੀਮਤਾਂ (values) ਦੇ ਆਪਸ ਵਿਚ ਸਮੋਏ ਜਾਣ ਦੀ ਗੁੰਜਾਇਸ਼ ਨਹੀਂ ਸੀ। ਜੇ ਕੇਵਲ ਧਾਰਮਕ ਅਕੀਦੇ ਦਾ ਸਵਾਲ ਹੁੰਦਾ ਤਾਂ ਹਿੰਦੂ ਪੁਰਾਤਨਤਾ (orthodoxy) ਬੁੱਧ-ਮੱਤ ਨਾਲ ਠੀਆ-ਠੱਪਾ ਕਰਨ ਦਾ ਸ਼ਾਇਦ ਕੋਈ ਰਾਹ ਢੂੰਡ ਲੈਂਦੀ ਜਿਵੇਂ ਇਹ ਹੋਰ ਗੈਰ-ਪੁਰਾਤਨ (unorthodox) ਅਕੀਦਿਆਂ ਨਾਲ ਸਮੋਈ ਕਰਨ ਦਾ ਰਾਹ ਕਢਦੀ ਰਹੀ ਸੀ। ਪਰ ਜਾਤ-ਪਾਤੀ ਪ੍ਰਬੰਧ ਦਾ ਸਾਰਾ ਉਸਾਰ ਪਿਤਰ-ਤਾਈ ਅਤੇ ਨਾ-ਬਰਾਬਰੀ ਦੀਆਂ ਕੀਮਤਾਂ ਉਤੇ ਖੜਾ ਸੀ, ਜਿਨ੍ਹਾਂ ਦਾ ਬੋਧੀ ਕੀਮਤਾਂ ਨਾਲ ਮੇਲ ਅੱਗ ਪਾਣੀ ਦੇ ਮੇਲ ਬਰਾਬਰ ਸੀ। ਬੋਧੀ ਕੀਮਤਾਂ ਨੂੰ ਅਪਣਾਉਣ ਨਾਲ ਜਾਤ-ਪਾਤੀ ਪ੍ਰਬੰਧ ਟੁਟਦਾ ਸੀ ਜੋ ਹਿੰਦੂ-ਧਰਮਾ ਨੂੰ ਕਿਸੇ ਹਾਲਤ ਵਿਚ ਮਨਜ਼ੂਰ ਨਹੀਂ ਸੀ।

ਇਸ ਤੋਂ ਇਲਾਵਾ ਬੁੱਧ-ਮੱਤ ਨੇ ਹਿੰਦੂ-ਧਰਮਾ ਨੂੰ ਕੇਵਲ ਖ਼ਿਆਲੀ ਪੱਧਰ (theoretical) ਉਤੇ ਹੀ ਚੈਲੰਜ ਨਹੀਂ ਸੀ ਕੀਤਾ। ਜਿਵੇਂ ਅਗੇ ਦਸਿਆ ਜਾ ਚੁਕਾ ਹੈ, ਇਕ ਹਜ਼ਾਰ ਸਾਲ ਦੇ ਕਰੀਬ ਦੇਸ ਦੇ ਵਡੇ ਭਾਗ ਵਿਚ ਰਾਜਸੀ ਤਾਕਤ ਬੋਧੀਆਂ ਦੇ ਹੱਥ ਰਹੀ। ਜੇ ਏਸ ਲੰਮੇ ਸਮੇਂ ਵਿਚ ਬੋਧੀਆਂ ਨੇ ਜਾਤ-ਪਾਤੀ ਪ੍ਰਬੰਧ ਬਦਲਣ ਦੀ ਕੋਸ਼ਿਸ਼ ਨਾ ਕੀਤੀ ਤਾਂ ਕਸੂਰ ਉਨ੍ਹਾਂ ਦਾ ਸੀ। ਹਿੰਦੂ ਪੁਰਾਤਨਤਾ ਨੂੰ ਨਿਉਂ ਕੇ ਦਿਨ ਕਟਣੇ ਪਏ ਸਨ ਅਤੇ ਉਸ ਨੇ ਇਸ ਤੋਂ ਉਪਜ ਸਕਣ ਵਾਲੀਆਂ ਸੰਭਾਵਨਾਵਾਂ ਨੂੰ ਪੂਰੀ ਤਰ੍ਹਾਂ ਭਾਂਪ ਲਿਆ ਸੀ। ਜਦੋਂ ਹਿੰਦੂ ਪੁਰਾਤਨਤਾ ਨੂੰ ਸਿਰ ਚੁਕਣ ਦਾ ਮੌਕਿਆ ਮਿਲਿਆ ਤਾਂ ਉਸ ਨੇ ਦ੍ਰਿੜ੍ਹ ਕਰ ਲਿਆ ਕਿ ਬੋਧੀਆਂ ਤੋਂ ਜਾਤ-ਪਾਤੀ ਪ੍ਰਬੰਧ ਨੂੰ ਖ਼ਤਰਾ ਪੈ ਸਕਣ ਦੀ ਸੰਭਾਵਨਾ ਨੂੰ ਹੀ ਸਦਾ ਲਈ ਖ਼ਤਮ ਕਰ ਦਿਤਾ ਜਾਏ। ਇਸ ਅਨੁਮਾਨ ਦੀ ਪੁਸ਼ਟੀ ਇਸ ਅਰਥ-ਭਰਪੂਰ ਹਕੀਕਤ ਤੋਂ ਹੁੰਦੀ ਹੈ ਕਿ ਹਿੰਦੂ ਪੁਰਾਤਨਤਾ ਦਾ ਗੈਰ-ਪੁਰਾਤਨੀਆਂ (heretics) ਨਾਲ ਵਿਰੋਧ ਦਾ ਮਾਪ ਕੇਵਲ ਧਾਰਮਕ ਵਿਚਾਰਾਂ ਦਾ ਇਖ਼ਤਲਾਫ਼ ਨਹੀਂ ਸੀ। ਜੈਨ-ਮੱਤ ਬੁੱਧ-ਮੱਤ ਨਾਲੋਂ ਘਟ ਗੈਰ-ਪੁਰਾਤਨੀਆਂ ਨਹੀਂ ਸੀ। ਜੈਨ-ਮੱਤ ਤੇ ਕਈ ਹੋਰ ਗੈਰ-ਪੁਰਾਤਨੀਏ ਨਾ ਰੱਬ ਤੇ ਵੇਦਾਂ ਨੂੰ ਮੰਨਦੇ ਸਨ ਅਤੇ ਨਾ ਹੀ ਬ੍ਰਾਹਮਣਾਂ ਜਾਂ ਉਨ੍ਹਾਂ ਦੀ ਰਹੁਰੀਤੀ ਨੂੰ। ਹਿੰਦੂ-ਪੁਰਾਤਨਤਾ ਦਾ ਗ਼ੈਰ-ਪੁਰਾਤਨਤਾ ਨਾਲ ਵਿਰੋਧਤਾ ਦਾ ਅਸਲੀ ਮਾਪ ਜਾਤ-ਪਾਤੀ ਪ੍ਰਬੰਧ ਨੂੰ ਉਪਜਿਆ ਜਾਂ ਉਪਜ ਸਕਣ ਵਾਲਾ ਖ਼ਤਰਾ ਸੀ। ਅਰਥਾਤ ਜਿਤਨੀ ਵੱਧ ਕੋਈ ਗੈਰ-ਪੁਰਾਤਨਤਾ ਜਾਤ-ਪਾਤੀ ਪ੍ਰਬੰਧ ਨੂੰ ਅਮਲੀ ਤੌਰ ਉਤੇ ਚੈਲੰਜ ਕਰਦੀ, ਉਤਨੀ ਹੀ ਵਧ ਉਸ ਦੀ ਮੁਖਾਲਫਿਤ ਹਿੰਦੂ-ਪੁਰਾਤਨਤਾ ਕਰਦੀ। ਇਹੋ ਕਾਰਨ ਹੈ ਕਿ ਜੈਨੀਆਂ ਨੂੰ ਬੋਧੀਆਂ ਨਾਲੋਂ ਘਟ ਰਗੜਾ ਲੱਗਾ ਅਤੇ ਹੋਰਨਾਂ ਗੈਰ-ਪੁਰਾਤਨੀਆਂ ਨੂੰ ਜੈਨੀਆਂ ਨਾਲੋਂ ਘਟ। 'ਲੋੜ ਪੈਣ ਉਤੇ ਜੈਨ-ਮੱਤ ਵਾਲੇ ਹਿੰਦੂਆਂ ਦੇ ਹਰਮਨ ਪਿਆਰੇ ਦੇਵਤਿਆਂ ਵਿਚੋਂ ਕੁਝ ਇਕ ਨੂੰ ਆਪਣੇ ਦੇਵਤਿਆਂ ਵਿਚ ਸ਼ਾਮਿਲ ਕਰ ਲੈਂਦੇ। ਇਸ ਤੋਂ ਇਲਾਵਾ ਜੈਨ-ਮੱਤ ਜਾਤ-ਪਾਤ ਦੀ ਵਿਚਾਰਧਾਰਾ ਦੇ ਵਿਰੁਧ ਨਹੀਂ ਸੀ। ਹੋਰ ਗੈਰ-ਪੁਰਾਤਨੀਆਂ ਦੇ ਮੁਕਾਬਲੇ ਇਹ (ਜੈਨ-ਮੱਤ) ਹਿੰਦੂ-ਮੱਤ ਦੇ ਘਟ ਬਰਖਲਾਫ਼ ਸੀ ਅਤੇ ਇਸ ਨਾਲ ਲੈਣ ਦੇਣ (accommodate) ਕਰਨ ਨੂੰ ਤਿਆਰ ਸੀ। ਇਸ ਲੈਣ ਦੇਣ ਦੀ ਸਪਿਰਟ ਦਾ ਨਤੀਜਾ ਇਹ ਨਿਕਲਿਆ ਕਿ ਜੈਨ-ਮੱਤ ਹੁਣ ਤਕ ਵੀ ਹਿੰਦ ਵਿਚ ਜ਼ਿੰਦਾ ਹੈ, ਜਿਥੇ ਇਸ ਦੇ ਉਲਟ ਇਸ ਦੀ



(ਜੈਨ-ਮੱਤ ਦੀ) ਜੌੜੀ ਭੈਣ ਬੁੱਧ-ਮੱਤ ਨੂੰ ਵਸੇਬਾ ਹੋਰ ਥਾਂ (ਹਿੰਦ ਤੋਂ ਬਾਹਰ) ਢੂੰਡਣਾ ਪਿਆ[17]।'

ਇਕ ਹੋਰ ਅਰਥ ਭਰਪੂਰ ਹਕੀਕਤ ਇਹ ਹੈ ਕਿ ਜਦ ਬੁਧ-ਮੱਤ ਵਲੋਂ ਜਾਤ-ਪਾਤੀ ਪ੍ਰਬੰਧ ਨੂੰ ਖ਼ਤਰਾ ਨਾ ਰਿਹਾ ਤਾਂ ਹਿੰਦੂ ਪੁਰਾਤਨਤਾ ਨੇ ਜਿਨ੍ਹਾਂ ਬੋਧੀਆਂ ਨੂੰ ਚੁਣ ਚੁਣ ਕੇ ਮੱਖਣ ਵਿਚੋਂ ਵਾਲ ਵਾਂਙੂ ਕਢਿਆ ਸੀ ਉਨ੍ਹਾਂ ਦੇ ਹੀ ਬਾਨੀ ਬੁੱਧ ਮਹਾਤਮਾ ਨੂੰ ਵਿਸ਼ਨੂੰ ਦਾ ਅਵਤਾਰ ਮੰਨ ਕੇ ਆਪਣੇ ਦੇਵਤਿਆਂ ਦੀ ਲਿਸਟ ਵਿਚ ਸ਼ਾਮਿਲ ਕਰ ਲਿਆ।[18]

ਬੁੱਧ-ਮੱਤ ਨੇ ਜਾਤ-ਪਾਤੀ ਪ੍ਰਬੰਧ ਨੂੰ ਬਦਲਣ ਦਾ ਜਾਂ ਯਤਨ ਨਾ ਕੀਤਾ ਜਾਂ ਨਾ ਕਰ ਸਕਿਆ। ਬੋਧੀਆਂ ਦੀ ਹਿੰਦ ਵਿਚੋਂ ਸੱਫ ਹੀ ਤਕਰੀਬਨ ਵਲ੍ਹੇਟੀ ਗਈ। ਪਰ ਇਸ ਦੇ ਬਾਵਜੂਦ ਬੁੱਧ-ਮੱਤ ਦੀ ਦੇਸ ਦੀ ਭਾਈਚਾਰਕ ਸਥਿਤੀ ਨੂੰ ਮਹਾਨ ਦੇਣ ਹੈ। ਇਸ ਨੇ ਹਿੰਦੂ ਪੁਰਾਤਨਤਾ ਦੇ ਗੜ੍ਹ ਵਿਚ ਇਕ ਵਡਾ ਮਘੋਰਾ ਪਾ ਦਿਤਾ। ਧਰਮ ਹੁਣ ਕੇਵਲ ਉਚੀਆਂ ਜਾਤੀਆਂ, ਖ਼ਾਸ ਕਰ ਬ੍ਰਾਹਮਣਾਂ, ਦੀ ਵਾਹਦ ਮਲਕੀਅਤ ਨਾ ਰਿਹਾ, ਅਤੇ ਧਾਰਮਕ ਲਿਖਤ ਤੇ ਚਰਚਾ ਸੰਸਕ੍ਰਿਤ ਦੇ ਦਾਇਰੇ ਵਿਚ ਸੀਮਤ ਨਾ ਰਹੀਆਂ। ਮਹਾਤਮਾ ਬੁੱਧ ਨੇ ਧਰਮ ਦੇ ਦਰ ਸਭ ਜਾਤੀਆਂ ਲਈ ਖੋਲ੍ਹ ਦਿਤੇ ਅਤੇ ਉਨ੍ਹਾਂ ਦੇ ਚੇਲਿਆਂ ਨੇ ਆਪਣੇ ਵਿਚਾਰਾਂ ਨੂੰ ਆਮ ਜਨਤਾ ਤਕ ਪਹੁੰਚਾਣ ਲਈ ਲੋਕਾਂ ਵਿਚ ਪ੍ਰਚੱਲਤ ਜ਼ਬਾਨਾਂ ਨੂੰ ਵਰਤਿਆ ਤੇ ਪ੍ਰਫੁਲਤ ਕੀਤਾ[19]। ਅਗੋਂ ਤੋਂ ਹਰ ਇਕ ਧਾਰਮਕ ਫਿਰਕੇ (ਬ੍ਰਾਹਮਣਾਂ ਸਮੇਤ) ਲਈ ਜਨਤਾ ਦੇ ਪ੍ਰਤਿਕਰਮਾਂ ਨੂੰ ਧਿਆਨ ਵਿਚ ਰਖਣਾ ਲਾਜ਼ਮੀ ਹੋ ਗਿਆ। ਹਿੰਦੂ-ਪੁਰਾਤਨਤਾ ਜਾਤ-ਪਾਤੀ ਪ੍ਰਬੰਧ ਨੂੰ ਤਾਂ ਕਿਸੇ ਹਾਲਤ ਵਿਚ ਵੀ ਛੱਡਣ ਜਾਂ ਬਦਲਣ ਲਈ ਤਿਆਰ ਨਹੀਂ ਸੀ, ਪਰ ਇਹ ਹਾਲਤ ਵੀ ਨਹੀਂ ਸੀ ਰਹੀ ਕਿ ਉਸ ਦੇ ਫਤਵਿਆਂ ਨੂੰ ਬਿਨਾਂ ਹੀਲ-ਹੁਜਤ ਦੇ ਪ੍ਰਵਾਨਿਆ ਜਾਏ। ਬੁੱਧ-ਮੱਤ ਤੋਂ ਵਖਰੇ ਕਈ ਹੋਰ ਗੈਰ-ਪੁਰਾਤਨ ਧਾਰਮਕ ਲੋਕ-ਪ੍ਰਿਯ ਫਿਰਕੇ ਵੀ ਉਠ ਖੜੇ ਹੋਏ। ਹਿੰਦੂ-ਪੁਰਾਤਨਤਾ ਨੇ ਵੇਖ ਲਿਆ ਕਿ ਬੁੱਧ-ਮੱਤ ਨੇ ਜੋ ਧਾਰਮਕ ਦਾਇਰੇ ਵਿਚ ਜਨਤਕ ਸ਼ਮੂਲੀਅਤ ਤੇ ਪ੍ਰਵਾਨਗੀ ਦਾ ਹੜ੍ਹ ਚਲਾ ਦਿਤਾ ਸੀ, ਇਸ ਨੂੰ ਬੰਨ੍ਹ ਲਾ ਕੇ ਵੇਦਕ-ਧਰਮ ਨੂੰ ਇਨ ਬਿਨ ਕਾਇਮ ਨਹੀਂ ਸੀ ਰਖਿਆ ਜਾ ਸਕਦਾ। ਇਸ ਹੜ੍ਹ ਦਾ ਕੇਵਲ ਮੁਹਾਨ ਮੋੜ ਕੇ ਜਾਤ-ਪਾਤੀ ਪ੍ਰਬੰਧ ਨੂੰ ਸੁਰਖਿਅਤ ਰਖਣ ਦੇ ਮੁਖ ਨਿਸ਼ਾਨੇ ਲਈ ਇਸ ਨੂੰ ਵਰਤਿਆ ਜਾ ਸਕਦਾ ਸੀ। ਸੋ ਹਿੰਦੂ-ਪੁਰਾਤਨਤਾ ਨੇ ਆਪਣਾ ਪੈਂਤੜਾ ਬਦਲਿਆ। ਇਕ ਬੰਨੇ ਉਨ੍ਹਾਂ ਬੁੱਧ-ਮੱਤ ਤੋਂ ਵਖਰੇ ਪੈਦਾ ਹੋਏ ਹੋਰਨਾਂ ਹਰਮਨ ਪਿਆਰੇ ਧਾਰਮਕ ਉਭਾਰਾਂ ਨੂੰ ਆਪਣੇ ਦੁਸ਼ਮਣ ਨੰਬਰ ਇਕ (ਬੁੱਧ-ਮੱਤ) ਨੂੰ ਢਾਹੁਣ ਲਈ ਵਰਤਿਆ। ਦੂਸਰੇ ਬੰਨੇ, ਇਨ੍ਹਾਂ ਧਾਰਮਕ ਉਭਾਰਾਂ ਵਿਚ ਐਸੀਆਂ ਤਬਦੀਲੀਆਂ ਲਿਆਂਦੀਆਂ ਜਿਨ੍ਹਾਂ ਰਾਹੀਂ ਹਿੰਦੂ-ਪੁਰਾਤਨਤਾ ਵਿਰੁਧ ਇਨ੍ਹਾਂ ਦਾ ਵੇਗ ਜਾਂ ਬਿਲਕੁਲ ਖ਼ਤਮ ਕਰ ਦਿਤਾ ਜਾਂ ਨਾ-ਹੋਏ ਬਰਾਬਰ। ਸਾਡਾ ਏਥੇ ਇਹ ਦਾਹਵਾ ਕਰਨ ਦਾ ਭਾਵ ਨਹੀਂ ਕਿ ਧਾਰਮਕ ਉਭਾਰ ਹਰ ਹਾਲਤ ਵਿਚ ਕੇਵਲ ਦੁਨਿਆਵੀ ਹਿੱਤਾਂ ਨੂੰ ਮੁਖ ਰਖ ਕੇ ਪੈਦਾ ਹੁੰਦੇ ਹਨ। ਪਰ ਜਿਵੇਂ ਅਸੀਂ ਅਗੇ ਚਲਕੇ ਵੇਖਾਂਗੇ, ਉਪ੍ਰੋਕਤ ਅਨੁਮਾਨ (hypothesis) ਹੋਰਨਾਂ ਅਨੁਮਾਨਾਂ ਨਾਲੋਂ ਬੁੱਧ-ਮੱਤ ਦੇ ਜ਼ੋਰ ਹੱਟਣ ਪਿਛੋਂ ਬ੍ਰਾਹਮਣ-ਮੱਤ ਵਿਚ ਪੈਦਾ ਹੋਏ ਅੰਦਰੂਨੀ ਅਜੋੜਾਂ (contradictions), ਇਸ ਦੀ ਮੋਟੀ ਸੋਧ, ਅਤੇ ਇਸ ਦੇ ਗ਼ੈਰ-ਬੋਧੀ ਗੈਰ-ਪੁਰਾਤਨ ਫਿਰਕਿਆਂ (heresies) ਨਾਲ ਸੰਬੰਧਾਂ ਨੂੰ ਸਪੱਸ਼ਟਤਾ ਨਾਲ ਸਮਝਣ ਵਿਚ ਵਧੇਰੇ ਸਹਾਇਕ ਹੈ।

—ਚਲਦਾ

1. Winternity, History of Sanskrit Literature, p. 237. 2. Ch. up., ii, 23.1; v. 10.1; Mund. up., 1.2.11; Br. up., iv, 4.22. 3. Macdonal,

History of Sanskrit Literature, p. 215; Max Muller, Origin of Vedanta, p. 16; Denssen, Religion and Philosophy of the Upanishads, p. 21; The History and Culture of the Indian people, Bharatiya Vidhya Bhavan, Vol. i, pp. 229, 472. 4. Ka. up., 11.13. 5. Mu. up., 1.2.1. 6. Tai. up., 1.11.2. 7. See B. K. Chattopadhya, J. R. A. S. B, Third Series. Vol. 17. 8. U. C. Bhattacharjee, J. & P.A.S.B., New Series, Vol. 22. 9. Ibid. 10. J.R.A.S., Vol. vi, No. xii, p. 334. 11. Ibid, p. 384. 12. Max Weber, p. 18. 13. Sykes, J. R. A. S. Vol. vi, No. xii, p. 264. 14. Max Weber, p. 24. 15. Ibid, p. 23. 16. Wilson, J. R. A. S., Vol. xvi, p. 258; F.R.E., Vol. vi; Sykes, J. R. A. S., Vol. vi, No. xii, p. 290; Tara Chand, Influence of Islam...etc., pp. 8, 215. 17. Bhartiya Vidhya Bhavan, vol. ii, pp. 425, 450. 18. Cf.J.R.A.S.B.L., xv, p. 101. 19. Written Pali preceeds written Sanskrit (Sykes, J.R.A.S., Vol. vi, p. 357.

---


## ਸੋਧ ਇਥੋਂ ਮਿਲਦਾ ਹੈ

1. ਸਰਵਨ ਸਿੰਘ ਚਰਨ ਸਿੰਘ ਨਿਊਜ਼ਪੇਪਰ ਏਜੰਟਸ, ਹਾਲ ਦਰਵਾਜ਼ਾ, ਅੰਮ੍ਰਿਤਸਰ
2. ਸਾਲਿਗ ਰਾਮ, ਨਿਊਜ਼ ਪੇਪਰ ਏਜੰਟ, ਢੁਡੀਕੇ
3. ਸੁੰਦਰ ਬੁੱਕ ਡਿਪੋ, ਮਾਈ ਹੀਰਾਂ ਗੇਟ, ਜਲੰਧਰ
4. ਗਗਨ ਬੁੱਕ ਡਿਪੋ, ਨਕੋਦਰ
5. ਕਮਲ ਬੁਕ ਡਿਪੋ, ਬੱਸ ਅੱਡਾ ,ਪਟਿਆਲਾ
6. ਮਦਾਨ ਬੁੱਕ ਡਿਪੋ, ਅਦਾਲਤ ਬਾਜ਼ਾਰ, ਪਟਿਆਲਾ
7. ਗੁਲਾਬ ਸਿੰਘ ਐਂਡ ਸਨਜ਼, ਰੇਲਵੇ ਸਟੇਸ਼ਨ, ਲੁਧਿਆਣਾ
8. ਚੂਹੜ ਮਲ ਮੁਹਿੰਦਰਪਾਲ ਬਾਂਸਲ, ਬੱਸ ਅੱਡਾ, ਬਰਨਾਲਾ
9. ਜਥੇਦਾਰ ਨਿਊਜ਼ ਏਜੰਸੀ, ਗੁਰੂ ਸਰ ਸੁਧਾਰ
10. ਸੈਂਟਰਲ ਨਿਊਜ਼ ਏਜੰਸੀ, ਕਨਾਟ ਪਲੇਸ, ਨਵੀਂ ਦਿੱਲੀ
11. ਨੈਸ਼ਨਲ ਬੁਕ ਸ਼ਾਪ, ਚਾਂਦਨੀ ਚੌਂਕ, ਦਿੱਲੀ
12. ਵਰਮਾ ਬੁੱਕ ਡਿਪੋ, ਰੇਲਵੇ ਰੋਡ, ਬਠਿੰਡਾ
13. ਇੰਗਲਿਸ਼ ਬੁੱਕ ਡਿਪੋ, 22–ਡੀ ਸੈਕਟਰ, ਚੰਡੀਗੜ੍ਹ
14. ਵਿਪਨ ਬੁਕ ਸਟੋਰ, ਬੱਸ ਅੱਡਾ, ਮਾਨਸਾ
15. ਖ਼ਾਲਸਾ ਨਿਊਜ਼ ਏਜੰਸੀ, ਮੋਗਾ
16. ਮਦਨ ਬੁਕ ਸਟਾਲ, ਅੱਡਾ ਪੰਜਾਬ ਰੋਡਵੇਜ਼, ਹੁਸ਼ਿਆਰਪੁਰ
17. ਵਿਜੈ ਲਖਸ਼ਮੀ ਨਿਊਜ਼ ਏਜੰਸੀ, ਬੱਸ ਅੱਡਾ, ਅੰਮ੍ਰਿਤਸਰ
18. ਵਿਨੋਦ ਬੁੱਕ ਸਟਾਲ, ਬੱਸ ਅੱਡਾ, ਸੰਗਰੂਰ
19. ਮੋਹਨ ਲਾਲ ਐਂਡ ਬਰਾਦਰਜ਼, ਕਪੂਰਥਲਾ
20. ਹੁਸਨ ਲਾਲ ਐਂਡ ਸਨਜ਼, ਬੱਸ ਅੱਡਾ, ਦਸੂਆ
21. ਸੁਰਿੰਦਰ ਨਿਊਜ਼ ਏਜੰਸੀ, ਜਗਰਾਉਂ




"ਲਹੂ ਦੀ ਲੋਅ" ਬਾਰੇ

ਪ੍ਰੋ: ਕਿਸ਼ਨ ਸਿੰਘ

## ਪੇਸ਼ ਮਸਲੇ ਦੀ ਸਰਦਾਰੀ

ਜਦੋਂ ਕਿਸੇ ਰਚਨਾ ਵਿਚ ਕੋਈ ਭਖ਼ਦਾ ਸਮਾਜਕ ਮਨੁਖੀ ਮਸਲਾ ਸਹੀ ਪੇਸ਼ ਹੋਵੇ ਤਾਂ ਉਸ ਦੀ ਆਲੋਚਨਾ ਕਰਦਿਆਂ ਬਹਿਸ ਦਾ ਖਿਸਕ ਕੇ ਪੇਸ਼ ਮਸਲੇ 'ਤੇ ਕੇਂਦਰਤ ਹੋ ਜਾਣਾ ਕੋਈ ਬਹੁਤ ਅਣਹੋਣੀ ਗੱਲ ਨਹੀਂ । ਬਹਿਸ ਦਾ ਰਚਨਾ ਤੋਂ ਜ਼ਿੰਦਗੀ ਦੀ ਅਸਲੀਅਤ 'ਤੇ ਪਹੁੰਚ ਜਾਣਾ ਰਚਨਾ ਦੀ ਊਣਤਾਈ ਨਹੀਂ, ਉਸ ਦੀ ਮਜ਼ਬੂਤੀ ਤੇ ਵਡਿਆਈ ਹੈ । ਬਹਿਸ ਦਾ ਪੇਸ਼ ਮਸਲੇ ਉਤੇ ਕੇਂਦਰਤ ਹੋ ਜਾਣਾ, ਸਗੋਂ ਇਕ ਪਾਸੇ ਤੋਂ ਇਸ ਗੱਲ ਦੀ ਗੁਆਹੀ ਹੈ ਕਿ ਲੇਖਕ ਦੀ ਵਿਸ਼ੇ ਦੀ ਚੋਟ ਟਿਕਾਣੇ ਦੀ ਹੈ । ਅਤੇ ਦੂਸਰੇ ਪਾਸਿਉਂ, ਇਹ ਏਸ ਗੱਲ ਦੀ ਵੀ ਹਾਮੀ ਭਰਦੀ ਹੈ ਕਿ ਲੇਖਕ ਮਸਲੇ ਨੂੰ ਅੰਕਤ ਕਰਨ ਵਿਚ ਨਿਸ਼ਾਨਿਉਂ ਘੁਸਿਆ ਨਹੀਂ । ਮਾਨਸੇ "ਲਹੂ ਦੀ ਲੋਅ" ਉਤੇ ਗੋਸ਼ਟੀ ਹੋਈ । ਇਹ ਗੋਸ਼ਟੀ ਸਿਰਫ਼ ਸਾਹਿਤ ਦੇ ਕਸਬੀ ਵਿਦਿਆਰਥੀਆਂ, ਕਸਬੀਂ ਆਲੋਚਕਾਂ ਤਕ ਹੀ ਸੀਮਤ ਨਹੀਂ ਰਹੀ । ਪੈਂਦੀ ਸੱਟੇ ਹੀ ਇਸ ਗੋਸ਼ਟੀ ਨੇ, ਮਸਲੇ ਨੂੰ ਅਮਲੀ ਤੌਰ 'ਤੇ, ਸਿਆਸੀ ਤੌਰ 'ਤੇ ਮੁਖ਼ਾਤਬ ਵੱਖ ਵੱਖ ਮਾਰਕਸੀ ਪਾਰਟੀਆਂ ਵਾਲੇ ਵੀ ਆਪਣੇ ਵੱਲ ਖਿੱਚੇ । ਪੇਸ਼ ਮਸਲਾ ਬਹਿਸਿਆ ਗਿਆ ਤੇ ਵੱਖ ਵੱਖ ਮਾਰਕਸੀ ਪਾਰਟੀਆਂ ਵਾਲਿਆਂ ਨੂੰ ਪੇਸ਼ ਮਸਲੇ ਦੇ ਪ੍ਰਸੰਗ ਵਿਚ ਆਪੋ ਆਪਣੀ ਲਾਈਨ, ਆਪੋ ਆਪਣੀ ਪੁਜ਼ੀਸ਼ਨ ਆਇਆਂ ਦੇ ਸਾਹਮਣੇ ਪੇਸ਼ ਕਰਨੀ ਪਈ । **ਹੋਈ ਬਹਿਸ ਵਿਚ ਸਰਦਾਰੀ ਮਸਲੇ ਦੀ ਰਹੀ** । ਜੋ ਰਚਨਾ ਅਮਲੀ ਤੌਰ 'ਤੇ ਮਸਲੇ ਨੂੰ, ਮੁਖ਼ਾਤਬਾਂ ਨੂੰ ਆਇਆਂ ਦੇ ਸਾਹਮਣੇ, ਲੋਕਾਂ ਦੇ ਸਾਹਮਣੇ ਭੁਗਤਾ ਸਕਦੀ ਹੈ, ਉਹ ਆਪਣੀ ਕਰਨੀ ਕਰ ਗੁਜ਼ਰੀ । ਆਪਣੇ ਸਮਾਜਕ ਰੋਲ ਵਿਚ ਉਹ ਸਫ਼ਲ ਹੈ । ਅਤੇ ਇਹ ਵੇਗ ਮਾਨਸੇ ਖਤਮ ਨਹੀਂ ਹੋ ਗਿਆ । ਬਾਕੀ ਰਹਿ ਗਈ ਗੱਲ ਰਚਨਾ ਦੇ ਰੂਪਕ ਪੱਖ ਦੀ । ਰਚਨਾ ਦੀ ਵਸਤੂ ਦੀ ਵਿਆਖਿਆ ਦੇ ਪ੍ਰਸੰਗ ਵਿਚ ਉਹ ਕਸਬੀ ਆਲੋਚਕ ਕਰਨਗੇ ਹੀ ।

ਨਕਸਲਵਾਦੀ ਲਹਿਰ ਨੇ ਪੰਜਾਬ ਵਿਚ ਆਪਣੇ ਰਚੇ ਸਾਹਿਤ ਤੇ ਅਮਲ—ਦੋਹਾਂ ਵਿਚ, ਕਿਸਾਨਾਂ, ਕੰਮੀਆਂ, ਕਾਰੀਗਰਾਂ, ਤੇ ਕਾਮਿਆਂ ਦੀ ਫੀਊਡਲ ਦੇ ਵਿਰੁਧ ਕੀਤੀ ਇਤਿਹਾਸ ਵਿਚ ਬਗਾਵਤ ਨਾਲ ਆਪਣੇ ਆਪ ਨੂੰ ਜੋੜਿਆ । ਉਸ ਸਮੇਂ ਦੇ ਲੋਕਾਂ ਦੀ ਆਪਣੀ ਆਜ਼ਾਦੀ ਵਾਸਤੇ ਕੀਤੀ ਜਦੋ-ਜਹਿਦ ਤੋਂ ਪਰੇਰਨਾ ਵੀ ਲਈ । ਨਕਸਲਵਾੜੀਆਂ ਦਾ ਆਪਣੇ ਪਿਛਲੇ ਇਨਕਲਾਬੀ ਵਿਰਸੇ ਨਾਲ ਜੋੜਿਆ ਇਹ ਨਾਤਾ ਸਾਡੇ ਕਈ ਅਖੌਤੀ ਮਾਰਕਸਵਾਦੀਆਂ ਨੂੰ ਸੁਖਾਇਆ

ਨਹੀਂ (ਜਿਵੇਂ ਮਾਰਕਸਵਾਦੀ ਲਹਿਰ ਉਸ ਇਨਕਲਾਬੀ ਵਿਰਸੇ ਨਾਲ ਲੱਗ ਕੇ ਭਿੱਟੀ ਗਈ ਹੋਵੇ !) ਹੋ ਰਹੀ ਭਵਿੱਖ ਦੀ ਉਸਾਰੀ ਦਾ ਭੂਤ ਨਾਲ ਰਿਸ਼ਤਾ ਡਾਇਲੈਕਟੀਕਲ ਹੁੰਦਾ ਹੈ—ਇਹ ਮਾਰਕਸਵਾਦ ਦਾ ਦਸਿਆ, ਸਮਾਜਕ ਉਸਾਰੀ ਦਾ ਬੁਨਿਆਦੀ ਕਾਨੂੰਨ ਹੈ । ਸਾਡੇ ਇਹਨਾਂ ਅਖੌਤੀ ਮਾਰਕਸਵਾਦੀਆਂ ਵਾਸਤੇ ਇਹ ਡਾਇਲੈਕਟੀਕਲ ਰਿਸ਼ਤਾ ਐਵੇਂ ਮੰਤਰ ਹੈ, ਮੂੰਹ ਦੀ ਗੱਲ ਹੈ, ਐਵੇਂ ਕਾਲੇ ਚਾਰ ਅੱਖਰ ਹਨ । ਉਹਨਾਂ ਵਾਸਤੇ ਇਸ ਰਿਸ਼ਤੇ ਦਾ ਅਰਥ ਕੋਈ ਨਹੀਂ ।

ਪਹਿਲੂ ਜ਼ਿੰਦਗੀ ਦਾ ਕੋਈ ਵੀ ਹੋਵੇ, ਕਿਸੇ ਸਟੇਜ ਉਤੇ ਉਸ ਦੀ ਕਰਨੀ ਕਿੰਨੀ ਇਨਕਲਾਬੀ ਤੋਂ ਇਨਕਲਾਬੀ ਹੋਵੇ, ਉਹ ਆਪਣੇ ਆਪ ਨੂੰ ਆਪਣੇ ਵਿਰਸੇ ਨਾਲੋਂ ਤੋੜ ਨਹੀਂ ਸਕਦਾ । ਉਹ ਭੂਤ ਨੂੰ ਨਗੇਟ ਕਰਦਾ ਹੈ, ਮਲੀਆਮੇਟ ਨਹੀਂ ਕਰਦਾ । ਨਾ ਕਰ ਹੀ ਸਕਦਾ ਹੈ । ਆਪਣੇ ਵਿਰਸੇ ਦੀ ਭੋਂ ਵਿਚੋਂ ਬਿਲਕੁਲ ਉਖੜ ਕੇ ਉਹ ਨਵਾਂ ਨਰੋਆ ਰਹਿ ਵੀ ਨਹੀਂ ਸਕਦਾ । ਰਾਗ ਦੀ, ਕਲਾ ਦੀ, ਸਾਹਿਤ ਦੀ—ਕਿਸੇ ਦੀ ਮਿਸਾਲ ਲੈ ਲਵੋ ਦੋ ਗੱਲਾਂ ਸਪਸ਼ਟ ਹਨ । ਕੋਈ ਕਲਾਕਾਰ, ਸਾਹਿਤਕਾਰ ਕਿੰਨਾ ਇਨਕਲਾਬੀ ਕਿਉਂ ਨਾ ਹੋਵੇ, ਉਹ ਆਪਣੇ ਵਿਰਸੇ ਦੇ ਪ੍ਰਸੰਗ ਵਿਚ ਹੀ ਇਨਕਲਾਬੀ ਹੁੰਦਾ ਹੈ । ਉਸ ਨਾਲੋਂ ਮਰਨ ਜੀਊਣ ਦੀ ਸਾਂਝ ਤੋੜਕੇ ਨਹੀਂ । ਦੂਸਰੇ, ਜਿੰਨਾ ਵੱਡਾ ਸਾਹਿਤਕਾਰ ਜਾਂ ਕਲਾਕਾਰ, ਓਨੀਆਂ ਡੂੰਘੀਆਂ ਹੀ ਜੜ੍ਹਾਂ ਉਸ ਦੀਆਂ ਫੋਕ-ਲੋਰ ਵਿਚ ਹੋਣਗੀਆਂ । ਫੋਕ-ਲੋਰ ਹੁੰਦਾ ਕੀ ਹੈ ? ਲੋਕਾਂ ਦੀ ਕਲਾ ਦੇ ਰੂਪ ਵਿਚ ਅੰਕਤ ਕੀਤੀ ਹੋਈ, ਸਾਂਭੀ ਹੋਈ, ਮੂੰਹੋਂ ਮੂੰਹ ਤੁਰੀ ਆਉਂਦੀ ਉਹਨਾਂ ਦੀ ਇਤਿਹਾਸਕ ਹੱਡ ਬੀਤੀ । ਉਹਨਾਂ ਦੇ ਅਨੁਭਵ ਦੇ ਰੂਪ ਵਿਚ, ਉਹਨਾਂ ਦੇ ਨਜ਼ਰੀਏ ਤੋਂ, ਉਹਨਾਂ ਦਾ ਇਤਿਹਾਸ । ਮਹਾਨ ਸਾਹਿਤਕਾਰ ਜਾਂ ਕਲਾਕਾਰ ਦੀ ਕਿਰਤ ਦੀਆਂ ਜੜ੍ਹਾਂ ਦਾ ਧੁਰ ਦਰਗਾਹੇ ਫੋਕ-ਲੋਰ ਵਿਚ ਹੋਣ ਦਾ ਅਰਥ ਹੈ ਕਿ ਉਸ ਦੀ ਕਿਰਤ ਦੀ ਨੀਂਹ ਲੋਕਾਂ ਦੇ ਇਤਿਹਾਸਕ ਵਿਰਸੇ ਵਿਚ ਹੈ, ਉਸ ਦੀ ਉਸਾਰੀ ਦਾ ਸਮਿਆਨ ਲੋਕਾਂ ਦਾ ਇਤਿਹਾਸਕ ਅਨੁਭਵ ਹੈ । ਇਹ ਅਤ-ਕਥਨੀ ਨਹੀਂ ਹੈ ਕਿ ਲੋਕਾਂ ਦੀ ਇਤਿਹਾਸਕ ਹੱਡ-ਬੀਤੀ ਨਾਲੋਂ, ਉਹਨਾਂ ਦੇ ਇਤਿਹਾਸਕ ਅਨੁਭਵ ਨਾਲੋਂ, ਉਹਨਾਂ ਦੇ ਇਤਿਹਾਸਕ ਵਿਰਸੇ ਨਾਲੋਂ ਟੁਟ ਕੇ ਸਮਾਜਕ ਮਨੁਖੀ ਦਾਇਰੇ ਵਿਚ ਕੋਈ ਮਹਾਨਤਾ ਮੁਮਕਿਨ ਹੀ ਨਹੀਂ ਹੈ । ਭੂਤ ਦੇ ਪ੍ਰਸੰਗ ਤੋਂ ਬਾਹਰ, ਉਸ ਤੋਂ ਨਿਖੜ ਕੇ ਭਵਿੱਖ ਦੀ ਉਸਾਰੀ ਮੁਮਕਿਨ ਹੀ ਨਹੀਂ ਹੈ । ਮਾਰਕਸਵਾਦੀ ਨਜ਼ਰੀਏ ਤੋਂ ਅੰਤਰ-ਰਾਸ਼ਟਰੀ ਹੋਣ ਦਾ ਅਰਥ ਸਥਾਨਕ ਇਤਿਹਾਸ ਤੋਂ, ਜਨਮ ਭੂਮੀ ਦੇ ਪਿਆਰ ਤੋਂ, ਆਪਣੀ ਸਥਾਨਕ ਕਲਚਰ ਤੋਂ ਮੂੰਹ-ਮੋੜੀ ਨਹੀਂ ਹੁੰਦਾ । ਇਹ ਦੋਵੇਂ ਮਾਰਕਸਵਾਦੀ ਨਜ਼ਰੀਏ ਦੇ ਤਨੀ ਅੰਗ ਹਨ । ਮੂੰਹ-ਮੋੜੀ ਹੈ ਇਹਨਾਂ ਬਾਬਤ ਬੁਰਜਵਾ ਨਜ਼ਰੀਏ ਤੋਂ ਕਿਉਂਕਿ ਉਸ ਦਾ ਅਸਲਾ ਸ਼ਾਵਨਿਸਟ ਹੁੰਦਾ ਹੈ । ਹੋਰਨਾਂ ਵਾਸਤੇ ਨਫ਼ਰਤ ਪੈਦਾ ਕਰਦਾ ਹੈ । ਸਰਬਤ ਨਾਲ ਸਾਂਝ ਦੀ ਸੁਗੰਧੀ ਰਹਿਣ ਨਹੀਂ ਦੇਂਦਾ ।

ਮਾਰਕਸਵਾਦ ਕੋਈ ਅਜੂਬਾ ਨਹੀਂ ਹੈ । ਅਜ ਦੇ ਪ੍ਰਸੰਗ ਵਿਚ ਸਮਾਜਕ ਉਸਾਰੀ ਦੇ ਕਾਨੂੰਨ ਦੀ ਸਮਝ ਹੈ । ਸਮਾਜ ਦੀ ਉਸਾਰੀ ਦੀ ਅਜ ਦੀ ਸਟੇਜ ਵਿਚ ਇਹ ਬੰਦੇ ਦੀ, ਸਰਬਤ ਦੀ ਆਜ਼ਾਦੀ ਦਾ ਨਜ਼ਰੀਆ ਹੈ, ਜਿਸ ਦਾ ਰੂਪ ਸੰਸਾਰਕ ਹੈ, ਵਸਤੂ ਸਾਇੰਟਿਫਿਕ ਹੈ । ਇਸ ਦੀ ਵਸਤੂ ਹੈ ਕੀ ? ਪਰੋਲਤਾਰੀ ਦੀਆਂ ਸਰਬਤ ਦੀ ਆਜ਼ਾਦੀ ਵਾਸਤੇ ਕੀਤੀਆਂ ਜਦੋ-ਜਹਿਦਾਂ ਤੇ ਉਹਨਾਂ ਤੋਂ ਹੋਏ ਅਨੁਭਵ ਤੋਂ ਹੋਈਆਂ ਜਨਰਲਾਈਜ਼ੇਸ਼ਨਾਂ ਤੇ ਸਰਬ-ਵਿਆਪੀ ਰੂਪ ਵਿਚ ਬਣਿਆ ਸਿਧਾਂਤ । **ਇਸ ਵਾਸਤੇ ਹੀ ਮਾਰਕਸਵਾਦ ਬੰਦੇ ਦੀ ਆਜ਼ਾਦੀ ਵਾਸਤੇ ਇਨਕਲਾਬ ਦੀ ਸਾਇੰਸ ਹੈ ।** ਜੇ ਇਹ ਨਜ਼ਰੀਆ ਸਰਬਤ ਦੀ ਆਜ਼ਾਦੀ ਦਾ ਹੈ ਅਤੇ ਉਸ ਵਾਸਤੇ ਲੋਕਾਂ ਕੋਲੋਂ ਜਦੋ-ਜਹਿਦ ਕਰਾਉਂਦਾ ਹੈ, ਤਾਂ ਇਤਿਹਾਸ ਵਿਚ ਲੋਕਾਂ ਦੀਆਂ ਆਪਣੀ ਆਜ਼ਾਦੀ ਵਾਸਤੇ ਕੀਤੀਆਂ ਜਦੋ-



ਜਹਿਦਾਂ ਨਾਲ ਲੱਗ ਕੇ ਇਹ ਭਿਟਿਆ ਕਿਵੇਂ ਜਾਵੇਗਾ ? ਉਹਨਾਂ ਨੂੰ ਇਹ ਯਾਦ ਕਿਉਂ ਨਹੀਂ ਕਰੇਗਾ ? ਉਹਨਾਂ ਨੂੰ ਇਹ ਵਾਜ਼ਾਂ ਕਿਉਂ ਨਹੀਂ ਮਾਰੇਗਾ ? ਗਲ ਕਿਉਂ ਨਹੀਂ ਲਾਵੇਗਾ ? ਉਹਨਾਂ ਕੋਲੋਂ ਲੋਕਾਂ ਨੂੰ ਪਰੇਰਨਾ ਕਿਉਂ ਨਹੀਂ ਦਿਵਾਏਗਾ ? ਉਹਨਾਂ ਦਾ ਸਿਖਰ ਕਿਉਂ ਨਹੀਂ ਬਣੇਗਾ ?

ਮਾਰਕਸਵਾਦ ਲੋਕਾਂ ਦੀ ਬੋਲੀ ਬੋਲਣ 'ਤੇ ਕਿਉਂ ਬਜ਼ਿੱਦ ਹੈ ? ਸਪਸ਼ਟ ਹੀ ਇਸ ਵਾਸਤੇ ਕਿ ਜਿਨ੍ਹਾਂ ਦਾ ਮਸਲਾ ਹੈ ਹਲ ਉਹਨਾਂ ਨੇ ਹੀ ਕਰਨਾ ਹੈ । ਤਾਕਤ ਉਹਨਾਂ ਦੀ ਨੇ ਹੀ ਲਗਣਾ ਹੈ । ਉਸ ਤਾਕਤ ਨੂੰ ਲਾਉਣਾ ਉਹਨਾਂ ਦੇ ਹੀ ਦਿਲ ਦਿਮਾਗ ਨੇ ਹੈ । ਉਸਾਰ ਕੇ ਗੱਲ ਲਿਜਾਣੀ ਭਾਵੇਂ ਕਿਤੇ ਹੋਵੇ ਨੀਂਹ ਤਾਂ ਉਥੋਂ ਹੀ ਚੁਕਣੀ ਪੈਂਦੀ ਹੈ ਜਿਥੇ ਲੋਕਾਂ ਦੇ ਦਿਲ ਦਿਮਾਗ ਦੀ, ਉਹਨਾਂ ਦੇ ਅਨੁਭਵ ਦੀ ਭੋਂ ਹੈ । ਜਿਸ ਤਰ੍ਹਾਂ ਲੋਕ ਮੁਹਾਵਰਾ ਲੋਕਾਂ ਦੇ ਦਿਮਾਗ ਦੀ ਬੋਲੀ ਹੈ, ਉਸ ਤਰ੍ਹਾਂ ਹੀ ਕਲਚਰ ਉਹਨਾਂ ਦੇ ਦਿਲ ਦੀ, ਜਜ਼ਬੇ ਦੀ ਬੋਲੀ ਹੈ । **ਜਿੰਨਾਂ ਚਿਰ ਮਾਰਕਸਵਾਦ ਦਾ ਸਰਬ-ਵਿਆਪੀ ਸਿਧਾਂਤ ਲੋਕਾਂ ਦੀ ਸਥਿਤੀ ਦੀ, ਉਹਨਾਂ ਦੀ ਗੁੰਝਲ ਬਣੀ ਜ਼ਿੰਦਗੀ ਦੀ ਗੰਢ ਖੁਲ੍ਹਣ ਦਾ ਰਾਹ, ਉਹਨਾਂ ਦੀ ਸਮਕਾਲੀ ਤੇ ਇਤਿਹਾਸਕ ਹੱਡ-ਬੀਤੀ ਰਾਹੀਂ, ਉਹਨਾਂ ਦੀ ਕਲਚਰ ਤੇ ਉਹਨਾਂ ਦੇ ਮੁਹਾਵਰੇ ਰਾਹੀਂ ਨਹੀਂ ਵਿਖਾਉਂਦਾ, ਓਨਾਂ ਚਿਰ ਉਹ ਲੋਕ ਸਿਰ-ਧੜ ਦੀ ਲਾਉਣ ਵਾਸਤੇ ਇਸ ਦੇ ਹਵਾਲੇ ਕਿਸ ਤਰ੍ਹਾਂ ਹੋਣਗੇ ?** ਇਸ ਨੂੰ ਵਰਨਗੇ ਕਿਉਂ ? ਸਾਡੀ ਤੁਰੀ ਆਉਂਦੀ ਮਾਰਕਸਵਾਦੀ ਲਹਿਰ ਦੀ ਇਕ ਕਮਜ਼ੋਰੀ ਇਹ ਵੀ ਹੈ ਕਿ ਇਸ ਨੇ ਮਾਰਕਸਵਾਦ ਨੂੰ ਆਪਣੀ ਕਲਚਰਲ ਸਥਿਤੀ ਦੇ ਪ੍ਰਸੰਗ ਵਿਚ ਦੇਖਿਆ ਹੀ ਨਹੀਂ । ਜਿੰਨਾਂ ਚਿਰ ਮਾਰਕਸਵਾਦ ਦੀਆਂ ਜੜ੍ਹਾਂ ਸਥਾਨਕ ਸਥਿਤੀ ਵਿਚ ਨਹੀਂ ਲਗਦੀਆਂ, ਓਨਾਂ ਚਿਰ ਇਸ ਦਾ ਬੂਟਾ ਤੁਰ ਨਹੀਂ ਸਕਦਾ ।

ਸਥਿਤੀ ਦੇ ਦੋ ਪਹਿਲੂ ਹੁੰਦੇ ਹਨ । ਇਕ ਬਾਹਰਲਾ, ਹਾਲਾਤ ਦਾ ਅਤੇ ਦੂਸਰਾ ਲੋਕਾਂ ਦੇ ਅੰਦਰਲੇ ਦਾ, ਉਹਨਾਂ ਦੇ ਦਿਲ ਦਿਮਾਗ ਦੀ ਸਟੇਜ ਦਾ । ਨਕਸਲਵਾਦੀਆਂ ਦਾ ਹੁਣ ਦੀ ਆਜ਼ਾਦੀ ਦੀ ਜਦੋ-ਜਹਿਦ ਨੂੰ ਇਤਿਹਾਸ ਵਿਚ ਹੋਈ ਜਦੋ-ਜਹਿਦ ਨਾਲ ਜੋੜਨਾ ਤੇ ਉਸ ਤੋਂ ਪਰੇਰਨਾ ਲੈਣਾ ਉਹਨਾਂ ਦੀ ਗ਼ਲਤੀ ਜਾਂ ਉਹਨਾਂ ਦਾ ਨੁਕਸ ਨਹੀਂ, ਉਹਨਾਂ ਦੀ ਪਰਾਪਤੀ ਹੈ । ਉਹਨਾਂ ਇਤਿਹਾਸ ਵਿਚ ਹੋਈ ਜਦੋ-ਜਹਿਦ ਦੀ ਵਿਚਾਰਧਾਰਾ ਨੂੰ ਬਿਲਕੁਲ ਪਾਸਾ ਦਿੱਤਾ ਹੈ; **ਪ੍ਰਵਾਨ ਕੀਤਾ ਹੈ ਉਸ ਦੇ ਸਮਾਜਕ ਮਨੁਖੀ ਅਸਲੇ ਨੂੰ । ਚੁਣਿਆ ਹੈ ਉਸ ਦੀਆਂ ਸਰਬਤ ਦੀ ਆਜ਼ਾਦੀ-ਹਿੱਤੀ ਕੀਮਤਾਂ ਨੂੰ । ਗਲ ਨਾਲ ਲਾਇਆ ਹੈ ਉਸ ਦੀਆਂ ਆਜ਼ਾਦੀ ਵਾਸਤੇ ਦਿੱਤੀਆਂ ਕੁਰਬਾਨੀਆਂ ਤੇ ਸ਼ਹੀਦੀਆਂ ਨੂੰ ।**

ਪੰਜਾਬ ਦੀ ਨਕਸਲਵਾਦੀ ਲਹਿਰ ਨੇ ਜੋ ਇਸ ਨੁਕਤੇ ਬਾਬਤ ਕੀਤਾ, ਕੰਵਲ ਨੇ ਓਸੇ ਨੂੰ ਤਰਾਸ਼ ਕੇ ਪਾਠਕਾਂ ਨੂੰ ਪੇਸ਼ ਕਰ ਦਿੱਤਾ ਹੈ । ਕੰਵਲ ਦੀ ਇਸ ਨੁਕਤੇ ਬਾਬਤ ਪਰਾਪਤੀ ਇਹ ਹੈ ਕਿ ਉਸ ਨੇ ਦੋਹਾਂ ਲਹਿਰਾਂ ਦੀਆਂ ਕੀਮਤਾਂ ਨੂੰ ਇਕ ਦੂਸਰੇ ਦੇ ਆਮੋ-ਸਾਹਮਣੇ ਕਰਕੇ ਵਿਖਾ ਦਿੱਤਾ ਹੈ ਕਿ ਦੋਹਾਂ ਦਾ ਸਮਾਜਕ ਮਨੁਖੀ ਅਸਲਾ ਇਕ ਹੈ ਅਤੇ ਉਹ ਹੈ **ਸਰਬਤ ਦੀ ਆਜ਼ਾਦੀ** । ਇਉਂ ਕਰਨ ਵਿਚ ਕੰਵਲ ਨੇ ਪੰਜਾਬ ਦੀ ਨਕਸਲਵਾਦੀ ਲਹਿਰ ਦੀ ਹੱਡ-ਬੀਤੀ ਹੀ ਮੂਰਤੀਮਾਨ ਨਹੀਂ ਕੀਤੀ, ਬਲਕਿ ਇਤਿਹਾਸ ਵਿਚ ਕੀਤੀ ਲੋਕਾਂ ਦੀ ਜਦੋ-ਜਹਿਦ, ਦਿੱਤੀਆਂ ਕੁਰਬਾਨੀਆਂ ਤੇ ਪਾਈਆਂ ਸ਼ਹੀਦੀਆਂ ਨੂੰ ਵੀ ਪਾਠਕਾਂ ਦੀ ਕਲਪਨਾ ਵਿਚ ਪੁੜ ਦਿੱਤਾ ਹੈ ।

ਆਜ਼ਾਦੀ ਵਾਸਤੇ ਕੀਤੀ ਜਾ ਰਹੀ ਹੁਣ ਦੀ ਜਦੋ-ਜਹਿਦ ਦੇ ਪਿਛਲੀਆਂ ਕੀਤੀਆਂ ਜਦੋ-ਜਹਿਦਾਂ ਨਾਲ ਜੁੜਨ ਦਾ ਲੋਕਾਂ ਵਾਸਤੇ ਅਰਥ ਕੀ ਹੈ ? ਅਰਥ ਉਹਨਾਂ ਦਾ ਸਾਹਸ ਹੈ । ਉਹਨਾਂ ਦੇ ਸਾਹਸ

ਦੀ ਉਸਾਰੀ ਹੈ। ਉਹਨਾਂ ਦੇ ਸਾਹਸ ਦਾ ਹੋਸ਼ ਸੰਭਾਲਣਾ ਹੈ। ਸਾਨੂੰ ਅੱਗੇ ਵੀ ਜ਼ੁਲਮ ਤੇ ਜਬਰ ਦੀਆਂ ਬਿੱਜਾਂ ਪਈਆਂ ਸਨ। ਅਸੀਂ ਰਣਭੂਮੀ ਵਿਚ ਉਤਰੇ ਸਾਂ। ਉਹਨਾਂ ਦਾ ਮੁਕਾਬਲਾ ਕੀਤਾ ਸੀ। ਅਸਾਂ ਕਰ ਦਿਖਾਈ ਸੀ। ਹੁਣ ਵੀ ਆਣ ਬਣੀ ਏ। ਕੀਮਤ ਦਿਆਂਗੇ । ਕਰ ਵਿਖਾਂਵਾਗੇ। ਉਦੋਂ ਵੀ ਮਰਦ ਸਾਬਤ ਹੋਏ ਸਾਂ। ਰੱਬ ਨੂੰ ਮਨਜ਼ੂਰ ਹੋਇਆ ਤਾਂ ਹੁਣ ਵੀ ਮਰਦ ਹੀ ਸਾਬਤ ਹੋਵਾਂਗੇ। ਸੱਚ ਸਾਡੇ ਨਾਲ ਹੈ। ਸੱਚ ਦੀ ਅੰਤ ਜਿੱਤ ਹੁੰਦੀ ਏ ।

ਆਲੋਚਕ ਕੋਲੋਂ ਇਹ ਆਸ ਰਖਣੀ ਨਾਜਾਇਜ਼ ਨਹੀਂ ਹੈ ਕਿ ਜਿਸ ਰਚਨਾ ਦੀ ਉਹ ਆਲੋਚਨਾ ਕਰਦਾ ਹੈ ਉਸ ਵਿਚ ਪੇਸ਼ ਸਮਾਜਕ ਮਨੁਖੀ ਮਸਲੇ ਦੀ ਉਸ ਨੂੰ ਸਮਝ ਹੋਵੇ। ਦੁਨੀਆਂ ਵਿਚ ਐਸਾ ਬੰਦਾ ਕੋਈ ਸ਼ਾਇਦ ਹੀ ਹੋਵੇ ਜਿਸ ਨੂੰ ਇਹ ਵੀ ਨਾ ਪਤਾ ਹੋਵੇ ਕਿ ਹਰ ਰਾਜ, ਹਰ ਸਟੇਟ ਕੋਲ ਫ਼ੌਜ, ਪੁਲੀਸ, ਕਚਹਿਰੀ ਤੇ ਜੇਲ੍ਹਾਂ ਆਦਿ ਹੁੰਦੀਆਂ ਹਨ ਅਤੇ ਇਹ ਕਿ ਇਹ ਉਸ ਦਾ ਸ਼ਿੰਗਾਰ ਹੀ ਨਹੀਂ ਹੁੰਦੀਆਂ, ਉਸ ਦਾ ਅਸਲਾ ਹੁੰਦੀਆਂ ਹਨ ਅਤੇ ਇਹਨਾਂ ਦੀ ਉਹ ਵਰਤੋਂ ਕਰਦੀ ਹੈ। ਜਥੇਬੰਦ, ਹਥਿਆਰਬੰਦ ਤਾਕਤ ਬਗ਼ੈਰ ਤੇ ਉਸ ਦੀ ਵਰਤੋਂ ਬਗ਼ੈਰ ਕੋਈ ਸਟੇਟ ਹੋ ਹੀ ਨਹੀਂ ਸਕਦੀ। ਡਾਕਟਰ ਜਗਬੀਰ ਸਿੰਘ ਸਾਡੀ ਸਟੇਟ ਨੂੰ ਅਹਿੰਸਾਵਾਦੀ ਹੋਣ ਦਾ ਸਰਟੀਫੀਕੇਟ ਦੇਂਦੇ ਹਨ : 'ਜ਼ਾਹਿਰ ਹੈ ਕਿ ਲੋਕਤੰਤਰ ਅਤੇ ਅਹਿੰਸਾ ਦੀਆਂ ਰਵਾਇਤਾਂ ਨੂੰ ਅਪਨਾ ਕੇ ਤੁਰਨ ਵਾਲਾ ਸਾਡਾ ਰਾਜਸੀ ਪ੍ਰਬੰਧ..." (ਸੇਧ, ਮਈ 1977, ਸਫ਼ਾ 45) ਸਪਸ਼ਟ ਹੈ ਕਿ ਜਿਸ ਵਿਦਵਾਨ ਨੂੰ ਸਮਝ ਏਨੀ ਹੀ ਹੈ ਕਿ ਉਹ ਸਟੇਟ ਨੂੰ, ਕਿਸੇ ਵੀ ਸਟੇਟ ਨੂੰ ਅਹਿੰਸਾਵਾਦੀ ਕਹਿ ਸਕਦਾ ਹੈ, ਉਸ ਕੋਲੋਂ ਇਸ ਨਾਵਲ ਵਿਚ ਪੇਸ਼ ਮਸਲੇ ਦੀ ਸਮਝ ਦੀ ਆਸ ਰਖਣੀ ਮੱਸਿਆ ਦੀ ਰਾਤੇ ਪੂਰਨਮਾਸ਼ੀ ਦਾ ਚੰਦ ਵੇਖਣ ਦੀ ਆਸ ਰਖਣ ਵਾਲੀ ਗੱਲ ਹੈ। ਸ਼ਾਇਦ ਡਾਕਟਰ ਜਗਬੀਰ ਸਿੰਘ ਨੂੰ ਪਤਾ ਨਹੀਂ ਕਿ ਆਲੋਚਨਾ ਕਰਦਿਆਂ ਰਚਨਾ ਹੀ ਨਹੀਂ ਪਰਖੀ ਜਾ ਰਹੀ ਹੁੰਦੀ, ਆਲੋਚਕ ਆਪ ਵੀ ਪਰਖਿਆ ਜਾ ਰਿਹਾ ਹੁੰਦਾ ਹੈ।

ਡਾਕਟਰ ਕੇਸਰ ਸਿੰਘ 'ਕੇਸਰ' ਦੇ ਪਰਚੇ "ਲਹੂ ਦੀ ਲੋਅ ਦਾ ਆਖ਼ਰੀ ਫਿਕਰਾ" ਵਲ ਧਿਆਨ ਦਿਵਾਉਣਾ ਵੀ ਬੇਲੋੜਾ ਨਹੀਂ । ਡਾਕਟਰ ਕੇਸਰ ਸਿੰਘ ਦੀ ਵਿਆਖਿਆ ਤੇ ਸੋਚ ਦੀ ਲੜੀ ਦਾ ਮੂਲ ਇਕ ਹੈ ਅਤੇ ਉਹ ਇਸ ਲਹਿਰ ਪਰਤੀ ਅੰਤ ਨਿਰਾਸ਼ਾ ਦੀ ਸੰਭਾਵਨਾ 'ਤੇ ਪਹੁੰਚਦਾ ਹੈ । "ਸ਼ੈਲੀ ਪ੍ਰਮੁਖ ਤੌਰ 'ਤੇ ਬਿਰਤਾਂਤਕ ਹੈ, ਪਰ ਬਿਰਤਾਂਤ ਵੀ ਭਾਵੁਕ ਤੇ ਰੋਮਾਂਟਿਕ ਪੱਧਰ 'ਤੇ ਹੋਇਆ ਹੈ। ਉਸ ਦਾ ਇਕ ਕਾਰਨ ਹੈ ਕਿ ਕੰਵਲ ਆਪਣੇ ਨਾਇਕਾਂ ਪਰਤੀ ਖੁਦ ਭਾਵੁਕ ਹੈ ਤੇ ਲਹਿਰ ਦਾ ਹਮਦਰਦ ਹੋਣ ਕਰਕੇ ਉਹ ਇਹ ਚਾਹੁੰਦਾ ਹੈ ਕਿ ਮੇਰਾ ਪਾਠਕ ਇਸ ਰੀਹਰਸਲ ਤੋਂ ਸਿਖਿਆ ਤਾਂ ਲਵੇ, ਪਰ ਲਹਿਰ ਦੀ ਅਸਫ਼ਲਤਾ ਤੋਂ ਨਿਰਾਸ਼ ਨਾ ਹੋਵੇ । ਐਂਟੀ-ਰੋਮਾਂਟਿਕ ਸ਼ੈਲੀ ਅਪਨਾ ਕੇ ਸ਼ਾਇਦ ਉਹ ਆਪਣੇ ਪਾਠਕ ਨੂੰ ਨਿਰਾਸ਼ਾ ਦੀ ਗਾਰ ਵਿਚ ਧੱਕਾ ਦੇ ਦਿੰਦਾ।" (ਸਫ਼ਾ 13)।

ਪਹਿਲਾ ਸਵਾਲ ਜੋ ਇਥੇ ਖੜਾ ਹੁੰਦਾ ਹੈ ਉਹ ਇਹ ਹੈ ਕਿ ਕੀ ਸ਼ੈਲੀ ਜਾਂ ਕਿਰਤਾਂਤਕ ਢੰਗ ਐਨੀ ਤਾਕਤਵਰ ਚੀਜ਼ ਹੈ ਕਿ ਸਥਿਤੀ, ਸਮਾਜਕ ਅਸਲੀਅਤ ਨਿਰਾਸ਼ਾ ਦੀ ਹੋਵੇ ਤੇ ਉਹ ਉਸ ਨੂੰ ਆਸਾਵਾਦੀ ਬਣਾ ਸਕੇ ? ਕੀ ਇਉਂ ਕਰਨ ਵਾਲਾ ਸਾਹਿਤਕਾਰ ਅਸਲੀਅਤ 'ਤੇ ਪਰਦਾ ਪਾ ਕੇ ਪਾਠਕਾਂ ਨੂੰ ਧੋਖਾ ਦੇ ਰਿਹਾ ਹੈ ਜਾਂ ਈਮਾਨਦਾਰੀ, ਵਫ਼ਾਦਾਰੀ ਨਾਲ ਸਮਾਜਕ ਅਸਲੀਅਤ ਬਾਬਤ ਆਪਣੇ ਪਾਠਕਾਂ ਨੂੰ ਚੇਤੰਨ ਕਰ ਰਿਹਾ ਹੈ ? ਕੀ ਅਚੇਤ ਜਾਂ ਸੁਚੇਤ ਕੰਵਲ ਇਹ ਕਾਰਾ ਕਰ ਰਿਹਾ ਹੈ ? ਕੀ ਡਾਕਟਰ ਕੇਸਰ ਸਿੰਘ ਅਚੇਤ ਹੀ ਆਪਣੇ ਮਨ ਦੀ ਨਿਰਾਸ਼ਾ ਨੂੰ ਸਥਿਤੀ ਤੇ ਕੰਵਲ, ਦੋਹਾਂ



ਵਿਚ ਨਹੀਂ ਪਾ ਰਿਹਾ ? ਦੂਸਰੇ ਲਫ਼ਜ਼ਾਂ ਵਿਚ, ਕੀ ਡਾਕਟਰ ਕੇਸਰ ਸਿੰਘ ਦੀ ਸਮਝ ਹੀ ਟਪਲਾ ਖਾ ਰਹੀ ਹੈ ਜਾਂ ਲਹਿਰ ਦੀ ਕਰਨੀ ਸੱਚੀਂ ਮੁਚੀਂ ਨਿਰਾਸ਼ਾ 'ਤੇ ਆਣ ਮੁਕਦੀ ਹੈ ? ਨੁਕਤੇ ਨੂੰ ਸਾਫ਼ ਕਰਨ ਵਾਸਤੇ ਆਪਣੀ ਰਾਏ ਦੇਣ ਨਾਲੋਂ ਫ਼ੈਸਲਾ ਤੱਥਾਂ ਦੇ ਹਵਾਲੇ ਕਰ ਦੇਣਾ ਜ਼ਿਆਦਾ ਫਾਇਦੇਮੰਦ ਹੋਵੇਗਾ।

ਕੀ ਇਨਕਲਾਬੀ ਲਹਿਰ ਸ਼ੀਸ਼ੇ ਦਾ ਗਲਾਸ ਹੁੰਦੀ ਹੈ ਜੋ ਹੱਥੋਂ ਡਿੱਗ ਕੇ ਟੁਟ ਗਿਆ ਤੇ ਗਿਆ ? ਜਾਂ ਇਹ ਵੇਗ ਹੀ ਡਿੱਗ ਡਿੱਗ ਕੇ ਸਵਾਰ ਹੋਣ ਵਾਲਾ ਹੈ ? ਦੁਨੀਆਂ ਵਿਚ ਕਿੰਨੀਆਂ ਇਨਕਲਾਬੀ ਲਹਿਰਾਂ ਹੋਈਆਂ ਹਨ ਜੋ ਜੰਮਦਿਆਂ ਸਾਰ ਹੀ ਬਾਲਗ ਤੇ ਕਾਬਜ਼ ਹੋ ਗਈਆਂ ? ਪੈਰਿਸ ਕਮਿਊਨ 'ਤੇ ਸੰਸਾਰ ਮਾਰਕਸਵਾਦ ਨੂੰ ਫ਼ਖ਼ਰ ਹੈ। ਹੋਰ ਕਾਰਨਾਂ ਤੋਂ ਇਲਾਵਾ, ਫਰਾਂਸ ਦੀ ਕਿਸਾਨੀ ਨੇ ਉਸ ਦਾ ਸਾਥ ਨਾ ਦਿੱਤਾ ਤੇ ਉਹ ਫ਼ਰਾਂਸ ਵਿਚ ਸਮਾਜਵਾਦੀ ਇਨਕਲਾਬ ਲਿਆਉਣੋਂ ਅਸਫ਼ਲ ਰਹੀ। ਕੀ ਉਸ ਤੋਂ ਮਾਰਕਸਵਾਦ ਦੀ ਉਸਾਰੀ ਹੋਈ, ਪਰੋਲਤਾਰੀ ਦੀ ਚੇਤਨਤਾ ਤੇ ਹੌਂਸਲਾ ਵਧਿਆ ਕਿ ਸਨਅਤੀ ਮਜ਼ਦੂਰ ਜਮਾਤ ਵਿਚ ਮਾਯੂਸੀ ਛਾ ਗਈ ?

ਮੁਲਕ ਦੀ ਵਸੋਂ ਨੇ ਗਦਰੀ ਬਾਬਿਆਂ ਦਾ ਸਾਥ ਨਾ ਦਿੱਤਾ। ਉਹ ਆਉਂਦੇ ਹੀ ਬੋਚੇ ਗਏ। ਕੀ ਉਹਨਾਂ ਦੀ ਕਰਨੀ ਮਾਯੂਸੀ ਦੀ ਗਾਰ ਹੈ ਜਾਂ ਆਜ਼ਾਦੀ ਵਾਸਤੇ ਸਦਾ ਦੀ ਪਰੇਰਨਾ ਹੈ ? ਭਗਤ ਸਿੰਘ ਫ਼ਾਂਸੀ 'ਤੇ ਲਟਕਿਆ। ਉਸ ਦੇ ਫ਼ਾਂਸੀ 'ਤੇ ਲਟਕਣ ਨਾਲ ਮੁਲਕ ਵਿਚ ਆਜ਼ਾਦੀ ਨਹੀਂ ਸੀ ਆ ਗਈ। ਪਰ ਕੀ ਉਸ ਦੇ ਫ਼ਾਂਸੀ 'ਤੇ ਲਟਕਣ ਨਾਲ ਮੁਲਕ ਵਿਚ ਮਾਯੂਸੀ ਛਾਈ ਜਾਂ ਆਜ਼ਾਦੀ ਦੀ ਚੇਤਨਤਾ ਚਮਕੀ ਤੇ ਲੋਕਾਂ ਵਿਚ ਅੰਗਰੇਜ਼ੀ ਸਾਮਰਾਜ ਦੇ ਵਿਰੁਧ ਰੋਹ ਭੜਕਿਆ ?

ਗੁਰੂ ਅਰਜਨ ਤੇ ਗੁਰੂ ਤੇਗ ਬਹਾਦਰ ਸਾਹਿਬਾਨ ਦੀਆਂ ਸ਼ਹੀਦੀਆਂ ਨਾਲ ਕਾਬਜ਼ ਸਟੇਟ ਤਾਂ ਨਹੀਂ ਸੀ ਢਹਿ ਗਈ ਪਰ ਕੀ ਉਹਨਾਂ ਦੀਆਂ ਸ਼ਹੀਦੀਆਂ ਨਾਲ ਲਹਿਰ ਨੇ ਡੰਗ ਚੁਕਿਆ ਸੀ, ਉਹ ਅਗਲੀ ਪਉੜੀ ਚੜ੍ਹੀ ਸੀ ਜਾਂ ਉਸ ਨੇ, ਲੋਕਾਂ ਨੇ ਸਿਰ ਸੁਟ ਲਏ ਸਨ ? ਸਭ ਕਿਸਮ ਦੀਆਂ ਗ਼ਲਤੀਆਂ ਤੇ ਸਭ ਊਣਾਂ ਦੇ ਬਾਵਜੂਦ, ਜਿਸ ਇਨਕਲਾਬੀ ਲਹਿਰ ਦਾ ਮੁਕਾਬਲਾ ਕਰਨ ਵਾਸਤੇ, ਆਪਣੇ ਵਲੋਂ ਜਿਸ ਦਾ ਬੀਜ ਨਾਸ ਕਰਨ ਵਾਸਤੇ ਕਾਬਜ਼ ਨਿਜ਼ਾਮ ਤੇ ਉਸ ਦੀ ਸਟੇਟ ਆਪਣੇ ਹਿੱਤੀ, ਆਪਣੇ ਬਣਾਏ ਕਾਨੂੰਨ ਨੂੰ ਤੋੜਨ, ਤੇ ਗ਼ੈਰ ਕਾਨੂੰਨੀ ਹੋਣ 'ਤੇ ਮਜਬੂਰ ਹੋ ਜਾਂਦੀ ਹੈ, ਉਸ ਦੀ ਕਰਨੀ ਵਿਚ ਮਾਯੂਸੀ ਦੀ ਗੁੰਜਾਇਸ਼ ਹੈ ???

ਇਨਕਲਾਬੀ ਲਹਿਰ ਦੇ ਕਾਮਯਾਬ ਹੋਣ ਵਾਸਤੇ, ਇਨਕਲਾਬ ਦੇ ਆਉਣ ਵਾਸਤੇ, ਮੁਢੋਂ ਲੈਕੇ ਅਖੀਰ ਤਕ ਸਭ ਕਾਸੇ ਦਾ ਸਹੀ ਹੋਣਾ ਲਾਜ਼ਮੀ ਹੈ। ਹਾਲਾਤ ਦੀ ਕਿਸੇ ਜੁਜ਼ ਨੂੰ ਵੀ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ। ਇਨਕਲਾਬ ਲਿਆਉਣ ਵਾਲਿਆਂ ਦੀ ਕਿਸੇ ਕਮਜ਼ੋਰੀ ਵਲੋਂ ਵੀ ਅੱਖਾਂ ਨਹੀਂ ਮੀਟੀਆਂ ਜਾ ਸਕਦੀਆਂ। ਇਨਕਲਾਬੀ ਲਹਿਰਾਂ ਆਪਣੀਆਂ ਜਿੱਤਾਂ ਤੋਂ ਵੀ ਤੇ ਹਾਰਾਂ ਤੋਂ ਵੀ ਸਬਕ ਲੈਂਦੀਆਂ, ਮਜ਼ਬੂਤ ਹੁੰਦੀਆਂ ਆਈਆਂ ਹਨ ਤੇ ਅੰਤ ਲਹਿਰ ਉਹ ਹੀ ਕਾਮਯਾਬ ਹੋਵੇਗੀ ਜੋ ਹਾਲਾਤ ਦੇ ਪ੍ਰਸੰਗ ਵਿਚ ਮਜ਼ਬੂਤ ਤੋਂ ਮਜ਼ਬੂਤ ਹੁੰਦੀ ਜਾਵੇਗੀ, ਤੇ ਬਣੇ ਮੌਕੇ 'ਤੇ ਸਵਾਰੀ ਪਾਵੇਗੀ। ਇਹ ਨਹੀਂ ਕਿ ਹੋਰ ਨੁਕਤੇ ਗ਼ੈਰ ਜ਼ਰੂਰੀ ਹਨ। ਪਰ ਮਾਯੂਸੀ ਵਾਲੇ ਡਹਿਲ ਨੂੰ ਮੁਖ਼ਾਤਬ ਹੋਣ ਵਾਸਤੇ ਇਕ ਨੁਕਤੇ ਵਲ ਧਿਆਨ ਦਿਵਾਉਣ ਦੀ ਖ਼ਾਸ ਲੋੜ ਹੈ। ਜਮਾਤੀ ਸਮਾਜ ਦੇ ਵਿਰੁਧ ਇਨਕਲਾਬ ਦਾ, ਬੰਦੇ ਦੀ ਆਜ਼ਾਦੀ ਦਾ, ਅੰਤਲਾ, ਸਭ ਤੋਂ ਅੰਤਲਾ ਆਧਾਰ ਕੀ ਹੈ ? ਭਾਵੇਂ ਗੁਲਾਮਦਾਰੀ ਵਿਚ ਗੁਲਾਮਾਂ ਦੀ ਆਪਣੀ ਆਜ਼ਾਦੀ ਵਾਸਤੇ ਬਗਾਵਤ ਹੋਵੇ, ਭਾਵੇਂ ਫੀਊਡਲ ਦੇ ਵਿਰੁਧ ਸਰਬਤ ਦੀ ਆਜ਼ਾਦੀ ਦੇ ਪੈਂਤੜੇ ਤੋਂ ਕਿਸਾਨਾਂ, ਕਾਮਿਆਂ, ਕਾਰੀਗਰਾਂ ਤੇ ਕੰਮੀਆਂ

ਆਦਿ ਦੀ ਬਗਾਵਤ ਹੋਵੇ, ਭਾਵੇਂ ਸਰਮਾਇਦਾਰੀ ਦੇ ਵਿਰੁਧ ਸਮਾਜਵਾਦੀ ਇਨਕਲਾਬ ਹੋਵੇ—ਗੱਲ ਕੀ ਸਰਬਤ ਦੀ ਆਜ਼ਾਦੀ ਵਾਸਤੇ, ਉਸ ਦੇ ਹਿੱਤੀ ਪੈਦਾਵਾਰ ਦਾ ਰੂਪ, ਪੈਦਾਵਾਰ ਦੇ ਰਿਸ਼ਤੇ ਤਾਂ ਪਹਿਲਾਂ ਰਾਇਜ ਹੋ ਹੀ ਨਹੀਂ ਸਕਦੇ। ਪੈਦਾਵਾਰ ਦੇ ਰਿਸ਼ਤਿਆਂ ਤੇ ਬੰਦਿਆਂ, ਦੋਹਾਂ ਧਿਰਾਂ ਵਿਚੋਂ ਪਹਿਲਾਂ ਤਿਆਰ ਤਾਂ ਬੰਦੇ ਨੇ ਹੀ ਹੋਣਾ ਹੈ, ਭਾਵੇਂ ਉਹ ਫਰੀਦ ਸਾਹਿਬ ਦਾ ਦਰਵੇਸ਼ ਹੋਵੇ, ਕਬੀਰ ਸਾਹਿਬ ਦਾ ਭਗਤ, ਗੁਰਬਾਣੀ ਦਾ ਗੁਰਮੁਖ, ਵਾਰਿਸ ਸ਼ਾਹ ਦਾ ਆਸ਼ਕ ਜਾਂ ਮਾਰਕਸਵਾਦੀ ਇਨਕਲਾਬੀ ਹੋਵੇ। ਬੰਦੇ ਦੀ ਤਿਆਰੀ ਵਿਚ ਸਟੇਜਾਂ ਮੁਮਕਿਨ ਹਨ। ਤੇ ਮੁਮਕਿਨ, ਮੁਢਲੀ ਸਟੇਜ ਕੀ ਹੈ? "ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ। ਜੇ ਤੂ ਏਵੈਂ ਰਖਸੀ ਜੀਉ ਸਰੀਰਹੁ ਲੇਹਿ।"

ਜਦੋਂ ਮਹਿਕੂਮ, ਉਹਨਾਂ ਦਾ ਕਾਫ਼ੀ ਤਬਕਾ ਜਾਂ ਉਹਨਾਂ ਦਾ ਮੂਹਰਲਾ, ਅਣਖੀਲਾ ਤਬਕਾ ਇਹ ਮਹਿਸੂਸ ਕਰਨ ਲਗ ਪਵੇ ਕਿ ਸਾਡੀ ਜੀਊਣੀ ਤਾਂ ਕੁੱਤਾ ਵੀ ਨਾ ਜੀਵੇ, ਐਸੇ ਜੀਊਣ ਨਾਲੋਂ ਤਾਂ ਮਰਨਾ ਚੰਗਾ, ਅਤੇ ਇਹ ਸਿਰਫ਼ ਉਸ ਦੇ ਮਨ ਦੀ ਹਵਾੜ੍ਹ ਹੀ ਬਣ ਕੇ ਨਾ ਰਹਿ ਜਾਵੇ ਤਾਂ ਸਮਝੋ ਕਿ ਕਾਬਜ਼ ਨਿਜ਼ਾਮ ਦੇ ਵਿਰੁਧ ਇਨਕਲਾਬ ਨੂੰ ਰਾਹ ਖੁਲ੍ਹ ਗਿਆ ਅਤੇ ਉਸ ਦੇ ਵਾਸਤੇ ਬੁਨਿਆਦੀ ਮਨੁਖੀ ਸੀਧਾ ਤਿਆਰ ਹੋਣਾ ਸ਼ੁਰੂ ਹੋ ਗਿਆ। ਮਹਿਕੂਮਾਂ ਦੀ ਇਸ ਹਾਲਤ ਨਾਲ ਕਾਬਜ਼ ਨਿਜ਼ਾਮ ਸੁਖ ਦੀ ਨੀਂਦ ਨਹੀਂ ਸੌਂ ਸਕਦਾ। ਉਸ ਨੂੰ ਪਾਲ੍ਹਾ ਪੈਣਾ ਸ਼ੁਰੂ ਹੋ ਜਾਂਦਾ ਹੈ। ਮਿਸਾਲ ਲਿਆਂ ਗੱਲ ਸਾਫ਼ ਹੋ ਜਾਵੇਗੀ। ਰੂਸੀ ਨਾਟਕਕਾਰ ਔਸਤਰੋਵਿਸਕੀ ਦੇ ਨਾਟਕ Thunderstorm ਦੀ ਮਿਸਾਲ ਲਵੋ। ਬਾਹਰੋਂ ਵੇਖਣ ਨੂੰ ਕਹਾਣੀ ਬੜੀ ਮਾਮੂਲੀ ਹੈ, ਆਮ ਜਿਹੀ ਹੈ। ਕੈਟਰੀਨਾ ਰਿਵਾਜ ਅਨੁਸਾਰ ਵਿਆਹੀ ਜਾਂਦੀ ਹੈ। ਆਪਣੀ ਸੱਸ ਦੇ ਹਵਾਲੇ ਹੋ ਜਾਂਦੀ ਹੈ। ਰੂਸੀ ਸਮਾਜ ਦੀ ਜ਼ਾਰਸ਼ਾਹੀ ਦਾ ਘਰ ਵਿਚ ਅਕਸ ਸੱਸ ਦੀ ਜ਼ਾਰਸ਼ਾਹੀ ਹੈ। ਕੈਟਰੀਨਾ ਦੇ ਘਰ ਵਾਲਾ ਮਾਤਾ ਦਾ ਮਾਲ ਹੈ। ਆਪਣੀ ਮਾਂ ਦੇ ਅੱਗੇ ਕੁਸਕ ਨਹੀਂ ਸਕਦਾ। ਪਰ ਫੇਰ ਵੀ ਮਰਦ ਜ਼ਾਤ ਹੈ। ਘਰੋਂ ਬਾਹਰ ਤਾਂ ਜਾ ਹੀ ਸਕਦਾ ਹੈ। ਘਰ ਦੀ ਸਾਹ-ਘੁਟੀ ਵਿਚੋਂ ਨਿਕਲ ਕੇ ਆਪਣੀ ਵਲੋਂ ਚਾਰ ਦਿਨ ਸੁਖ ਦਾ ਸਾਹ ਲੈ ਸਕਦਾ ਹੈ। ਪਰ ਘਰ ਦੀ ਜੇਲ੍ਹ ਵਿਚੋਂ ਨਿਕਲਣ ਵਾਸਤੇ ਕੈਟਰੀਨਾ ਵਾਸਤੇ ਕੋਈ ਰਸਤਾ ਨਹੀਂ। ਪਰ ਉਸ ਦੀ ਜ਼ਿੰਦਗੀ, ਉਸ ਦੀ ਸ਼ਖ਼ਸੀਅਤ ਆਪਣੇ ਜੀਊਣ ਵਾਸਤੇ ਰਾਹ ਮੰਗਦੀ ਹੈ। ਉਹ ਆਪ ਨਹੀਂ ਲਾਉਂਦੀ, ਪਰ ਜ਼ੋਰੋ ਜ਼ੋਰੀ ਉਸ ਦੀ ਬੋਰਿਸ ਨਾਲ ਲਗ ਜਾਂਦੀ ਹੈ। ਲੱਗੀ ਦਾ ਪਤਾ ਤਾਂ ਲਗ ਹੀ ਜਾਣਾ ਸੀ, ਲਗ ਗਿਆ। ਕੈਟਰੀਨਾ ਲੱਗੀ ਨੂੰ ਲੁਕਾਉਣ ਦੀ ਬਹੁਤੀ ਕੋਸ਼ਿਸ਼ ਵੀ ਨਹੀਂ ਕਰਦੀ। ਖ਼ੈਰ ਲੱਗੀ ਨਸ਼ਰ ਹੋ ਜਾਂਦੀ ਹੈ। ਉਹ ਬੋਰਿਸ ਨੂੰ ਕਹਿੰਦੀ ਹੈ ਜਿਧਰ ਮਰਜ਼ੀ ਹੈ, ਲੈ ਚਲ, ਮੈਂ ਚਲਾਂਗੀ। ਪਰ ਬੋਰਿਸ ਆਪਣੇ ਪੈਰਾਂ-ਸਿਰ ਨਹੀਂ, ਆਪਣੇ ਅੰਕਲ 'ਤੇ ਨਿਰਭਰ ਹੈ। ਕਿਧਰ ਲਿਜਾਵੇ? ਕੈਟਰੀਨਾ ਨੂੰ ਜ਼ਿੰਦਗੀ ਕੋਈ ਰਾਹ ਨਹੀਂ ਦੇ ਰਹੀ ਸਿਵਾਇ ਇਸ ਗੱਲ ਦੇ ਕਿ ਉਹ ਗਲੀਆਂ ਦਾ ਕੱਖ ਬਣ ਕੇ ਆਪਣੀ ਸੱਸ ਦੇ ਪੈਰੀਂ ਪੈ ਜਾਵੇ ਅਤੇ ਉਸ ਅੱਗੇ ਰਹਿਮ ਵਾਸਤੇ ਅਰਜ਼ੋਈ ਕਰੇ ਤੇ ਪਹਿਲਾਂ ਨਾਲੋਂ ਵੀ ਭੈੜੀ ਕੁਤੇ ਦੀ ਜੀਊਣੀ ਜੀਵੇ। ਕੈਟਰੀਨਾ ਆਪਣੇ ਆਪ ਨਾਲ ਕੋਈ ਲੜਾਈ ਨਹੀਂ ਕਰਦੀ, ਕੋਈ ਸੂਰਮਗਤੀ ਦੇ ਦਾਹਵੇ ਨਹੀਂ ਬੰਨ੍ਹਦੀ, ਆਜ਼ਾਦੀ ਦੇ ਕੋਈ ਨਾਹਰੇ ਨਹੀਂ ਲਾਉਂਦੀ। ਪਰ ਕੀ ਕਰੇ ਉਸ ਦਾ ਰੋਮ ਰੋਮ ਉਹ ਜੀਊਣੀ ਜੀਊਣੋਂ ਨਾਬਰ ਹੈ। ਕੋਲ ਵਾਲਗਾ ਦਰਿਆ ਵਗਦਾ ਹੈ। ਵਗਦੇ ਦਰਿਆ ਵਿਚ ਛਾਲ ਮਾਰ ਦੇਂਦੀ ਹੈ। ਖ਼ੁਦਕਸ਼ੀ ਕਰ ਲੈਂਦੀ ਹੈ। ਸਾਰੀ ਗੱਲ ਦਾ ਮੂਲ ਕੀ ਹੈ? ਕੈਟਰੀਨਾ ਉਹ ਜੀਊਣੀ ਨਹੀਂ ਜੀਊਂਦੀ ਤੇ...ਆਪਣੀ ਜਾਨ ਲੈ ਲੈਂਦੀ ਹੈ। ਅਤੇ ਉਹ ਵੀ ਖ਼ੁਦਕਸ਼ੀ ਨਾਲ। ਕਹਾਣੀ ਵੀ ਘਰੋਗੀ ਜ਼ਿੰਦਗੀ ਦੀ ਹੈ। ਰੋਈ



ਸਿਆਸੀ ਜਦੋ-ਜਹਿਦ ਦੀ ਨਹੀਂ। ਉਹ ਕਿਸੇ ਨੂੰ ਮਾਰ ਕੇ ਵੀ ਨਹੀਂ ਮਰਦੀ। ਉਸ ਨੂੰ ਤਾਂ ਕਿਸੇ 'ਤੇ ਗਿਲਾ ਵੀ ਨਹੀਂ, ਗੁੱਸਾ ਵੀ ਨਹੀਂ। ਸਿਰਫ਼ ਮਿਲ ਰਹੀ ਜ਼ਿੰਦਗੀ ਜੀਊਣੋਂ ਉਹ ਤਨੋਂ ਮਨੋਂ ਅਸਮਰੱਥ ਹੈ, ਉਸ ਦਾ ਰੋਮ ਰੋਮ ਆਪਣੇ ਆਪ ਹੀ ਫ਼ੈਸਲਾ ਕਰ ਲੈਂਦਾ ਹੈ ਕਿ ਇਸ ਜੀਊਣੀ ਜੀਊਣ ਨਾਲੋਂ ਮਰਨਾ ਚੰਗਾ ਹੈ। ਤੇ ਉਹ ਮਰ ਜਾਂਦੀ ਹੈ।

ਨਾਟਕਕਾਰ ਇਸ ਨਾਟਕ ਦਾ ਨਾਂ 'Thunderstorm' ਰਖਦਾ ਹੈ। ਉਸ ਨੂੰ ਕੈਟਰੀਨਾ ਦੀ ਖ਼ੁਦਕਸ਼ੀ ਵਿਚ ਕੀ ਦਿਸਦਾ ਹੈ? ਜ਼ਾਰਸ਼ਾਹੀ ਦੇ ਸਿਰ 'ਤੇ ਕੜਕਦੀ ਬਿਜਲੀ। ਇਸ ਨਾਟਕ ਦੀ ਆਲੋਚਨਾ ਕਰਦਾ ਹੈ ਮਸ਼ਹੂਰ ਰੂਸੀ ਆਲੋਚਕ Dobrolyubov। ਉਸ ਨੂੰ ਇਸ ਵਿਚ ਕੀ ਦਿਸਦਾ ਹੈ ਕਿ ਉਹ ਆਪਣੀ ਕੀਤੀ ਆਲੋਚਨਾ ਦਾ ਸਿਰਲੇਖ ਦੇਂਦਾ ਹੈ—ਕੂੜ ਦੀ ਮੱਸਿਆ ਦੀ ਹਨੇਰੀ ਰਾਤ ਵਿਚ ਚਾਨਣ ਦੀ ਇਕ ਕਿਰਨ (A Ray of Light in the Realm of Darkness)? ਹੁੰਦੀ ਇਹ ਖ਼ੁਦਕਸ਼ੀ ਹੈ, ਪਰ ਮਾਯੂਸੀ ਦਾ ਏਥੇ ਕਿਤੇ ਸੁਪਨਾ ਵੀ ਨਹੀਂ। ਕਿਉਂ? ਕਿਉਂਕਿ ਜ਼ਾਰਸ਼ਾਹੀ ਦੀ ਦਿੱਤੀ ਜ਼ਲੀਲ ਜ਼ਿੰਦਗੀ ਜੀਊਣ ਨਾਲੋਂ ਮਰ ਜਾਣ ਦਾ ਦਿਲ ਗੁਰਦਾ ਪੈਦਾ ਹੋ ਚੁਕਾ ਹੈ। ਉਮੀਦ ਦੀ ਕਿਰਨ ਦਿਸ ਪਈ ਹੈ। ਨਾਟਕਕਾਰ ਤੇ ਆਲੋਚਕ, ਦੋਹਾਂ ਨੂੰ ਇਸ ਦੀ ਅਹਿਮੀਅਤ ਦੀ ਸਮਝ ਹੈ ਅਤੇ ਉਹ ਲੋਕਾਂ ਦੇ ਸਾਹਮਣੇ ਇਸ ਨੂੰ ਉਭਰਦੇ, ਧੜਕਦੇ ਦਿਲਾਂ ਨਾਲ ਪੇਸ਼ ਕਰਦੇ ਹਨ।

ਜਦੋਂ ਵਾਰਿਸ ਸ਼ਾਹ ਦੀ ਹੀਰ ਨੇ ਕਹਿ ਦਿੱਤਾ "ਵਾਰਿਸ ਸ਼ਾਹ ਨਾ ਮੁੜਾਂ ਰਝੇਟੜੇ ਥੋਂ, ਭਾਵੇਂ ਬਾਪ ਦੇ ਬਾਪ ਦਾ ਬਾਪ ਆਵੇ।" ਤਾਂ ਕਾਬਜ਼ ਨਿਜ਼ਾਮ ਦੇ ਚੁਬਾਰੇ ਦੀਆਂ ਚਾਰੇ ਕੰਧਾਂ ਕੰਬ ਗਈਆਂ। ਉਸ ਦੇ ਵਾਸਤੇ ਹੀਰ ਨੂੰ ਹਰ ਹੀਲੇ ਖ਼ਤਮ ਕਰਨਾ ਲਾਜ਼ਮੀ ਹੋ ਗਿਆ। ਕਾਬਜ਼ ਨਿਜ਼ਾਮ ਅਗਲਿਆਂ ਨੂੰ ਖ਼ਤਮ ਕਰਨ ਦੀ ਉਦੋਂ ਹੀ ਕਰਦਾ ਹੈ ਜਦੋਂ ਉਸ ਨੂੰ ਆਪਣੀ ਜਾਨ ਦੀ ਬਣਨੀ ਸ਼ੁਰੂ ਹੋ ਜਾਵੇ, ਜਦੋਂ ਬਾਵਜੂਦ ਉਸ ਦੀ ਸਾਰੀ ਕੋਸ਼ਿਸ਼ ਦੇ ਉਹ ਬੰਦਾ ਪੈਦਾ ਹੋ ਜਾਵੇ ਜਿਸ ਨੂੰ ਉਹ ਆਪਣੇ ਆਪ ਵਿਚ ਸਮੋ ਨਾ ਸਕੇ, ਜੋ ਉਸ ਦੇ ਅੱਗੇ ਨਾਬਰ ਹੋ ਖਲੋਵੇ, ਜੋ ਨਿਜ਼ਾਮ ਦੀ ਈਨ ਮੰਨਣ ਦੀ ਥਾਂ ਹਰ ਕੀਮਤ ਦੇਣ ਨੂੰ ਤਰਜੀਹ ਦੇਵੇ। ਨਿਜ਼ਾਮ ਅਜੇ ਆਸ਼ਕਾਂ ਨਾਲੋਂ ਤਾਕਤਵਰ ਹੈ। ਉਹ ਹੀਰ ਨੂੰ ਮਾਰੇਗਾ ਪਰ ਹੀਰ ਦੇ ਮਰਨ 'ਤੇ ਮਾਯੂਸੀ ਵਾਸਤੇ ਗੁੰਜਾਇਸ਼ ਕਿਥੇ ਹੈ? ਫਰੀਦ ਵਰਗਿਆਂ ਸੂਫੀਆਂ ਦੀ, ਕਬੀਰ ਵਰਗਿਆਂ ਭਗਤਾਂ ਦੀ, ਤੇ ਸਿਖ-ਲਹਿਰ ਦੀ ਅਹਿਮੀਅਤ ਇਸ ਵਿਚ ਹੈ ਕਿ ਉਹਨਾਂ ਅਮਲੀ ਪੱਧਰ 'ਤੇ ਉਹ ਬੰਦਾ ਪੈਦਾ ਕਰ ਦਿੱਤਾ ਜਿਸ ਦਾ ਕਾਬਜ਼ ਨਿਜ਼ਾਮ ਨਾਲ ਟਕਰਾਉਣਾ ਲਾਜ਼ਮੀ ਸੀ। ਸਿਰਫ਼ ਵਕਤ ਦਾ ਹੀ ਤਕਾਜ਼ਾ ਸੀ।

ਪਹਿਲਾਂ ਪਹਿਲਾਂ ਗੋਰਕੀ ਆਪਣੇ ਨਾਇਕਾਂ ਵਿਚ ਕੀ ਪੇਸ਼ ਕਰਦਾ ਹੈ? ਅੰਨ੍ਹੀ, ਅਲ੍ਹੜ ਬਗਾਵਤ। ਖਾਂਦੇ ਉਹ ਮਾਰ ਹੀ ਹਨ ਤੇ ਬਗਾਵਤ ਵੀ ਉਹਨਾਂ ਦੀ ਅੰਨ੍ਹੀ ਹੈ, ਦਲੇਰੀ ਵੀ ਅਲ੍ਹੜ ਹੈ। ਪਰ ਅੰਤ ਦਲੇਰੀ ਹੈ, ਕਾਬਜ਼ ਦੇ ਵਿਰੁਧ ਬਗਾਵਤ ਹੈ। ਆਉਣ ਵਾਲੀ ਇਨਕਲਾਬੀ ਤਬਦੀਲੀ ਦਾ ਸੁਨੇਹਾ ਹੈ।

ਬਹੁਤੀਆਂ ਮਿਸਾਲਾਂ ਕੀ ਲੈਣੀਆਂ ਨੇ। ਜੇ ਡਾਕਟਰ ਕੇਸਰ ਸਿੰਘ ਟਰਾਸਕੀ ਵਲ ਤੇ ਉਸ ਦੇ ਨਾਇਕ ਵਲ ਹੀ ਧਿਆਨ ਮਾਰ ਲੈਂਦੇ, ਤਾਂ ਉਹਨਾਂ ਨੂੰ ਸਮਝ ਆ ਜਾਂਦੀ ਕਿ ਜਿੰਨਾਂ ਚਿਰ ਕੋਈ ਆਜ਼ਾਦੀ ਵਾਸਤੇ ਸਿਰ-ਧੜ ਦੀ ਲਾਉਣ ਨੂੰ ਤਿਆਰ ਹੈ, ਓਨਾਂ ਚਿਰ ਮਾਯੂਸੀ ਵਾਸਤੇ ਕਿਤੇ ਭੋਂ ਹੀ ਨਹੀਂ ਹੁੰਦੀ। ਟਰਾਸਕੀ ਦਾ ਨਾਇਕ ਮਰਦਾ ਹੈ, ਕਾਬਜ਼ ਨਿਜ਼ਾਮ ਜ਼ਿਆਦਾ ਤਾਕਤਵਰ ਸਾਬਤ ਹੁੰਦਾ ਹੈ। ਨਾਇਕ ਆਪਣੇ ਨਿਸ਼ਾਨੇ 'ਤੇ ਪੁਜਣੋਂ ਅਸਫਲ ਰਹਿੰਦਾ ਹੈ ਪਰ ਉਸ ਦੀ ਮੌਤ ਦਾ ਅਸਰ

ਕੀ ਹੁੰਦਾ ਹੈ ? ਬੰਦੇ ਦੀ ਕਰਨੀ ਦਾ, ਇਨਸਾਨੀਅਤ ਦਾ ਦਾਇਰਾ ਵਿਸ਼ਾਲ ਹੁੰਦਾ ਹੈ। ਆਜ਼ਾਦੀ ਅੱਖ ਪੁਟਦੀ ਹੈ। ਡਾਕਟਰ ਕੇਸਰ ਸਿੰਘ ਨੂੰ ਮਾਯੂਸੀ ਦਾ ਡਹਿਲ ਇਸ ਵਾਸਤੇ ਹੈ ਕਿ ਉਸ ਨੇ ਆਜ਼ਾਦੀ ਵਾਸਤੇ ਦਿਤੀ ਕੁਰਬਾਨੀ ਦਾ, ਉਸ ਦੇ ਵਾਸਤੇ ਪਾਈ ਸ਼ਹੀਦੀ ਦਾ ਰੋਲ ਸਮਝਿਆ ਨਹੀਂ। ਡਾਕਟਰ ਕੇਸਰ ਸਿੰਘ ਨੇ ਲੈਨਿਨ ਦੀ ਟੂਕ ਦਿੱਤੀ ਤਾਂ ਹੈ ਪਰ ਉਹਨਾਂ ਉਸ ਦਾ ਮਨੁਖੀ ਅਸਲਾ ਸਮਝਿਆ ਨਹੀਂ। ਜਿਸ ਦੇ ਦਿਲ ਵਿਚ ਬੰਦੇ ਵਾਸਤੇ ਦਰਦ ਹੈ, ਇਨਸਾਨੀਅਤ ਤੇ ਆਜ਼ਾਦੀ ਵਾਸਤੇ ਕਦਰ ਹੈ ਉਹ ਆਜ਼ਾਦੀ ਵਾਸਤੇ ਦਿੱਤੀ ਕੁਰਬਾਨੀ ਦੀ, ਉਸ ਵਾਸਤੇ ਪਾਈ ਸ਼ਹੀਦੀ ਦੀ ਦਾਦ ਕਿਸ ਤਰ੍ਹਾਂ ਨਹੀਂ ਦੇਵੇਗਾ ? ਉਹ ਬੰਦੇ ਦੀ ਗੁਲਾਮੀ ਤੇ ਆਜ਼ਾਦੀ ਦੇ ਦਰਮਿਆਨ ਨਿਰਪੱਖ ਕਿਵੇਂ ਹਿ ਸਕਦਾ ਹੈ ? ਮਾਯੂਸੀ ਉਦੋਂ ਹੁੰਦੀ ਹੈ ਜਦੋਂ ਕੋਈ ਮੈਦਾਨੋਂ ਹੀ ਭੱਜ ਜਾਵੇ, ਸੱਚ ਦਾ ਰਾਹ ਹੀ ਛੱਡ ਜਾਵੇ, ਤੇ ਕੀਮਤ ਦੇਣੋਂ ਹੀ ਦੁੰਮ ਦਬਾ ਜਾਵੇ, ਜਦੋਂ ਇਕਾਨੋਮਿਜ਼ਮ ਹੀ ਮਾਰਕਸਵਾਦ ਬਣ ਤੁਰੇ। ਡਾਕਟਰ ਕੇਸਰ ਸਿੰਘ ਕੰਵਲ ਨੂੰ ਇਕ ਤਰ੍ਹਾਂ ਭਾਵੁਕ ਕਹਿੰਦਾ ਹੈ। ਸ਼ਾਇਦ ਇਹ ਕਹਿਣਾ ਜ਼ਿਆਦਾ ਸਹੀ ਹੈ ਕਿ ਕੰਵਲ ਜੀਉਂਦਾ ਹੈ।

ਡਾਕਟਰ ਕੇਸਰ ਸਿੰਘ ਨਕਸਲਬਾੜੀ ਨਾਇਕਾਂ ਦੇ 'ਮਧ-ਵਰਗੀ' ਹੋਣ ਨੂੰ ਬਹੁਤ ਤੂਲ ਦੇਂਦੇ ਹਨ। ਦੁਨੀਆਂ ਭਰ ਦੇ ਹਥਿਆਰਬੰਦ ਇਨਕਲਾਬਾਂ ਵਿਚ ਮਧ-ਵਰਗ ਹੇਠਲੇ ਵਰਗ ਦਾ ਸਾਥੀ ਰਿਹਾ ਹੈ ਨਾ ਕਿ ਆਗੂ। ਪਰ ਏਥੇ ਹਾਲਤ ਇਹ ਹੈ ਕਿ ਮਧ-ਵਰਗ ਆਗੂ ਸੀ, ਜਿਸ ਦਾ ਨਤੀਜਾ ਇਹ ਹੋਇਆ ਕਿ "ਚੜ੍ਹਦੀ ਜਵਾਨੀ ਦੇ ਜੋਸ਼ ਵਿਚ ਉਹ ਪੈਰ ਤੋਂ ਹੀ ਨੱਚ ਪਏ।" ਹਾਲਾਤ ਦੀ ਵੱਤ ਅਤੇ ਨਿਸ਼ਾਨੇ ਦਾ ਠੀਕ ਨਿਰਣਾ ਕਰਨ ਦੀ ਉਨ੍ਹਾਂ ਨੂੰ ਹੋਸ਼ ਹੀ ਨਹੀਂ ਸੀ (ਬਾਬਾ ਮਰਗਿੰਦ, ਜੁਆਲਾ ਤੇ ਮਲਕੀ ਆਗੂ ਨਹੀਂ, ਕੇਵਲ ਸਾਥੀ ਹਨ। ਪੁੰਨਾ ਤੇ ਬੂਟਾ ਸਿੰਘ ਸਾਥ ਵੀ ਨਹੀਂ ਦਿੰਦੇ। ਇਹ ਇਸ ਲਹਿਰ ਦੀ ਸੀਮਾ ਹੈ।" (ਸਫ਼ਾ 12) ਗੱਲ ਏਥੇ ਮਧ ਜਾਂ ਕਿਸੇ ਹੋਰ ਵਰਗ ਦੀ ਨਹੀਂ ਹੋ ਰਹੀ। ਗੱਲ ਹੋ ਰਹੀ ਹੈ ਲਹਿਰ ਦੇ ਆਗੂਆਂ ਦੀ ਜੋ ਮਧ-ਵਰਗ ਵਿਚੋਂ ਆਏ। ਕੀ ਮਧ-ਵਰਗ 'ਚ ਜੰਮ ਪੈਣਾ ਐਡਾ ਵੱਡਾ ਮਾਰੂ ਗੁਨਾਹ ਹੈ ਕਿ ਉਸ ਵਰਗ ਵਿਚ ਜੰਮਿਆਂ ਕੋਈ ਬੰਦਾ ਮਾਰਕਸਵਾਦੀ ਹੋ ਹੀ ਨਹੀਂ ਸਕਦਾ ? ਮਾਰਕਸ, ਏਂਗਲਜ਼, ਲੈਨਿਨ, ਚਉ-ਐਨ-ਲਾਈ— ਰੂਸ ਤੇ ਚੀਨ ਦੇ ਇਨਕਲਾਬਾਂ ਦੇ ਲੀਡਰਾਂ ਦੀ ਧਾੜ ਦੀ ਧਾੜ ਕਿਹੜੇ ਪਰੋਲਤਾਰੀਆ ਦੇ ਘਰ ਜੰਮੇ ਪਲੇ ਸਨ ? ਦੂਸਰੇ ਪਾਸੇ, ਇਕਾਨੋਮਿਜ਼ਮ ਦੀ ਸ਼ਿਕਾਰ ਹੋਈ ਪਰੋਲਤਾਰੀ ਤੇ ਉਸ ਦੀਆਂ ਸੋਸ਼ਲ ਡੈਮੋਕਰੈਟਿਕ ਤੇ ਇਕਾਨੋਮਿਜ਼ਮ ਦੀਆਂ ਸ਼ਿਕਾਰ ਹੋਈਆਂ ਕਮਿਊਨਿਸਟ ਪਾਰਟੀਆਂ ਨੇ ਕੀ ਪੂਰੀ ਪਾਈ ਹੈ ? ਚੀਨ ਦੇ ਇਨਕਲਾਬ ਵਿਚ ਕਿਹੜੀ ਪਰੋਲਤਾਰੀ ਆਗੂ ਸੀ ? ਉਥੇ ਕਮਿਊਨਿਸਟ ਪਾਰਟੀ ਦੀ ਅਗਵਾਈ ਹੇਠ substitute ਪਰੋਲਤਾਰੀ ਪੈਦਾ ਕੀਤੀ ਗਈ। ਚੀਨੀ ਪਾਰਟੀ ਦਾ ਕਾਡਰ ਕਿਹੜਾ ਸਾਰਾ ਪਰੋਲਤਾਰੀ ਜਾਂ ਖੇਤ-ਮਜ਼ਦੂਰ ਜਮਾਤ ਵਿਚੋਂ ਆਇਆ ਸੀ ? **ਗੱਲ ਹੈ ਸਾਰੀ ਮਾਰਕਸਵਾਦ ਨੂੰ ਵਰਨ ਦੀ।** ਨਕਸਲਬਾੜੀ ਆਗੂਆਂ ਦਾ ਗੁਨਾਹ ਇਹ ਨਹੀਂ ਸੀ ਕਿ ਉਹ ਮਧ-ਵਰਗ ਵਿਚੋਂ ਆਏ, ਉਹਨਾਂ ਦੀ ਕਮਜ਼ੋਰੀ ਇਹ ਸੀ ਕਿ ਉਹ ਮਾਰਕਸਵਾਦ ਨੂੰ ਵਰਨੋਂ ਅਸਮਰੱਥ ਰਹੇ। ਹੇਠਲਾ ਵਰਗ ਕਿਹੜਾ ਆਪਣੇ ਆਪ, ਜਮਾਂਦਰੂ ਤੌਰ 'ਤੇ ਹੀ ਮਾਰਕਸਵਾਦੀ ਇਨਕਲਾਬੀ ਹੁੰਦਾ ਹੈ ? ਜੇ ਬਾਬਾ ਮਰਗਿੰਦ, ਜੁਆਲਾ ਤੇ ਮਲਕੀਤ ਆਗੂ ਬਣਨ ਜੋਗੇ ਹੁੰਦੇ ਤਾਂ ਬਣ ਜਾਂਦੇ। ਜੇ ਬਣ ਵੀ ਜਾਂਦੇ ਤਾਂ ਕੀ ਹੋ ਜਾਂਦਾ ? ਬਾਬਾ ਮਰਗਿੰਦ ਤਾਂ ਮਜ਼੍ਹਬੀ ਵਿਚਾਰਧਾਰਾ ਨੂੰ ਵੀ ਮੰਨਦਾ ਹੈ। **ਅਗਵਾਈ ਪਰੋਲਤਾਰੀ ਦੇ ਪੈਂਤੜੇ ਦੀ, ਮਾਰਕਸਵਾਦ ਦੀ ਹੈ ਤੇ ਕਾਡਰ ਜਾਂ ਆਗੂ ਕੋਈ ਵੀ ਹੋਵੇ ਮਾਰਕਸਵਾਦ ਉਸ ਨੂੰ ਵਰਨਾ ਪੈਂਦਾ ਹੈ।** ਆਗੂ ਜਾਂ ਕਾਡਰ ਵਾਸਤੇ "ਅੰਧੀ ਰਯਤਿ ਗਿਆਨ



ਵਿਹੂਣੀ ਭਾਹਿ ਭਰੇ ਮੁਰਦਾਰੁ" ਦੇ ਘਰ ਜੰਮਣਾ ਐਨਾ ਜ਼ਰੂਰੀ ਨਹੀਂ। ਜ਼ਰੂਰੀ ਹੈ ਨਾਮ ਦਾ ਪੱਲੇ ਹੋਣਾ।

ਨਾਲੇ ਡਾਕਟਰ ਕੇਸਰ ਸਿੰਘ ਆਪ ਇਹ ਗੱਲ ਮੰਨਦੇ ਹਨ ਕਿ ਇਹਨਾਂ ਆਗੂਆਂ ਨੂੰ ਆਪਣੇ ਆਪ ਨੂੰ ਤਾਂ ਪਤਾ ਨਹੀਂ ਪਰ ਅਸਲ ਵਿਚ ਇਨਕਲਾਬ ਲੋਕਾਂ ਦੇ ਨਾਲ ਇਹਨਾਂ ਦੀ ਆਪਣੀ ਜ਼ਿੰਦਗੀ ਦਾ ਵੀ ਹਲ ਹੈ। "ਪਰ ਜ਼ਰਾ ਮਧ-ਵਰਗੀ ਜਮਾਤ ਦੀ ਸਮਾਜਕ ਪੁਜ਼ੀਸ਼ਨ (ਸੰਘੱਟ) ਵਲ ਧਿਆਨ ਮਾਰੀਏ ਤਾਂ ਪਤਾ ਲਗਦਾ ਹੈ ਕਿ ਇਹ ਕੀਰਨੇ ਗੁਵਾਂਢ (ਬਹਿਰੇ) ਦੇ ਨਹੀਂ, ਮਿਹਰ ਸਿੰਘ ਤੇ ਪੀਤੂ ਦੇ ਆਪਣੇ ਹਨ।" (ਸਫ਼ਾ 9) ਜੇ ਇਨਕਲਾਬ ਦੇ ਰਾਹੇ ਪੈਣਾ ਇਹਨਾਂ ਲੋਕਾਂ ਦੀ ਆਪਣੀ ਜ਼ਿੰਦਗੀ ਦੇ ਮਸਲੇ ਦਾ ਹੱਲ ਹੈ ਤਾਂ ਦੋ ਗੱਲਾਂ ਤਾਂ ਸਾਫ਼ ਹੋ ਗਈਆਂ। ਇਹਨਾਂ ਨੂੰ ਆਪ ਨੂੰ ਭਾਵੇਂ ਸਮਝ ਹੈ ਜਾਂ ਨਹੀਂ, ਬਾਹਰਮੁਖੀ ਤੌਰ 'ਤੇ ਰਾਹੇ ਇਹ ਉਸੇ ਹੀ ਪਏ ਹਨ ਜਿਹੜੇ ਇਹਨਾਂ ਨੂੰ ਪੈਣਾ ਚਾਹੀਦਾ ਸੀ। ਅਤੇ ਦੂਸਰੇ ਇਹ ਅਫ਼ਰਾਊਂ ਤਾਂ ਨਾ ਹੋਏ। ਸੋ ਸਾਰੀ ਗੱਲ ਮਾਰਕਸਵਾਦੀ ਚੇਤਨਤਾ ਦੀ ਕਚਿਆਈ 'ਤੇ ਆਈ। ਮਧ-ਵਰਗ ਦੇ ਜੰਮ ਪਲ ਹੋਣ 'ਤੇ ਤਾਂ ਨਾ ਰਹੀ। ਉਹ ਤਾਂ ਤਾਂ ਮੰਨਦੇ ਜੇ ਜੁਆਲਾ, ਮਲਕੀਤ ਇਸ ਚੇਤਨਤਾ ਵਿਚ ਨਿਪੁੰਨ ਹੁੰਦੇ। ਜੇ ਉਹ ਚੇਤਨਤਾ ਵਿਚ ਪੱਕੇ ਹੁੰਦੇ ਤਾਂ ਇਹਨਾਂ ਕੱਚਿਆਂ ਘੜਿਆਂ 'ਤੇ ਸਵਾਰ ਹੋ ਕੇ ਝਨਾਂ ਵਿਚ ਕਿਉਂ ਠਿਲ੍ਹਦੇ ?

ਡਾਕਟਰ ਕੇਸਰ ਸਿੰਘ ਲਿਖਦੇ ਹਨ : "ਲੋਕਾਂ ਨਾਲ ਇਕ-ਮਿਕ ਨਾ ਹੋਣ ਕਰਕੇ ਉਹ ਇਖਲਾਕੀ ਸ਼ੁਧਵਾਦ (Moral Puritanism) ਉਤੇ ਲੋੜ ਤੋਂ ਵਧ ਜ਼ੋਰ ਦੇਂਦੇ ਹਨ।" (ਸਫ਼ਾ 9) ਏਥੇ ਜਾਪਦਾ ਹੈ ਕਿ ਡਾਕਟਰ ਕੇਸਰ ਸਿੰਘ ਸਹੀ ਨੂੰ ਗ਼ਲਤ ਕਰਾਰ ਦੇਈ ਜਾਂਦੇ ਹਨ। ਪੰਜਾਬ ਦੇ ਕਲਚਰਲ ਪ੍ਰਸੰਗ ਨੂੰ ਉਭਾਰਕੇ ਪੇਸ਼ ਕਰਨਾ ਕੰਵਲ ਤੇ ਉਸ ਦੇ ਨਾਇਕਾਂ ਦੀ ਗ਼ਲਤੀ ਨਹੀਂ, ਉਹਨਾਂ ਦੀ ਵਡਿਆਈ ਹੈ। ਜੋ ਲਹਿਰ ਵੀ ਹਥਿਆਰਬੰਦ ਇਨਕਲਾਬ ਦੇ ਰਾਹੇ ਪੈਂਦੀ ਹੈ, ਅਗੋਂ ਜਾਂ ਪਿਛੋਂ ਉਸ ਦੇ ਆਗੂਆਂ ਤੇ ਕਾਡਰ ਨੂੰ ਛੁਪਣਾ ਪੈਂਦਾ ਹੈ, ਅੰਡਰ-ਗਰਾਉਂਡ ਜਾਣਾ ਪੈਂਦਾ ਹੈ। ਧਰਤੀ ਮਾਤਾ ਨੇ ਉਹਨਾਂ ਨੂੰ ਵਿਰਲ ਤਾਂ ਦੇ ਨਹੀਂ ਦੇਣੀ ਹੁੰਦੀ। ਪਨਾਹ/ਠਾਹਰ ਤਾਂ ਲੋਕਾਂ ਦੀ ਧਰਤੀ ਮਾਤਾ ਨੇ ਹੀ ਦੇਣੀ ਹੁੰਦੀ ਏ। ਜੇ ਲੋਕਾਂ ਨੂੰ ਲਹਿਰ ਦੇ ਆਗੂਆਂ ਤੇ ਕਾਡਰ ਬਾਬਤ ਇਹ ਖ਼ਿਆਲ ਹੋਵੇ ਕਿ ਇਹ ਜਿਸ ਥਾਲੀ ਵਿਚੋਂ ਖਾਂਦੇ ਨੇ, ਉਹਦੇ ਵਿਚ ਮੂਤ ਵੀ ਸਕਦੇ ਨੇ, ਜੋ ਇਹਨਾਂ ਨੂੰ ਲੁਕਾਂਦੇ ਨੇ, ਉਸੇ ਦੀਆਂ ਧੀਆਂ ਭੈਣਾਂ ਨੂੰ ਤਕਦੇ ਨੇ ਤੇ ਮੌਕਾ ਲਗੇ ਤਾਂ ਉਸ ਦੀ ਇੱਜ਼ਤ ਨੂੰ ਵੀ ਹੱਥ ਪਾਉਣੋਂ ਨਹੀਂ ਸੰਗਦੇ, ਤਾਂ ਇਹਨਾਂ ਨੂੰ ਲਾਗੇ ਕੌਣ ਲਗਣ ਦੇਵੇਗਾ ? (ਕਾਡਰ ਦੇ ਲੋਕਾਂ ਨਾਲ ਰਿਸ਼ਤੇ ਬਾਬਤ ਵੀ ਸਿਖ ਲਹਿਰ ਦੀ ਕਰਨੀ ਸਹੀ ਅਗਵਾਈ ਹੈ)।

ਲੰਮੇ ਚੌੜੇ ਵਿਸਥਾਰ ਵਿਚ ਜਾਣ ਦੀ ਲੋੜ ਨਹੀਂ। ਜੋ ਨਕਸਲਬਾੜੀ ਲਹਿਰ ਨੇ ਕੀਤਾ ਜਾਂ ਜੋ ਕੰਵਲ ਨੇ ਲਿਖਿਆ ਗੱਲ ਉਥੇ ਮੁਕ ਨਹੀਂ ਗਈ। ਲਹਿਰਾਂ ਜਾਂ ਪਾਰਟੀਆਂ ਇਕ ਥਾਂ ਖੜੋਤੀਆਂ ਨਹੀਂ ਰਹਿੰਦੀਆਂ। ਇਹ ਵੇਖਣਾ ਲਾਜ਼ਮੀ ਹੈ ਕਿ ਜੋ ਹੋਇਆ ਉਹ ਕਿਸ ਤਰ੍ਹਾਂ ਹੋਇਆ ਅਤੇ ਜੋ ਨਾ ਹੋ ਪਾਇਆ ਉਹ ਕਿਉਂ ਨਾ ਹੋ ਪਾਇਆ ? ਤੇ ਪਾਰਟੀ ਜਾਂ ਲਹਿਰ ਆਪਣੀਆਂ ਖ਼ਾਮੀਆਂ ਤੇ ਗਲਤੀਆਂ ਨੂੰ ਦੂਰ ਕਿਵੇਂ ਕਰਦੀ ਹੈ ? ਕਰਨ ਦੇ ਰਾਹੇ ਪੈਂਦੀ ਹੈ ਕਿ ਨਹੀਂ ? ਦੂਰ ਕਰਦੀ ਹੈ ਕਿ ਨਹੀਂ ? ਜਿਨ੍ਹਾਂ ਨੂੰ ਚਿੱਟੀਆਂ ਤੇ ਪੀਲੀਆਂ ਕਿਹਾ ਗਿਆ ਹੈ ਉਹਨਾਂ ਨੂੰ ਵੀ ਇਉਂ ਕਹਿਣ ਨਾਲ ਗੱਲ ਮੁਕ ਨਹੀਂ ਜਾਂਦੀ। ਉਹਨਾਂ ਬਾਬਤ ਵੀ ਦੇਖਣਾ ਇਹ ਜ਼ਰੂਰੀ ਹੈ ਕਿ ਜਿਥੇ ਉਹ ਪਹੁੰਚ ਗਈਆਂ ਨੇ ਉਥੇ ਪਹੁੰਚੀਆਂ ਕਿਉਂ ਤੇ ਕਿਸ ਤਰ੍ਹਾਂ ਨੇ। ਤੇ ਅਗੋਂ ਉਹ ਜਾ ਕਿਧਰ ਨੂੰ ਰਹੀਆਂ ਨੇ। ਪਾਰਟੀਆਂ ਦਾ ਲੋਕਾਂ ਨਾਲ ਰਿਸ਼ਤਾ ਇਕਵਾਸਾ ਨਹੀਂ, ਦੁਵੱਲਾ ਹੁੰਦਾ ਹੈ। ਉਹਨਾਂ ਦਾ ਕਰਤੱਵ ਲੋਕਾਂ ਦੀ ਅਗਵਾਈ ਕਰਨਾ ਤਾਂ ਹੁੰਦਾ ਹੀ ਹੈ, ਪਰ ਲੋਕਾਂ ਵਾਸਤੇ ਵੀ ਲਾਜ਼ਮੀ ਹੁੰਦਾ ਹੈ ਕਿ

ਉਹਨਾਂ ਉਤੇ ਕਰੜੀ ਨਜ਼ਰ ਰਖਣ। ਜੇ ਉਹਨਾਂ ਉਤੇ ਲੋਕਾਂ ਦੀ ਕਰੜੀ ਨਜ਼ਰ ਨਾ ਰਹੇ, ਜੇ ਲੋਕ ਉਹਨਾਂ ਨੂੰ ਹਰ ਵੇਲੇ ਆਪਣੇ ਹਿੱਤ ਦੇ ਧਰਮ ਕੰਡੇ 'ਤੇ ਨਾ ਚੜ੍ਹਾਈ ਰਖਣ ਤਾਂ ਉਹਨਾਂ ਦਾ ਕਿਸੇ ਵੇਲੇ ਵੀ ਰੰਗ ਵਟਾ ਲੈਣਾ ਨਾਮੁਮਕਿਨ ਨਹੀਂ ਹੁੰਦਾ। ਇਤਿਹਾਸਕ ਅਨੁਭਵ ਦਸਦਾ ਹੈ ਕਿ ਲੋਕਾਂ ਦੀ ਕਰੜੀ ਨਜ਼ਰ ਤੋਂ ਬਗ਼ੈਰ ਆਏ ਹੋਏ ਇਨਕਲਾਬ ਵੀ ਕੁਰਾਹੇ ਪੈ ਸਕਦੇ ਹਨ। ਇਹ ਗੱਲ ਕਦੇ ਵੀ ਭੁਲਣੀ ਨਹੀਂ ਚਾਹੀਦੀ ਕਿ ਆਪਣੀ ਆਜ਼ਾਦੀ ਵਰਨੀ ਲੋਕਾਂ ਦਾ ਆਪਣਾ ਹੱਕ ਹੈ ਅਤੇ ਉਹਨਾਂ ਦਾ ਇਹ ਹੱਕ ਉਹਨਾਂ ਕੋਲੋਂ ਕੋਈ ਖੋਹ ਨਹੀਂ ਸਕਦਾ। ਤੇ ਉਹਨਾਂ ਵੀ ਅੰਤ ਡਿੱਗ ਡਿੱਗ ਹੀ ਸਵਾਰ ਹੋਣਾ ਹੈ। ਉਹਨਾਂ ਦੇ ਸਿਰ ਆਜ਼ਾਦੀ ਨੇ ਸਿਹਰੇ ਉਦੋਂ ਹੀ ਬਨ੍ਹਣੇ ਨੇ, ਜਦੋਂ ਉਹ ਸ਼ਾਹ-ਸਵਾਰ ਹੋ ਗਏ।

ਭਗਵਾਨ ਸਿੰਘ ਜੋਸ਼

---

## ਦਹਿਸ਼ਤਵਾਦ ਦੀ ਮਾਨਸਕਤਾ

Men make their own history, but they do not make it just as they please; they do not make it under circumstances chosen by themselves, but under circumstances directly encountered, given and transmitted from the past. The tradition of all the dead generations weighs like a nightmare on the brain of the living. And just when they seem engaged in revolutionising themselves and things, in creating something that has never yet existed, precisely in such periods of revolutionary crisis they anxiously conjure up the spirits of the past to their service and borrow from them names, battle cries and costumes in order to present the new scene of world history in this time-honoured disguise and this borrowed language...In like manner a beginner who has learnt a new language always translates it back into its mother tongue, but he has assimilated the spirit of the new language and can freely express himself in it only when he finds his way in it without recalling the old and forgets his native tongue in the use of the new ..

The social revolution of the nineteenth century cannot draw its poetry from the past, but only from the future. It cannot begin with itself before it has stripped off all superstition in regard to the past. Earlier revolutions required recollections of past world history in order to drug themselves concerning their own content. In order to arrive at its own content, the revolution of the nineteenth century must let the dead bury their dead.

—Marx-Engels : **Selected Works.** Vol. I. Page 398.



ਪੰਜਾਬ ਦਾ ਮੱਧਕਾਲੀਨ ਦਾ ਇਤਿਹਾਸ ਉਥਲ-ਪੁਥਲ ਦਾ ਇਤਿਹਾਸ ਹੈ। ਜਿਸ ਇਤਿਹਾਸਕ ਦੌਰ ਵਿਚੋਂ ਇਥੋਂ ਦਾ ਕਿਸਾਨੀ ਸਮਾਜ ਲੰਘਿਆ ਹੈ, ਉਸ ਦਾ ਤਜਰਬਾ ਬਾਕੀ ਹਿੰਦੁਸਤਾਨ ਦੀ ਕਿਸਾਨੀ ਦੇ ਤਜਰਬੇ ਨਾਲ ਮੇਲ ਖਾਂਦਾ ਹੋਇਆ ਵੀ ਕਈ ਗੱਲਾਂ ਵਿਚ ਭਿੰਨ ਹੈ। ਅੰਗਰੇਜ਼ਾਂ ਦੇ ਪੰਜਾਬ ਨੂੰ ਬਾਕੀ ਹਿੰਦੁਸਤਾਨ ਨਾਲ ਸ਼ਾਮਿਲ ਕਰ ਲੈਣ ਨਾਲ, ਪੰਜਾਬ ਦਾ ਸੰਯੋਗ ਸੰਸਾਰ ਸਰਮਾਏਦਾਰੀ ਮੰਡੀ-ਪ੍ਰਬੰਧ ਨਾਲ ਜੁੜ ਗਿਆ ਤੇ ਇੰਜ ਉਸ ਦੇ ਲੋਕਾਂ ਦੀ ਹੋਣੀ ਬਾਕੀ ਸੰਸਾਰ ਦੇ ਲੋਕਾਂ ਦੀ ਹੋਣੀ ਨਾਲ ਬੱਝ ਗਈ। ਇਹ ਸਾਰੀਆਂ ਤਬਦੀਲੀਆਂ ਕੇਵਲ ਬਾਹਰੀ ਹੀ ਨਹੀਂ ਸਨ, ਇਨ੍ਹਾਂ ਦੇ ਅਨੁਸਾਰ, ਪੰਜਾਬ ਦੇ ਲੋਕਾਂ ਦੇ ਆਤਮਕ ਸੰਸਾਰਾਂ ਵਿਚ ਟੁੱਟ ਭੱਜ ਦੀਆਂ ਨਵੀਆਂ ਛਾਪਾਂ ਲਗਦੀਆਂ ਰਹੀਆਂ। ਕਈ ਆਤਮਕ ਤਜਰਬੇ ਤਾਂ ਜ਼ਿੰਦਗੀ ਦੇ ਸੱਚ ਦੇ ਨਿਚੋੜ ਵਜੋਂ ਪ੍ਰਗਟਾਏ ਗਏ ਜਿੰਨ੍ਹਾਂ ਨੂੰ ਇਹ ਲੋਕ ਅੱਜ ਤੱਕ ਆਪਣੇ ਕਰਮ ਦੀ ਤਰਕਸ਼ੀਲਤਾ ਲਈ ਵਰਤਦੇ ਆ ਰਹੇ ਹਨ।

ਤਾਂ ਫਿਰ ਪੰਜਾਬ ਦੀ ਮਾਨਸਕਤਾ ਦੀ ਖ਼ਾਸੀਅਤ ਕੀ ਹੈ? ਇਸ ਮਾਨਸਕਤਾ ਦੀ ਖ਼ਾਸੀਅਤ ਇਹ ਹੈ ਕਿ ਇਹ ਤਬਦੀਲੀ ਦੇ ਸੰਕਲਪ ਨੂੰ ਇਕ ਦਾਇਰੇ ਦੇ ਰੂਪ ਵਿਚ ਲੈਂਦੀ ਹੈ, ਕਨਸੀਵ ਕਰਦੀ ਹੈ। ਅਜਿਹੇ ਤਬਦੀਲੀ ਦੇ ਸੰਕਲਪ ਵਿਚ ਕੇਵਲ ਸਥਾਨ ਦੀ ਪ੍ਰਸੰਗਤਾ (dimension) ਹੁੰਦੀ ਹੈ ਪਰ ਗੁਣਾਤਮਕ ਪ੍ਰਸੰਗਤਾ ਨਹੀਂ ਹੁੰਦੀ। ਕਹਿਣ ਦਾ ਭਾਵ ਇਹ ਕਿ ਤਬਦੀਲੀ ਦੇ ਸੰਕਲਪ ਵਿਚ ਪੈਦਾਵਾਰੀ ਤਾਕਤਾਂ ਦਾ ਵਿਕਾਸ ਤੇ ਉਹਨਾਂ ਦੀ ਸੇਧ ਸ਼ਾਮਿਲ ਨਹੀਂ। ਪੰਜਾਬੀ ਮਾਨਸਕਤਾ ਦੇ ਸਭਿਆਚਾਰਕ ਤਜਰਬੇ 'ਤੇ ਜੋ ਛਾਪ ਲੱਗੀ ਹੈ ਉਹ ਕੇਵਲ ਉਸ ਤਬਦੀਲੀ ਦੀ ਹੈ ਜੋ ਬਾਰ ਬਾਰ ਉਨ੍ਹਾਂ ਦੇ ਜੀਵਨ ਵਿਚ ਬਾਹਰੋਂ ਅਚਾਨਕ ਕਿਸੇ ਨਾ ਕਿਸੇ ਯੋਧੇ ਦੇ ਆਉਣ ਨਾਲ (ਹੋਰ ਭੀ ਉਠਸੀ ਮਰਦ ਕਾ ਚੇਲਾ) ਲਗਾਤਾਰ ਵਾਪਰਦੀ ਰਹੀ ਹੈ। ਪੈਦਾਵਾਰੀ ਤਾਕਤਾਂ ਦੇ ਵਿਕਾਸ ਕਾਰਨ (ਜੋ ਦੌਰ 1850 ਤੋਂ ਪਿਛੋਂ ਸ਼ੁਰੂ ਹੋਇਆ) ਸਮਾਜ ਦੀ ਕੁੱਖ ਅੰਦਰੋਂ ਸਾਰੇ ਸਮਾਜਕ (ਆਤਮਕ ਤੇ ਮਾਨਸਕ) ਸੰਕਲਪਾਂ ਨੂੰ ਨਵਿਆਉਣ ਦਾ ਤਜਰਬਾ ਪੰਜਾਬੀ ਮਾਨਸਕਤਾ ਦਾ ਨਹੀਂ। ਇਸ ਕਾਰਨ ਪੰਜਾਬੀ ਮਾਨਸਕਤਾ ਦੇ ਸੰਕਲਪਾਂ ਵਿਚ ਜੜ੍ਹਤਾ ਹੈ; ਵਿਰੋਧ-ਵਿਕਾਸੀ ਗਤੀ (dialectical movement) ਨਹੀਂ ਹੈ। ਇਨ੍ਹਾਂ ਸੰਕਲਪਾਂ ਵਿਚ ਆਪਸੀ-ਭੇੜ ਅਤੇ ਵਿਕਾਸ ਨਹੀਂ, ਸਗੋਂ ਸੇਧ-ਹੀਨ ਸਹਿਹੋਂਦ ਹੈ। ਅਜਿਹੀ ਮਾਨਸਕਤਾ ਵਿਚ 'ਆਸ਼ਕ, ਮਰਦ ਦਲੇਰ, ਰਾਂਝਾ, ਮਿਰਜ਼ਾ, ਗੁਰੂ ਗੋਬਿੰਦ, ਮਾਓ, ਲੈਨਿਨ ਸਭ ਇਕ ਥਾਂ ਰਲਗੱਡ ਹੀ ਨਹੀਂ ਸਗੋਂ ਇਕ ਦੂਸਰੇ ਤੋਂ ਵਖਰਾਉਣ ਤੋਂ ਵੀ ਅਸਮਰੱਥ ਹਨ। ਇਸ ਮਾਨਸਕਤਾ ਵਿਚ ਪਿਛਲਾ ਇਤਿਹਾਸ ਇਕ recollection ਦੇ ਤੌਰ 'ਤੇ ਮੌਜੂਦ ਹੈ, ਬੌਧਿਕ ਤੌਰ 'ਤੇ reconstruct ਨਹੀਂ ਹੋਇਆ। ਜਾਂ ਇਹ ਕਹਿ ਸਕਦੇ ਹਾਂ, ਇਹ ਸਭਿਆਚਾਰਕ ਯਾਦ ਦੇ ਤੌਰ 'ਤੇ ਆਤਮਕ ਸੰਸਾਰ ਵਿਚ ਸਮਾਇਆ ਹੋਇਆ ਹੈ। ਸਭਿਆਚਾਰਕ ਯਾਦ ਬਣਿਆ ਇਹ ਇਤਿਹਾਸ ਆਪਣੀ ਬੌਧਿਕ ਤੌਰ 'ਤੇ reconstruction ਦਾ ਵਿਰੋਧ ਕਰਦਾ ਹੈ ਤੇ ਸਮਾਜ ਵਿਚ ਉਸ ਦੇ ਸੰਚਾਰ ਤੇ ਸਵੀਕੀਰਤੀ ਨੂੰ ਰੋਕਦਾ ਹੈ। ਡਾ: ਫ਼ੌਜਾ ਸਿੰਘ ਦੇ ਸੰਬੰਧ ਵਿਚ ਪਿਛੇ ਜਿਹੇ ਹੋਇਆ ਵਾਦ-ਵਿਵਾਦ (ਜੋ ਯੂਰਪ ਵਿਚ ਪੰਦਰਵੀਂ ਸਦੀ ਵਿਚ ਹੋਇਆ ਸੀ) ਇਸ ਗੱਲ ਦਾ ਸਬੂਤ ਹੈ।

ਨਵੇਂ ਆਰਥਕ ਪ੍ਰਬੰਧ ਵਿਚ ਬੱਝ ਜਾਣ ਕਾਰਨ ਇਸ ਮਾਨਸਕਤਾ ਦੇ ਸਾਹਮਣੇ ਆਪਣੀਆਂ ਔਕੜਾਂ ਦੇ ਹੱਲ ਵਜੋਂ 'ਤਬਦੀਲੀ' ਦਾ ਸਵਾਲ ਫਿਰ ਮੌਜੂਦ ਹੈ। ਪਰ ਇਹ ਨਵੇਂ ਯੁਗ ਦੀ ਤਬਦੀਲੀ ਦਾ ਸੰਕਲਪ ਬਿਲਕੁਲ ਭਿੰਨ ਹੈ। ਇਸ ਵਿਚ ਬਾਹਰੀ ਤਾਕਤਾਂ (ਪੈਦਾਵਾਰੀ ਤਾਕਤਾਂ ਦੇ

ਵਿਕਾਸ ਦਾ ਪੱਧਰ, ਸਮਾਜੀ ਸੰਬੰਧ ਤੇ ਜਮਾਤੀ ਘੋਲ) ਦੇ ਪ੍ਰਸੰਗ ਲੁਪਤ ਹਨ। ਇਸ ਤਬਦੀਲੀ ਦੇ ਸੰਕਲਪ ਵਿਚ 'ਬਾਹਰੋਂ' (ਮਰਦ ਦਾ ਚੇਲਾ ਜਾਂ ਕੋਈ ਯੋਧਾ) ਦੀ ਪ੍ਰਸੰਗਤਾ ਨਹੀਂ ਸਗੋਂ ਅੰਦਰੋਂ ਦੀ ਪ੍ਰਸੰਗਤਾ ਹੈ ਤੇ ਉਹ ਹੈ ਜਮਾਤਾਂ ਦੇ ਘੋਲ ਤੇ ਸੰਗਠਨ ਦੀ ਪ੍ਰਸੰਗਤਾ । ਬਸਤੀਵਾਦੀ ਸੰਯੋਗ ਨੇ ਪੰਜਾਬ ਦੀ ਪਿਛਲੇ ਦੌਰ ਦੀ ਮਾਨਸਕਤਾ ਨੂੰ ਨਵੀਆਂ ਤਾਕਤਾਂ ਦੇ ਦਬਾਅ ਹੇਠ ਲੈ ਆਂਦਾ ਤੇ ਨਤੀਜੇ ਵਜੋਂ ਮਾਨਸਕਤਾ ਦੇ ਵਿਕਾਸ ਵਿਚ ਕੋਈ ਤਬਦੀਲੀ ਨਹੀਂ ਹੋਈ ਸਗੋਂ ਉਸ ਵਿਚ ਕੇਵਲ ਤਣਾਓ ਪੈਦਾ ਹੋਇਆ ਹੈ। ਮਾਰਕਸਵਾਦ ਦੇ ਨਾਂ (ਤਬਦੀਲੀ ਦਾ ਨਵਾਂ ਸੰਕਲਪ) ਹੇਠ ਵੀ ਤਬਦੀਲੀ ਦੇ ਪੁਰਾਣੇ ਸੰਕਲਪ ('ਬਾਹਰੋਂ' ਤਬਦੀਲੀ) ਤੇ ਉਸ ਦੀ ਪੂਰਤੀ ਦੇ ਪੁਰਾਣੇ ਢੰਗ (ਉਮਲ ਲੱਥੇ ਯੋਧੇ ਮਾਰੂ ਵੱਜਿਆ) ਅਪਨਾਏ ਜਾ ਰਹੇ ਹਨ।

ਮਾਰਕਸਵਾਦ ਦੇ ਸੰਕਲਪ ਅਮੂਰਤ ਸੰਕਲਪ ਨਹੀਂ ਹਨ, ਉਨ੍ਹਾਂ ਦੀਆਂ ਪਰਤਾਂ ਵਿਚ ਪੱਛਮੀ ਇਤਿਹਾਸ ਦੇ ਸਭਿਆਚਾਰਕ ਤਜਰਬੇ ਦਾ ਨਿਚੋੜ ਬੰਦ ਹੈ। ਸੋ ਨਵੇਂ ਹਾਲਾਤ ਵਿਚ ਮਾਰਕਸਵਾਦ ਨੂੰ ਅਪਣਾਉਣ ਤੇ ਸਮਾਉਣ ਦੀ ਸਮੱਸਿਆ ਅਸਲ ਵਿਚ ਚੇਤੰਨ ਤੌਰ 'ਤੇ ਨਵੀਂ ਮਾਨਸਕਤਾ (ਪੁਰਾਣੀ ਮਾਨਸਕਤਾ ਨਾਲ ਘੋਲ ਕਰਕੇ) ਨੂੰ reconstruct ਕਰਨ ਦੀ ਸਮੱਸਿਆ ਹੈ ਤੇ ਇਹ ਮਾਰਕਸਵਾਦ ਦੇ ਮੁਢਲੇ ਅਸੂਲਾਂ ਨੂੰ ਵਰਤ ਕੇ ਆਪਣੇ ਇਤਿਹਾਸ ਨੂੰ reconstruct ਕਰਨ ਤੋਂ ਸ਼ੁਰੂ ਹੋਣੀ ਚਾਹੀਦੀ ਹੈ। ਅਜਿਹਾ ਹਰ ਯਤਨ ਪੁਰਾਣੀ ਮਾਨਸਕਤਾ 'ਤੇ ਹਮਲਾ ਹੈ ਤੇ ਪੁਰਾਣੀ ਮਾਨਸਕਤਾ ਨੂੰ ਖੋਰਨ ਲਈ ਇਹਨਾਂ ਨੂੰ ਮਿਲ ਕੇ ਇਕ ਲਹਿਰ ਦਾ ਰੂਪ ਧਾਰਨ ਕਰਨਾ ਚਾਹੀਦਾ ਹੈ। ਇਹ ਸਾਰੀ ਚਰਚਾ ਇਸ ਲਈ ਕੀਤੀ ਗਈ ਹੈ ਕਿ ਲੇਖਕ ਦੀ ਮਨੁੱਖਾਂ ਦੇ ਸਮਾਜੀ ਕਰਮਾਂ (ਭਾਵੇਂ ਉਹ ਸਿਆਸੀ ਵੀ ਹੋਣ) ਨੂੰ ਸਮਝਣ ਦੀ ਪਹੁੰਚ, ਉਨ੍ਹਾਂ ਦੇ ਆਤਮਕ ਸੰਸਾਰਾਂ ਵਿਚ ਝਾਤ ਪਾਉਣ ਵਾਲੇ ਪਾਸਿਓਂ ਸ਼ੁਰੂ ਹੁੰਦੀ ਹੈ। ਸਾਡੀ ਦਿਲਚਸਪੀ ਇਥੇ 'ਲਹੂ ਦੀ ਲੋਅ' ਦੇ ਪਾਤਰਾਂ ਦੀ ਅੰਤਰਮੁਖਤਾ ਵਿਚ ਹੈ ਜੋ ਉਨ੍ਹਾਂ ਦੇ ਸਿਆਸੀ ਕਰਮਾਂ ਨੂੰ ਸਮਝਣ ਵਿਚ ਵੀ ਬਹੁਤ ਹੱਦ ਤਕ ਸਹਾਈ ਹੋ ਸਕਦੀ ਹੈ।

'ਗਿਆਨ ਦੀ ਲੋਅ' ਜਾਂ 'ਲਹੂ ਦੀ ਲੋਅ' ਸਿਰਲੇਖ ਹੇਠ ਲੇਖਕ ਨੇ ਪੰਜਾਬ ਦੀ ਜਵਾਨੀ ਦੇ ਸੰਬੰਧ ਵਿਚ, ਜਿਸ ਨਾਲ ਇਹ ਨਾਵਲ ਸੰਬੰਧਿਤ ਹੈ, ਲਿਖਿਆ ਸੀ : "ਜੇਕਰ ਅਸੀਂ ਪੰਜਾਬ ਦੇ ਪਿਛਲੇ ਦੋ ਸੋ ਸਾਲ ਦੇ ਇਤਿਹਾਸ 'ਤੇ ਨਜ਼ਰ ਮਾਰੀਏ ਤੇ ਪੁਛੀਏ : ਕਿਥੇ ਹੈ ਉਹ ਆਦਮੀ ਜਿਸ ਨੇ ਸਾਡੀ ਆਤਮਾਂ ਦੀ ਆਪਣੀ ਬੋਲੀ ਵਿਚ ਸਾਡੇ ਲਈ ਇਹ ਮਹਾਨ ਸ਼ਬਦ ਗੂੰਜਾਏ ਹੋਣ : 'ਅਗੇ ਵਧੋ ! ਹਨੇਰੇ ਵਿਚ ਭਟਕਦੇ ਹੋਏ ਲੋਕੋ, ਗਿਆਨ ਵਲ ਵਧੋ !!'

"ਪੰਜਾਬ ਦੀ ਜਵਾਨੀ ਢੋਲ ਉਤੇ ਭੰਗੜੇ ਤੇ ਗਿੱਧੇ ਪਾਉਂਦੀ ਰਹੀ, ਅਖਾੜਿਆਂ ਵਿਚ ਵਿਰੋਧੀ ਨੂੰ ਢਾਹੁਣ ਲਈ ਭਲਵਾਨਾਂ ਦੇ ਪੱਟ ਖਿੰਚਦੇ ਰਹੇ। ਉਹ ਆਪਣਾ ਬਾਹੂ-ਬਲ ਵਧਾਉਣ ਲਈ ਗਲੀਂ ਚੱਕੀ ਦੇ ਪੁੜ ਪਾ ਕੇ ਭੱਜਦੇ ਰਹੇ। ਰਾਤੀਂ ਢਾਣੀਆਂ ਬੰਨ੍ਹ ਕੇ ਜਵਾਨ ਆਪਣੀ ਜਵਾਨੀ ਦੇ ਉਬਾਲ ਨੂੰ ਰਾਹ ਦੇਣ ਲਈ ਸੌਚੀਆਂ ਖੇਡਦੇ ਰਹੇ ਤੇ ਲੱਚਰ ਬੋਲੀਆਂ ਪਾਉਂਦੇ ਰਹੇ। ਸਿਖਰ ਦੁਪਹਿਰੇ ਜਾਂ ਕੱਕਰ ਦੀਆਂ ਰਾਤਾਂ ਨੂੰ ਬੇਲਿਆਂ ਵਿਚ ਹੱਡ-ਭੰਨਵੀਆਂ ਕਮਾਈਆਂ ਕਰਦੇ ਰਹੇ। ਪਿੱਪਲਾਂ ਤੇ ਬੋਹੜਾਂ ਦੀਆਂ ਛਾਵਾਂ ਹੇਠ ਕਿੱਸੇ ਸੁਣਦੇ, ਤਾਸ਼ ਖੇਡਦੇ ਜਾਂ ਲੰਮੀਆਂ ਤਾਣ ਕੇ ਸੌਂਦੇ ਰਹੇ। ਮੇਲਿਆਂ ਵਿਚ ਖੜਕਦੇ ਲੱਠੇ ਦੇ ਚਾਦਰੇ ਧੂਣੇ ਛੱਡ ਕੇ ਮੋਢੇ 'ਤੇ ਪਸੇਰੀ ਲੋਹਾ ਲੱਗੇ ਖੂੰਡੇ ਨੂੰ ਉਲਾਰਦੇ ਰਹੇ, ਹੱਥਾਂ ਵਿਚ ਥੁੱਕ ਕੇ ਸ਼ਰੀਕਾਂ ਦਾ ਸਿਰ ਪਾੜਦੇ ਰਹੇ, ਸ਼ਰਾਬਾਂ ਪੀ ਕੇ ਬੁਕਦੇ ਰਹੇ, ਪਰਨਾਲੇ ਢਾਹੁੰਦੇ ਰਹੇ। ਪਰ ਇਸ ਕਰਮਾਂ-ਮਾਰੀ ਧਰਤੀ 'ਤੇ ਕੋਈ ਅਜਿਹੀ ਜਵਾਨੀ ਇਸ ਸਮੇਂ ਵਿਚ ਪੈਦਾ ਨਾ



ਹੋਈ, ਜੋ ਸਾਡੀਆਂ ਸੀਤ ਆਤਮਾਵਾਂ ਲਈ 'ਅਗੇ ਵਧੋ' ਦਾ ਸ਼ਬਦ ਗੂੰਜਾ ਕੇ ਗਿਆਨ ਦੀ ਲੋਅ ਕਰ ਸਕਦੀ, ਜੋ ਪਸ਼ੂਪੁਣੇ ਤੋਂ ਉਪਰ ਉਠਾ ਕੇ ਸਭਿਅਤਾ ਦੀ ਪੌੜੀ ਵਿਖਾ ਸਕਦੀ। ਇਹੀ ਸਾਡੀ ਸਮਕਾਲੀ ਜਵਾਨੀ (ਪੜ੍ਹੀ ਤੇ ਅਨਪੜ੍ਹ) ਦਾ ਵਿਰਸਾ ਹੈ। ਸਾਡੀਆਂ ਜੜ੍ਹਾਂ ਦਾ ਆਖ਼ਰੀ ਸਿਰਾ ਇਥੇ ਕਿਤੇ ਹੀ ਅਟਕਿਆ ਹੋਇਆ ਹੈ।

"ਅਜਿਹੀ ਜਵਾਨੀ ਕਿਉਂ ਪੈਦਾ ਨਹੀਂ ਹੋ ਸਕੀ ? ਕੀ ਇਹੋ ਜਿਹੀ ਜਵਾਨੀ ਹੁਣ ਪੈਦਾ ਹੋ ਗਈ ਹੈ ? ਜੇ ਨਹੀਂ ਤਾਂ ਇਹ ਸਮਕਾਲੀ ਪੰਜਾਬੀ ਜਵਾਨੀ ਕਿਹੋ ਜਿਹੀ ਹੈ ? ਇਹਦੀਆਂ ਸੰਭਾਵਨਾਵਾਂ, ਇਹਦੇ ਦਾਈਏ ਕਿਹੋ ਜਿਹੇ ਹਨ ?" (ਵਿਰਸਾ, ਮਾਸਕ-ਪੱਤਰ)।

ਇਹ ਖ਼ੁਸ਼ੀ ਦੀ ਗੱਲ ਹੈ ਕਿ ਜਸਵੰਤ ਸਿੰਘ ਕੰਵਲ ਨੇ ਆਪਣੇ ਨਾਵਲ ਵਿਚ ਇਨ੍ਹਾਂ ਪਿਛਲੇ ਦੋ ਸਵਾਲਾਂ ਦਾ ਕੁਝ ਹੱਦ ਤੱਕ ਜਵਾਬ ਦੇਣ ਦਾ ਯਤਨ ਕੀਤਾ ਹੈ। ਉਸ ਦਾ ਜਵਾਬ ਹੈ 'ਪੀਤੂ', ਜੋ ਇਸ ਨਾਵਲ ਦਾ ਕੇਂਦਰੀ-ਪਾਤਰ ਹੈ।

**'ਪੀਤੂ' ਦੀ ਸਿਆਸਤ :** ਦਹਿਸ਼ਤਵਾਦ ਦੇ ਮਾਨਸਕ ਆਧਾਰ ਨੂੰ ਲੇਖਕ ਇਕ ਅਤੀ ਖ਼ੂਬਸੂਰਤ ਬਿੰਬ ਨਾਲ ਇਸ ਪ੍ਰਕਾਰ ਪ੍ਰਗਟਾਉਂਦਾ ਹੈ। "ਲਾਲ ਘੁਗੀਆਂ ਵਾਲੀ ਖੱਦਰ ਦੀ ਰਜ਼ਾਈ ਹੇਠਾਂ ਜਿਵੇਂ ਹਾਲੇ ਵੀ ਪੀਤੂ ਘੂਕ ਸੁੱਤਾ ਪਿਆ ਹੈ । ਉਹ ਸੁਤਾ ਪਿਆ ਵੀ ਤੇਜ਼ਾਬ ਵਾਂਗ ਉਬਲਦਾ ਰਹਿੰਦਾ ਸੀ।" (ਸਫ਼ਾ 29)।

ਇਹ ਹੈ ਨਾਵਲ ਦੇ ਕੇਂਦਰੀ-ਪਾਤਰ ਦੀ ਅੰਤਰਮੁਖਤਾ ਜਿਸ ਦੀਆਂ ਭਾਵਨਾਵਾਂ ਤੇ ਬੌਧਿਕ ਸੰਸਾਰ ਵਿਚ ਅੱਤ ਕਿਸਮ ਦਾ ਧਰੁਵੀਕਰਣ ਹੋਇਆ ਹੋਇਆ ਹੈ। ਉਸ ਦੀ ਬੌਧਿਕਤਾ ਭੂਤ ਦੇ ਸੰਕਲਪਾਂ ਨਾਲ ਓਤਪੋਤ ਹੈ। ਭਾਵੇਂ ਇਹ ਸੰਕਲਪ ਖਾੜਕੂ (ਲਾਲ) ਹਨ ਪਰ ਫਿਰ ਵੀ ਅਜੋਕੇ ਸੰਸਾਰ ਦੀ ਬਾਹਰਮੁਖੀ ਸਚਾਈ ਨੂੰ ਪਕੜਨ ਤੋਂ ਅਸਮਰੱਥ, ਭੋਲੇ ਭਾਲੇ (ਘੁਗੀਆਂ) ਸੰਕਲਪ ਹਨ । ਉਸ ਦਾ ਬੌਧਿਕ ਸੰਸਾਰ ਭੂਤ ਦੀਆਂ ਤਹਿ ਦਰ ਤਹਿ ਪਰਤਾਂ ਹੇਠ ਦੱਬਿਆ (ਰਜ਼ਾਈ) ਪਿਆ ਹੈ। ਪਰ ਸਮਕਾਲੀ ਬਾਹਰਮੁਖੀ ਯਥਾਰਥ ਦੇ ਕਠੋਰਪਨ ਤੇ ਦਰਿੰਦਗੀ ਨੇ ਉਸ ਦੀਆਂ ਭਾਵਨਾਵਾਂ ਦੇ ਸੰਸਾਰ ਨੂੰ ਝੰਜੋੜ ਕੇ ਰੱਖ ਦਿੱਤਾ ਹੈ । ਪਰ ਇਸ ਬਹਿਬਲਤਾ ਨੂੰ ਜੋ ਕਿਸੇ ਵੀ ਇਤਿਹਾਸਕ ਮਨੁੱਖੀ ਕਰਮ ਪਿਛੇ ਜ਼ਿੰਦਗੀ ਦੀ ਮੂਲ ਸ਼ਕਤੀ ਬਣਦੀ ਹੈ, 'ਲਾਲ ਘੁਗੀਆਂ ਵਾਲੀ ਖੱਦਰ ਦੀ ਰਜ਼ਾਈ' ਹੇਠ ਸੌਂ ਰਹੀ ਬੌਧਿਕਤਾ ਕੋਈ ਸੇਧ ਦੇ ਕੇ, ਸੁਰਮੇਲ ਰਾਹੀਂ ਭਾਵਨਾਵਾਂ ਅਤੇ ਬੌਧਿਕਤਾ ਦਾ ਸੰਤੁਲਤ ਸੰਸਾਰ ਪੈਦਾ ਕਰਨ ਤੋਂ ਅਸਮਰਥ ਹੈ। ਇਹ ਜੀਵਨ-ਸ਼ਕਤੀ, ਸੇਧਵਾਨ ਪਿਸਟਨ ਰਹਿਤ ਇਕ ਬੰਦ ਡੱਬੇ ਵਿਚ ਰੁਕੇ ਹੋਣ ਵਾਂਗ ਹੈ ਜੋ ਉਸ ਨੂੰ ਤੋੜ ਕੇ ਬਾਹਰ ਨਿਕਲ ਜਾਣ ਲਈ ਰਾਹ ਲੱਭ ਰਹੀ ਹੈ। ਇਸ ਸ਼ਕਤੀ ਨੇ ਸਮਝਣ ਪਿਛੋਂ ਬਾਹਰਮੁਖੀ ਹਲਾਤਾਂ ਨੂੰ ਕਿਵੇਂ ਪ੍ਰਭਾਵਿਤ ਕਰਨਾ ਹੈ, ਇਹ ਕੰਮ ਬੌਧਿਕਤਾ ਦਾ ਸੀ। ਪਰ ਜੇ ਉਸ ਦੀ ਅਣਹੋਂਦ ਹੈ ਤਾਂ; ਤਾਂ ਇਸ ਸ਼ਕਤੀ ਦਾ ਜਵਾਬ ਹੈ : "ਮੈਨੂੰ ਇਸ ਨਾਲ ਕੋਈ ਸਰੋਕਾਰ ਨਹੀਂ—ਮੈਨੂੰ ਇਕ ਹੋਰ ਰਾਹ ਦਾ ਪਤਾ ਹੈ।" ਪੀਤੂ ਸੁਰਮੇਲ ਨੂੰ ਆਖਦਾ ਹੈ : "ਸਿਧਾਂਤ ਘੜਨਾ, ਲਾਇਨਾਂ ਬਣਾਉਣਾ ਮੇਰਾ ਕੰਮ ਨਹੀਂ। ਜਦੋਂ ਗੋਲੀ ਮਰਵਾਉਣੀ ਹੋਈ, ਸ਼ਹੀਦ ਕਰਵਾਉਣਾ ਹੋਇਆ, ਫੇਰ ਜਗਾ ਲਵੀਂ" (ਸਫ਼ਾ 27)

[ਮੁਆਫ਼ ਕਰਨਾ, ਪੀਤੂ ਨੂੰ ਲੇਖਕ ਇਕ ਮਾਰਕਸਵਾਦੀ ਦੇ ਤੌਰ 'ਤੇ ਪੇਸ਼ ਕਰਦਾ ਹੈ ਜੋ ਇਨਕਲਾਬ ਲਈ ਨਿਕਲ ਪਿਆ ਹੈ !]

ਪੀਤੂ ਨੂੰ ਨਾਵਲਕਾਰ ਨਾਵਲ ਦਾ ਕੇਂਦਰੀ-ਪਾਤਰ ਕਿਉਂ ਲੈਂਦਾ ਹੈ ? ਪੀਤੂ ਕੌਣ ਹੈ ? ਪੀਤੂ ਨੂੰ ਨਾਵਲਕਾਰ (ਜ਼ਰੂਰੀ ਨਹੀਂ ਨਾਵਲਕਾਰ ਦਾ ਜਵਾਬ ਮੇਰੇ ਵਾਲਾ ਹੋਵੇ) ਇਸ ਲਈ

ਕੇਂਦਰੀ-ਪਾਤਰ ਲੈਂਦਾ ਹੈ ਜਾਂ ਪੀਤੂ ਇਸ ਲਈ ਕੇਂਦਰੀ-ਪਾਤਰ ਬਣਦਾ ਹੈ ਕਿ ਉਸ ਦਾ ਬੌਧਿਕ-ਭਾਵਨਾਵਾਂ ਦਾ ਸੰਸਾਰ ਇਸ ਨਾਵਲ ਦੇ ਸਾਰੇ ਪਾਤਰਾਂ ਦੇ ਆਤਮਕ ਸੰਸਾਰਾਂ ਦੀ ਇਕ ਅੱਤ-ਵਿਕਸਤ ਕਿਸਮ (type) ਹੈ। ਬਾਕੀਆਂ ਦੇ ਸੰਸਾਰ ਥੋੜ੍ਹੀ ਬਹੁਤ ਤਬਦੀਲੀ ਰਾਹੀਂ ਉਸ ਦੇ ਆਤਮਕ ਸੰਸਾਰ ਦੇ ਪ੍ਰਸੰਗਾਂ ਵਿਚ ਸਮਾ ਜਾਣ ਵਾਲੇ ਹਨ। ਜਾਂ ਇੰਜ ਕਹੋ ਕਿ ਪੀਤੂ ਦੇ ਹੀ ਵੱਖ ਵੱਖ ਰੂਪ ਹਨ। ਨਾਵਲ ਦੇ ਸਾਰੇ ਪਾਤਰ ਬਾਕੀ ਸਭ ਦੀ ਆਲੋਚਨਾ ਭਾਵੇਂ ਕਰਦੇ ਹਨ ਪਰ ਉਹ ਸਵੈ-ਆਲੋਚਨਾਤਮਕ ਦ੍ਰਿਸ਼ਟੀ ਅਪਣਾਉਣ ਤੋਂ ਅਸਮੱਰਥ ਹਨ। ਪੀਤੂ ਦਾ ਹਾਲ ਉਪਰ ਤੁਸੀਂ ਵੇਖ ਲਿਆ ਹੈ। ਹੁਣ ਉਸ ਦੇ ਬਾਪ ਹੀਰਾ ਸਿੰਘ ਦਾ ਵੇਖੋ ਜੋ ਵੀਹਾਂ ਸਾਲਾਂ ਤੋਂ ਪਾਰਟੀ ਦਾ ਪਿੰਡ ਦੀ ਪੱਧਰ ਦਾ ਕਾਰਿੰਦਾ ਹੈ ਤੇ ਪਾਰਟੀ ਨੂੰ ਇਨਕਲਾਬ ਨਾ ਲਿਆਉਣ ਲਈ ਕੋਸਦਾ ਰਹਿੰਦਾ ਹੈ। ਅਗੇ ਚਲ ਕੇ ਪਤਾ ਲਗਦਾ ਹੈ ਕਿ ਕਾਮਰੇਡ ਹੀਰਾ ਸਿੰਘ ਨੂੰ ਆਪਣੀ ਕੁੜੀ ਦੇ ਵਿਆਹ ਲਈ ਘਟੋ ਘਟ ਦੋ ਬੋਰੀਆਂ ਖੰਡ ਚਾਹੀਦੀ ਹੈ (ਸਫ਼ਾ 93)। ਇਕ ਬੋਰੀ ਤਾਂ ਮਿਲ ਗਈ ਪਰ ਦੂਸਰੀ ਖਾਤਰ ਅੜਬ ਜੱਟ ਵਾਂਗ ਠਾਣੇਦਾਰ ਨਾਲ ਛਿਤਰੋ ਛਿਤਰੀ ਹੋ ਜਾਂਦਾ ਹੈ। (ਦਿਲ ਵਿਚ ਭਾਵੇਂ ਸੋਚਦਾ ਹੋਵੇ ਇਨਕਲਾਬ ਲਈ ਇੰਜ ਲੜਨਾ ਹੀ ਪਵੇਗਾ)। ਹੀਰਾ ਸਿੰਘ ਨੇ ਇਹ ਸਵਾਲ ਕਦੇ ਆਪਣੇ ਕੋਲੋਂ ਨਹੀਂ ਪੁਛਿਆ ਕਿ ਉਹ ਪਾਰਟੀ ਜਿਸ ਦਾ ਪੇਂਡੂ-ਆਧਾਰ ਪਿਛਲੇ ਵੀਹ ਸਾਲਾਂ ਤੋਂ ਹੀਰਾ ਸਿੰਘ ਵਰਗਿਆਂ ਸ਼ਰੀਫ਼ ਲੋਕਾਂ ਵਿਚ ਹੈ, ਉਸ ਤੋਂ ਭਲਾ ਇਨਕਲਾਬ ਦੀ ਕੀ ਆਸ ਰਖੀ ਜਾ ਸਕਦੀ ਹੈ। ਪਰ ਅੜਬ ਜੱਟ ਨੂੰ ਇਹ ਸਵਾਲ ਕੌਣ ਪੁਛੇ ? ਅਸਲ ਵਿਚ ਹੀਰਾ ਸਿੰਘ ਦਾ 'ਛੋਟਾ ਆਲ੍ਹਣਾ' ਇਤਿਹਾਸਿਕ ਨਿਯਮਾਂ ਦੇ ਝੱਖੜ ਝੋਲਿਆਂ ਨਾਲ 'ਤੀਲੋ ਤੀਲ' ਹੋਣ ਦੀ ਪ੍ਰਕ੍ਰਿਆ ਵਲ ਵਧ ਰਿਹਾ ਹੈ। ਹੀਰਾ ਸਿੰਘ ਇਸ ਦੇ ਰਾਹ ਵਿਚ ਆਪਣੇ ਅੜਬਪੁਣੇ (ਜਿਸ ਨੂੰ ਉਹ ਆਪਣੇ ਮਨ ਵਿਚ ਜਦੋ-ਜਹਿਦ ਦਾ ਨਾਂ ਦਿੰਦਾ ਹੈ) ਦਾ ਬੰਨ੍ਹ ਮਾਰਨ ਲਈ ਤੁਰਿਆ ਫਿਰਦਾ ਹੈ। ਇਥੇ ਨਾਵਲਕਾਰ, ਸਮੁੱਚੇ ਇਤਿਹਾਸਕ ਪ੍ਰਸੰਗ ਕਾਰਨ, ਇਕ ਛੋਟੀ ਕਿਸਾਨੀ ਦੇ ਘਰ ਦੀ ਆਰਥਕ ਟੁਟ ਭੱਜ ਤੇ ਉਸ ਵਿਚ ਰਹਿ ਰਹੇ ਲੋਕਾਂ ਦੇ ਮਾਨਸਿਕ ਸੰਸਾਰਾਂ ਵਿਚ ਹੋ ਰਹੀ ਉਥਲ-ਪੁਥਲ ਤੇ ਇਸ ਘਰ ਨੂੰ ਬਣਾਈ ਰੱਖਣ ਲਈ ਉਨ੍ਹਾਂ ਦੀ ਜਦੋ-ਜਹਿਦ ਵਲ, ਕੇਵਲ ਇਸ਼ਾਰਾ ਹੀ ਕਰਦਾ ਹੈ ਪਰ ਡੂੰਘਾਈ ਵਿਚ ਨਹੀਂ ਜਾਂਦਾ।

ਪੰਜਾਬ ਦੀ ਛੋਟੀ ਕਿਸਾਨੀ ਦਾ ਡਰਾਮਾ 'ਪੀਤੂ' ਦੇ ਘਰ ਦੇ ਡਰਾਮੇਂ ਵਿਚ ਹੈ। ਇਸ ਘਰ ਨੂੰ ਕਮਿਊਨਿਸਟ ਪਾਰਟੀਆਂ ਤੋਂ ਆਸ ਸੀ ਕਿ ਉਹ ਉਨ੍ਹਾਂ ਇਤਿਹਾਸਿਕ ਸ਼ਕਤੀਆਂ ਨਾਲ ਹਨ ਜੋ ਇਸ 'ਘਰ' ਨੂੰ ਬਚਾਉਣ ਦਾ ਹੱਲ ਲੱਭ ਲੈਣਗੀਆਂ ਪਰ ਸਮੇਂ ਨੇ ਉਨ੍ਹਾਂ ਦਾ ਵਿਸ਼ਵਾਸ ਤੋੜ ਦਿੱਤਾ ਹੈ। ਨਵੀਂ ਪੀੜ੍ਹੀ (ਪੀਤੂ) ਇਸ ਲਈ ਕੁਝ ਤਤਪਰ ਕਰਨਾ ਲੋੜਦੀ ਹੈ ਕਿਉਂਕਿ ਸਮਾਂ ਤਾਂ ਅਗੇ ਹੀ ਬਹੁਤ ਲੰਘ ਚੁਕਾ ਹੈ। ਪਰ ਕੀ ਕਰਨਾ ਲੋੜੀਏ ? ਇਹ ਸਵਾਲ ਸੋਚ ਦਾ ਹੈ, ਬੌਧਿਕਤਾ ਹੈ, ਇਸ ਦਾ ਉਨ੍ਹਾਂ ਕੋਲ ਕੋਈ ਜਵਾਬ ਨਹੀਂ, ਪਰ ਤਾਂ ਵੀ ਜ਼ਿੰਦਗੀ ਦੀ ਇਸ ਹਾਲਤ ਨੂੰ ਤਬਦੀਲ ਕੀਤਾ ਜਾਣਾ ਚਾਹੀਦਾ ਹੈ ਤੇ ਉਹ ਉਹੀ ਰਾਹ ਅਪਣਾਉਂਦੇ ਹਨ ਜੋ ਭੂਤ ਵਿਚ ਵਿਰਸੇ ਤੋਂ ਮਿਲਿਆ ਹੈ। ਪੀਤੂ ਕੌਣ ਹੈ ? ਪੀਤੂ ਉਪਰ ਜ਼ਿਕਰ ਕੀਤੀ ਆਰਥਕ ਹਾਲਤ ਵਿਚੋਂ ਉਭਰੀ ਜਵਾਨੀ ਦਾ ਪ੍ਰਤਿਨਿਧ ਹੈ। ਨਵੀਂ ਸਿਰਫ਼ ਉਸ ਕੋਲ ਜਵਾਨੀ ਹੈ, ਭਾਵਨਾਵਾਂ ਦਾ ਸੰਸਾਰ ਹੈ, ਬਾਕੀ ਸਭ ਕੁਝ ਪੁਰਾਣਾ ਹੈ, ਬਾਬੇ ਮਰਗਿੰਦ ਜਿੰਨਾ ਪੁਰਾਣਾ। ਪੀਤੂ ਤੇ ਬਾਬੇ ਵਿਚ ਇਹੀ ਤਾਂ ਸਾਂਝ ਹੈ। ਇਸ 'ਪੁਰਾਣੇ' ਨੂੰ ਲੇਖਕ ਨੇ ਕੁਝ ਕੁ ਬਿੰਬਾਂ ਤੇ ਘਟਨਾਵਾਂ ਰਾਹੀਂ ਫੜਨ ਦੀ ਸਫ਼ਲ ਕੋਸ਼ਿਸ਼ ਕੀਤੀ ਹੈ। ਇਹ 'ਪੁਰਾਣਾ' ਕੋਈ ਸ਼ੁੱਧ ਰੂਪ ਵਿਚ ਨਹੀਂ ਸਗੋਂ ਨਵੇਂ ਨਾਲ ਘੁਲ ਮਿਲ ਕੇ



ਇਕ ਬੇਤਰਤੀਬੇ ਰੂਪ ਵਿਚ ਮਾਨਸਕਤਾ ਵਿਚ ਭਰਿਆ ਪਿਆ ਹੈ। ਉਦਾਹਰਣ ਲਈ ਵੇਖੋ ਪੀਤੂ ਦੀ ਹੇਠਲੀ ਗੱਲਬਾਤ :

"ਮਿਰਜ਼ੇ ਨੇ ਸੁਤਿਆਂ ਸਾਹਿਬਾਂ ਗਵਾ ਲਈ ਸੀ। ਹੁਣ ਤੂੰ ਸੌਂ ਨਾ। ਇਸ਼ਕ ਨੇ ਹੋਕਾ ਦਿੱਤਾ ਸੀ, ਜੇ ਸੂਲੀ ਤੋਂ ਡਰਦਾ ਏਂ, ਮੇਰੀ ਗਲੀ ਨਾ ਆਈਂ। ਤੂੰ ਸੁਕਰਾਤ ਵਾਲੀ ਜ਼ਹਿਰ ਪੀ ਲਈ। ਮਨਸੂਰ ਵਾਲੀ ਸੂਲੀ ਦਾ ਦਰਦ ਵੀ ਸਹਿ ਲਿਆ। ਹੱਡ ਤੁੜਵਾ ਲਏ ਤੇ ਸੜਦੀ ਗੋਲੀ ਵੀ ਖਾ ਲਈ, ਪਰ ਇਸ ਸ਼ਹੀਦ ਦੀ ਲਾਸ਼ ਨੂੰ ਲੋਕਾਂ ਵਿਚ ਲੈ ਕੇ ਜਾਣਾ ਬਾਕੀ ਹੈ। ਲੋਕ ਅਜਿਹੀ ਸੁੱਤੜ ਸ਼ਕਤੀ ਹੈ ਕਿ ਕੁਰਬਾਨੀਆਂ ਦੀ ਜਾਗ ਬਿਨਾਂ ਪਾਸਾ ਵੀ ਨਹੀਂ ਪਰਤਦੀ। ਮੰਜ਼ਲ ਆਪ ਚਲ ਕੇ ਕਦੇ ਨਹੀਂ ਆਈ। ਜਦੋਂ ਕਦੋਂ ਪੰਧ ਰਾਹੀ ਨੂੰ ਹੀ ਤੈ ਕਰਨਾ ਪਿਆ ਹੈ। ਕਾਮੇ ਲੋਕਾਂ ਦੇ ਸਾਥ ਬਿਨਾਂ ਅਸੀਂ ਬੇਹਥਿਆਰੇ ਹਾਂ। ਬੇਹਥਿਆਰਾ ਮਿਰਜ਼ਾ ਜੰਡ ਹੇਠਾਂ ਵੱਢਿਆ ਗਿਆ ਸੀ। ਨਿੱਤ ਦੀ ਵੱਢ ਵਢਾਈ ਤੋਂ ਤਾਂ ਸਾਡਾ ਇਤਿਹਾਸ ਵੀ ਸਤ ਗਿਆ ਏ। ਤੂੰ ਮੇਰੀਆਂ ਗੱਲਾਂ ਸੁਣ ਰਿਹਾ ਏਂ ਕਿ ਨਹੀਂ ?" (ਸਫ਼ਾ 27)।

ਇਸ ਪਹਿਰੇ ਵਿਚ ਸੁਕਰਾਤ ਤੋਂ ਮਾਓ ਤੱਕ ਦੇ ਇਸ਼ਾਰੇ ਤੇ ਪਰਛਾਵੇਂ ਓਤ-ਪੋਤ ਹਨ। ਪੰਜਾਬ ਦੀ ਅਜਿਹੀ Psyche ਨੂੰ ਅਮਿਤੋਜ ਨੇ ਆਪਣੀ ਇਕ ਬਹੁਤ ਖ਼ੂਬਸੂਰਤ ਕਵਿਤਾ ਵਿਚ ਬਹੁਤ ਢੁਕਵਾਂ ਨਾ ਦਿੱਤਾ ਹੈ : "ਖ਼ਾਲੀ ਤਰਕਸ਼"। ਪਰ ਇਹ ਤਰਕਸ਼ ਭਾਵੇਂ ਖ਼ਾਲੀ ਹੈ ਪਰ ਤਾਂ ਵੀ ਇਸ ਵਿਚ ਬਹੁਤ ਕੁਝ ਭਰਿਆ ਹੋਇਆ ਹੈ ਤੇ ਇਸ 'ਭਰੇ ਹੋਏ' ਨੇ ਹੀ ਅਸਲ ਵਿਚ ਇਸ ਨੂੰ ਖ਼ਾਲੀ (ਨਿਕਾਰਾ) ਬਣਾ ਦਿੱਤਾ ਹੈ। ਖ਼ਾਲੀ ਤਰਕਸ਼ ਵਿਚ ਭਰਿਆ ਹੈ—ਵੰਝਲ ਦਾ ਖ਼ਲਾਅ, ਬੱਕੀ ਦਾ ਇਤਿਹਾਸ ਤੇ ਜੰਡਾਂ ਦਾ ਜੁਗਰਾਫ਼ੀਆ। ਕੀ ਇਸ 'ਖ਼ਾਲੀ ਤਰਕਸ਼' ਵਿਚੋਂ ਕੋਈ ਤੀਰ ਨਹੀਂ ਚਲਦਾ ? ਹਾਂ ਚਲਦਾ ਹੈ, ਪਰ ਉਹ ਮਾਰਦਾ ਹਮੇਸ਼ਾਂ ਕਿਸ ਨੂੰ ਹੈ ?

ਖਾਲੀ ਤਰਕਸ਼ 'ਚੋਂ ਕਦੇ ਕਦੇ / ਕੋਈ ਤੀਰ ਜਿਹਾ ਚਲਦਾ ਹੈ / ਸਿੱਧਾ ਮਿਰਜ਼ੇ ਨੂੰ ਸਲਦਾ ਹੈ।

ਅਜਿਹੀ Psyche ਹਮੇਸ਼ਾਂ ਮੌਤ ਦਾ ਪੈਗ਼ਾਮ ਹੁੰਦੀ ਹੈ, ਅਜਿਹੀ ਮੌਤ ਦਾ ਜੋ ਜ਼ਿੰਦਗੀ ਦਾ ਜਨਮ-ਦਾਤਾ ਘੱਟ ਹੀ ਬਣਦੀ ਹੈ। ਪੀਤੂ 'ਖ਼ਾਲੀ ਤਰਕਸ਼' ਹੈ। ਪ੍ਰੀਤੂ ਦੀ 'ਚੇਤਨਤਾ' ਇਸ ਸ਼੍ਰੇਣੀ ਦੇ ਨੌਜਵਾਨਾਂ ਦੀ ਅਜੋਕੀ 'ਚੇਤਨਤਾ' ਹੈ। ਇਹ 'ਚੇਤਨਤਾ' ਗੁਰਬਾਣੀ ਦੇ ਮਨੁੱਖਤਾਵਾਦ, ਜੱਟਵਾਦ ਤੇ ਭੂਤ ਦੇ ਖਾੜਕੂਪੁਣੇ ਦੇ ਅਹਿਸਾਸ ਦਾ ਮਿਲਗੋਭਾ ਹੈ। ਇਕ ਵਾਰਤਾਲਾਪ ਹਾਜ਼ਿਰ ਹੈ :

ਜਲਵੰਤ : "ਸਾਲਿਆ ਇਨਕਲਾਬ ਤਾਂ ਤੇਰੇ ਸੂਤ ਆਉਣਾ ਏਂ, ਹਿੰਗ ਲੱਗੀ ਨਾ ਫਟਕੜੀ, ਖੇਤਾਂ ਵਿਚ ਬਰਾਬਰ ਦਾ ਹਿੱਸੇਦਾਰ ਬਣ ਕੇ ਬਹਿ ਜਾਵੇਂਗਾ।"

"ਤੁਸੀਂ ਵੀ ਸਾਨੂੰ ਪੁਸ਼ਤੋ ਪੁਸ਼ਤੀ ਢੱਗਿਆਂ ਵਾਂਗ ਵਾਹਿਆ ਏ। ਅਸੀਂ ਵੀ ਗਿਣ ਗਿਣ ਕੇ ਬਦਲੇ ਲਵਾਂਗੇ। ਹਾਲੇ ਵੇਲਾ ਏ, ਤੂੰ ਆਪਣੇ ਬਾਪੂ ਨੂੰ ਆਖ, ਮੈਨੂੰ ਦੋ ਕਿੱਲੇ ਈ ਦੇ ਦੇਵੇ।"

"ਬਾਪੂ ਆਂਹਦਾ ਸੀ ਤੂੰ ਆਪਣੀ ਬੇਬੇ ਨੂੰ ਘੱਲ ਦੇਈਂ, ਦੋ-ਦੋ, ਚਾਰ-ਚਾਰ, ਕਿੱਲੇ ਰਜਿਸਟਰੀ ਕਰਵਾ ਦਿਆਂਗਾ।"

ਜੁਆਲਾ : "ਇਕ ਵੇਰ ਹਥਿਆਰ ਆ ਜਾਣ ਦੇ, ਫ਼ੇਰ ਮੈਂ ਵੀ ਛਿਟੀ ਮਾਰਵੀਂ ਜੱਟੀ ਚੁਣਨੀ ਏਂ।"

ਜਲਵੰਤ : "ਜੱਟੀ ਸ਼ਾਇਦ ਤੈਨੂੰ ਨਾ ਮਿਲੇ—ਤੇਰੀ ਬਲਵੀਰੋ ਨੇ ਰੋਡੂ ਸਾਧ ਦੇ ਜਾ ਵੜਨਾ ਏਂ।"

ਜੁਆਲਾ : "ਲੈ ਦੇ ਕੇ ਇਕ ਬਲਵੀਰੋ ਈ ਮੇਰੇ ਕੋਲ ਐ, ਜੇ ਉਹ ਵੀ ਖੋਹ ਲੈਣੀ ਏਂ, ਫੇਰ ਬਿਨਕਲਾਬ ਤੁਹਾਡਾ ਏ, ਸਾਡਾ ਕਾਹਦਾ।" (ਸਫ਼ਾ 209) ਇਥੇ ਇਹ ਗੱਲਬਾਤ ਇਨਕਲਾਬੀਆਂ

ਵਿਚ ਹੁੰਦੀ ਏ ਪਰ ਜੱਟ ਤੇ ਸੀਰੀ ਵਿਚਕਾਰ ਅਜਿਹੀ 'ਮਖ਼ੌਲਬਾਜ਼ੀ' ਹਰ ਰੋਜ਼ ਪਿੰਡਾਂ ਵਿਚ ਦੁਹਰਾਈ ਜਾਂਦੀ ਏ ।

......

ਤਾਰਾ : 'ਮਾੜੀ ਧਾੜ ਚਮਿਆਰਾਂ 'ਤੇ । ਕਿਸੇ ਜੱਟ ਨਾਲ ਮੱਥਾ ਲਾ ਕੇ ਵੇਖ ।' "ਕੁੱਤੀ ਦੇ ਪੁਤ ਸਤਵੰਤ ਦੀ ਇਹ ਮਜਾਲ । ਮੈਂ ਵੀ ਜੱਟ ਦਾ ਪੁੱਤ ਨਹੀਂ ਜੇ ਕਲ੍ਹ ਦਾ ਦਿਨ ਲੰਘਣ ਦੇਵਾਂ । ਹੌਂਸਲਾ ਕਰ । ਕਗੜੀ ਨਾ ਬਣ ।" (ਸਫ਼ਾ 343) ।

......

ਪੀਤੂ : 'ਸਾਲਿਆ ਬੰਤੀ ਦਿਆ, ਇਨਕਲਾਬ ਆਏ ਤੋਂ ਜ਼ਨਾਨੀ ਸਹੀ ਅਰਥਾਂ ਵਿਚ ਆਜ਼ਾਦ ਹੋਵੇਗੀ ।' (ਸਫ਼ਾ 363) ।

ਪੀਤੂ ਬੁੱਢੇ ਨੂੰ : "ਜੇ ਉਸ ਕੰਜਰੀ ਕੋਲ ਗਿਆ, ਤੇਰੀਆਂ ਲੱਤਾਂ ਤੋੜ ਦਿਆਂਗਾਂ । ਨਾਲੇ ਉਸ ਕੁੱਤੀ ਦਾ ਮਦਊ ਭੰਨਾਂਗਾ, ਸਾਲਾ ਵੱਡਾ ਮਜਨੂੰ ।" (ਸਫ਼ਾ 365) ।

ਔਰਤ ਦੀ ਆਜ਼ਾਦੀ ਬਾਰੇ ਕੇਂਦਰੀ-ਪਾਤਰ ਦਾ ਮਾਰਕਸਵਾਦੀ ਦ੍ਰਿਸ਼ਟੀਕੋਣ ਜੋ ਅਸਲ ਵਿਚ 'ਪੰਜਾਬੀ ਕਲਚਰ' 'ਤੇ ਚੜ੍ਹਿਆ ਬਾਬੇ ਮਰਗਿੰਦ ਦਾ ਵਿਰੋਧ-ਵਿਕਾਸ ਤੇ ਇਤਿਹਾਸਕ ਪਦਾਰਥ ਹੈ ।

ਪੀਤੂ ਬਲਵਿੰਦਰ ਨੂੰ : "ਹੁਣ ਹਥਿਆਰ ਚੁਕ ਕੇ ਸਿੱਖੀ ਨੂੰ ਲਾਜ ਨਾ ਲਾਈਂ ।" (ਸਫ਼ਾ 442) ।

ਕਹਿਣ ਦਾ ਭਾਵ ਇਹ ਕਿ ਇਹ ਸਾਰੇ ਪਾਤਰ ਉਬਲਦੀਆਂ ਭਾਵਨਾਵਾਂ ਥੱਲੇ ਸੰਕਟ ਦੀ ਘੜੀ ਆਪਣੇ ਖਾੜਕੂ ਭੂਤ (ਜੋ ਗੁਰਬਾਣੀ ਦਾ ਮਨੁੱਖਵਾਦ ਤੇ ਜੱਟਵਾਦ ਦਾ ਮਿਲਗੋਭਾ ਹੈ) ਨੂੰ ਯਾਦ ਕਰਦੇ ਹਨ । ਇਸ ਸਭ ਕਾਸੇ ਦਾ ਲੇਖਕ ਇਕ ਬਹੁਤ ਹੀ ਢੁਕਵੀਂ ਟਿਪਣੀ ਨਾਲ ਨਿਚੋੜ ਪੇਸ਼ ਕਰਦਾ ਹੈ : ਉਨ੍ਹਾਂ ਨੇ ਵਾਰਿਸ ਦੀ ਤੁੱਕ ਵਿਚ ਸ਼ਬਦ 'ਫਕੀਰ' ਕੱਢ ਕੇ 'ਸ਼ਹੀਦ' ਪਾ ਦਿੱਤਾ । ਬਸ 'ਹੋਕਾ ਫਿਰੇ ਦਿੰਦਾ ਪਿੰਡਾਂ ਵਿਚ ਸਾਰੇ, ਆਓ ਕਿਸੇ ਸ਼ਹੀਦ ਹੁਣ ਹੋਵਣਾ ਜੇ ।' ਇੰਜ ਉਹਨਾਂ ਦੇ ਬੌਧਿਕ ਸੰਸਾਰ ਵਿਚ ਕੇਵਲ ਇਕ ਹੋਰ ਸ਼ਬਦ 'ਇਨਕਲਾਬ' ਹੀ ਦਾਖ਼ਿਲ ਹੁੰਦਾ ਹੈ । ਬਾਕੀ ਸਭ ਕੁਝ ਪੁਰਾਣਾ ਹੀ ਹੈ ।

ਨਾਵਲਕਾਰ ਨੇ ਪੰਜਾਬ ਦੀ ਸਮਕਾਲੀ ਜਵਾਨੀ ਰਾਹੀਂ ਪੰਜਾਬ ਦੇ 'ਮਾਨਸਕਤਾ-ਚੇਤਨਤਾ' ਦੇ ਸੰਸਾਰ ਨੂੰ ਕਲਾਵੇ ਵਿਚ ਲੈਣ ਦਾ ਯਤਨ ਕੀਤਾ ਹੈ ਤੇ ਇਸ ਲਈ ਉਹ ਵਧਾਈ ਦਾ ਹੱਕਦਾਰ ਹੈ। ਪਰ ਇਹ ਯਤਨ ਬਹੁਤ ਪੇਤਲਾ ਹੈ । ਨਾਵਲ ਵਿਚ ਲਿਆਂਦੇ ਠੋਸ ਬਿੰਬ, ਚਿੰਨ੍ਹ ਤੇ ਸਥਿਤੀਆਂ ਇਸ 'ਲੈਂਡਸਕੇਪ' ਨੂੰ ਉਪਰੋਂ ਹੀ ਛੂੰਹਦੇ ਹਨ ਪਰ ਇਸ ਦੀਆਂ ਗੁੰਝਲਦਾਰ ਪਰਤਾਂ ਵਿਚ ਝਾਤ ਨਹੀਂ ਪੁਆਉਂਦੇ । ਇਸ ਦਾ ਕਾਰਨ ਇਹ ਕਿ ਨਾਵਲਕਾਰ ਦਾ ਆਪਣਾ ਸੰਸਾਰ ਦ੍ਰਿਸ਼ਟੀਕੋਣ ਵੀ ਨਾਵਲ ਵਿਚਲੇ ਪਾਤਰਾਂ ਤੋਂ ਭਿੰਨ ਨਹੀਂ । ਉਸ ਦੀ ਆਪਣੀ ਇਤਿਹਾਸਿਕ ਵਿਕਾਸ ਦੀ ਸੂਝ ਵੀ 'ਹੋਰ ਭੀ ਉਠਸੀ ਮਰਦ ਕਾ ਚੇਲਾ' ਉਤੇ ਆਧਾਰਤ ਹੈ । ਨਾਵਲਕਾਰ ਤੇ ਉਸ ਦੇ ਪਾਤਰਾਂ ਵਿਚਕਾਰ ਕੋਈ "ਵਿਚਾਰਧਾਰਕ ਦੂਰੀ" ਨਹੀਂ । ਪੰਜਾਬ ਦੀ ਜਵਾਨੀ ਦੇ ਅਜੋਕੇ ਪੜਾਅ ਦੀ ਨਾਵਲਕਾਰ ਨੇ ਪੀਤੂ ਦੇ ਰੂਪ ਵਿਚ ਇਕ type ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਹੈ । ਪਰ ਇਹ ਪੀਤੂ ਕੇਵਲ 'ਲਹੂ ਦੀ ਲੋਅ' ਕਰ ਸਕਦਾ ਹੈ । ਪੰਜਾਬੀ ਜ਼ਿੰਦਗੀ ਵਿਚ ਅਜੇ ਅਜਿਹੇ ਪੀਤੂ ਨੇ ਪੈਦਾ ਹੋਣਾ ਹੈ ਜੋ ਇਸ ਨਾਲ 'ਗਿਆਨ ਦੀ ਲੋਅ' ਵੀ ਮੇਲ ਸਕੇ । ਕੀ ਪੀਤੂ 'ਲਾਲ ਘੁਗੀਆਂ ਵਾਲੀ ਖੱਦਰ ਦੀ ਰਜ਼ਾਈ' ਹੇਠੋਂ ਜਾਗੇਗਾ ?



ਇਕ ਰੀਪੋਰਟ—

## ਇਕ ਰਚਨਾ, ਸੌ ਨਜ਼ਰੀਏ

ਲਿਖਾਰੀ ਸਭਾ ਮਾਨਸਾ (ਬਠਿੰਡਾ) ਦਾ ਸਾਲਾਨਾ ਸਮਾਗਮ (29 ਮਈ) ਦੋ ਗੱਲਾਂ ਕਾਰਨ ਪੰਜਾਬੀ ਦੇ ਹੋਰ ਅਜਿਹੇ ਸਮਾਗਮਾਂ ਨਾਲੋਂ ਨਵੀਂ ਭਾਂਤ ਦਾ ਸੀ : **ਪਹਿਲੀ** ਇਹ ਕਿ ਗੋਸ਼ਟੀ ਵਰਗੇ ਖ਼ੁਸ਼ਕ ਮਜ਼ਮੂਨ ਨੂੰ ਸੁਣਨ ਲਈ ਕੋਈ ਛੇ-ਸੱਤ ਸੌ ਸਰੋਤੇ ਲਗਾਤਾਰ ਛੇ ਘੰਟੇ ਪੂਰੇ ਸਬਰ ਤੇ ਸੰਤੋਖ ਨਾਲ ਬੈਠੇ ਰਹੇ । ਮਾਨਸਾ ਵਰਗੇ ਪਛੜੇ ਹੋਏ ਇਲਾਕੇ ਵਿਚ ਐਡੀ ਵੱਡੀ ਸਾਹਿੱਤਕ-ਇਕੱਤ੍ਰਤਾ ਕਿਸੀ ਤਰ੍ਹਾਂ ਵੀ ਅਚੰਭੇ ਤੋਂ ਘਟ ਨਹੀਂ ਸੀ ।

**ਦੂਜੀ** ਗੱਲ ਇਹ, ਕਿ ਕਿਉਂਕਿ ਗੋਸ਼ਟੀ ਜਸਵੰਤ ਸਿੰਘ 'ਕੰਵਲ' ਦੇ ਨਕਸਲੀ ਲਹਿਰ ਉਤੇ ਲਿਖੇ ਨਾਵਲ 'ਲਹੂ ਦੀ ਲੋਅ' ਉਤੇ ਹੋ ਰਹੀ ਸੀ, ਇਸ ਲਈ ਸੰਰਚਨਾਵਾਦੀ ਤੇ ਗੈਰਮਾਰਕਸੀ ਆਲੋਚਕਾਂ ਦੇ ਨਾਲ ਨਾਲ ਵੱਖ ਵੱਖ ਤਰ੍ਹਾਂ ਦੇ ਮਾਰਕਸੀ ਆਲੋਚਕ ਵੀ ਕਮਰ-ਕੱਸੇ ਕਰਕੇ ਪੁਜੇ ਹੋਏ ਸਨ । ਹਰ ਇਕ ਦੇ ਮਨ ਅੰਦਰ ਡਰ ਸੀ ਬਈ 'ਡਾਂਗ-ਸੋਟੇ' ਦੀ ਨੌਬਤ ਹੀ ਨਾ ਆ ਜਾਵੇ, ਪਰ ਰੱਬ ਦਾ ਸ਼ੁਕਰ ਸਭ ਠੀਕ ਠਾਕ ਹੀ ਰਿਹਾ ।

ਗੋਸ਼ਟੀ ਲਈ ਲਿਖੇ ਪੇਪਰ 'ਲਹੂ ਦੀ ਲੋਅ ਦਾ ਆਖ਼ਰੀ ਫਿਕਰਾ' ਵਿਚ ਡਾ: ਕੇਸਰ ਸਿੰਘ ਨੇ ਕਿਹਾ ਸੀ ਕਿ ਕੰਵਲ ਇਸ ਨਾਵਲ ਵਿਚ ਸੁਝਾਅ ਦੇਣਾ ਚਾਹੁੰਦਾ ਹੈ ਕਿ "ਭਾਰਤ ਦੀਆਂ ਖੱਬੇ-ਪੱਖੀ ਪਾਰਟੀਆਂ ਵਿਚੋਂ ਕੋਈ ਵੀ ਲੋਕਾਂ ਨਾਲ **ਜੁੜੀ ਨਾ ਹੋਣ ਕਰ ਕੇ** ਅਜੇ ਤਕ ਸਮਾਜਵਾਦੀ ਇਨਕਲਾਬ ਲਿਆਉਣ ਵਿਚ ਸਫ਼ਲ ਨਹੀਂ ਹੋ ਸਕੀ ਤੇ ਇਸ ਤਰੁੱਟੀ ਕਾਰਨ ਪੰਜਾਬ ਦੀ (ਤੇ ਭਾਰਤ ਦੀ ਵੀ) ਨਕਸਲਵਾੜੀ ਲਹਿਰ ਇਨਕਲਾਬ ਦੀ **ਕੇਵਲ ਰੀਹਰਸਲ** ਬਣ ਕੇ ਰਹਿ ਗਈ ਹੈ ।" ਡਾ: ਕੇਸਰ ਨੇ ਨਾਵਲ ਦੀ ਬਣਤਰ (structure) ਤੇ ਬੁਣਤੀ (texture) ਦੀ ਗੱਲ ਕਰਦਿਆਂ ਇਸ ਦੇ ਪੈਟਰਨ ਸੰਬੰਧੀ ਆਪਣੇ ਵਿਚਾਰ ਦਿੰਦਿਆਂ ਕਿਹਾ, ਇਹ ਪੈਟਰਨ ਦਸਤਾਵੇਜ਼ ਵਰਗਾ ਨਹੀਂ, ਫੁਲਝੜੀ ਵਰਗਾ ਹੈ । ਲੋਕਾਂ ਦੀ ਭੀੜ ਲੋਹੇ ਦੀ ਠੰਢੀ ਸਰੀ ਹੈ ਜਿਸ ਨੂੰ ਗਰਮਾਉਣ ਲਈ ਯੋਧੇ ਪਾਤਰਾਂ ਦਾ ਲਹੂ (ਸੂਰਮਗਤੀ) ਬਾਰੂਦ ਵਾਂਗ ਸਰੀ ਦੇ ਦੁਆਲੇ ਲਿਪਟਦਾ ਹੈ। ਪਾਤਰ ਬਾਰੂਦ ਦੇ ਕਿਣਕਿਆਂ ਵਾਂਗ ਆਪੋ ਵਿਚ ਰਗੜ ਖਾ ਕੇ, ਜਾਂ ਬਾਹਰਲੀ ਕਿਸੇ ਸੀਖ ਨਾਲ, ਅਗਨ-ਤਰੰਗਾਂ ਦਾ ਰੂਪ ਧਾਰਦੇ ਹਨ...ਇਸ ਫੁਲਝੜੀ ਦੀ ਹਰੇਕ ਅਗਨ-ਤਰੰਗ ਦੂਜੀ ਵਰਗੀ ਹੁੰਦੀ ਹੋਈ ਵੀ ਉਸ ਤੋਂ ਵੱਖਰੀ ਹੈ । ਨਾਵਲ ਦਾ ਹਰੇਕ ਕ੍ਰਾਂਤੀਕਾਰੀ ਪਾਤਰ ਆਪਣੇ ਆਪ ਵਿਚ ਇਕ ਨਾਇਕ ਹੈ ਤੇ ਸਾਰੇ ਰਲ ਕੇ ਮਾਨਵ-ਜਾਤੀ ਦੇ ਸਮੁੱਚੇ ਨਾਇਕਤਵ ਦਾ ਪ੍ਰਤੀਕ ਬਣਦੇ ਹਨ...**ਨਾਵਲ**

ਦਾ ਪੈਟਰਨ ਇਕ ਵਿਸ਼ੇਸ਼ ਦੇਸ਼ ਤੇ ਕਾਲ ਵੱਲ ਸੰਕੇਤ ਕਰਦਾ ਹੋਇਆ ਵੀ, ਇਤਿਹਾਸਕ ਯਥਾਰਥ ਨਾਲ ਸੰਬੰਧਤ ਹੁੰਦਾ ਹੋਇਆ ਵੀ, ਸਰਬਦੇਸ਼ੀ ਤੇ ਸਰਬ-ਕਾਲੀ ਹੈ । ਇਹੋ ਇਸ ਫੁਲਝੜੀ ਦੇ ਰੋਮਾਂਸ ਦੀ ਸਾਰਥਿਕਤਾ ਹੈ...ਇਸ ਰੋਮਾਂਸ ਦਾ ਖ਼ਾਸਾ ਕ੍ਰਾਂਤੀਕਾਰੀ ਹੋਣ ਕਰ ਕੇ ਇਹ 'ਮਨੁੱਖ' ਨੂੰ 'ਮਨੁੱਖ' ਬਣਨ ਲਈ ਪ੍ਰੇਰਿਤ ਕਰਦਾ ਹੈ ਤੇ ਇਸੇ ਲਈ ਪ੍ਰਸ਼ੰਸਾਯੋਗ ਹੈ।

ਬਹਿਸ ਦਾ ਉਦਘਾਟਨ ਕੀਤਾ ਗੁਰਚਰਨ ਸਿੰਘ ਸਹਿੰਸਰਾ ਨੇ । ਉਨ੍ਹਾਂ ਨੇ ਕੰਵਲ ਨੂੰ ਇਹ ਨਾਵਲ ਲਿਖਣ ਲਈ ਵਧਾਈ ਦਿਤੀ, ਪਰ ਨਾਲ ਦੀ ਨਾਲ ਇਹ ਵੀ ਕਿਹਾ ਕਿ ਇਹ ਨਕਸਲੀ ਲਹਿਰ ਦੀ ਕੇਵਲ ਫ਼ੋਟੋਗਰਾਫੀ ਹੈ। ਕਿਸ਼ਨ ਸਿੰਘੀ-ਮਾਰਕਸਵਾਦ ਦੇ ਪ੍ਰਭਾਵ ਹੇਠ ਹੋਣ ਕਰਕੇ ਕੰਵਲ ਨੇ ਇਨਕਲਾਬ ਨੂੰ ਅਧਿਆਤਮਕ-ਰੂਪ ਵਿਚ ਪੇਸ਼ ਕੀਤਾ ਹੈ। ਕੰਵਲ ਨੇ ਹੋਸ਼ ਦੀ ਥਾਂ ਜੋਸ਼ ਤੋਂ ਵਧ ਕੰਮ ਲਿਆ ਹੈ। ਇਹ ਬਗ਼ਾਵਤ ਹੈ, ਇਨਕਲਾਬ ਨਹੀਂ।

ਪ੍ਰੋ: ਟੀ. ਆਰ. ਵਿਨੋਦ ਨੇ 'ਲਹੂ ਦੀ ਲੋਅ' ਨੂੰ ਪੰਜਾਬੀ ਦੇ ਉੱਤਮ ਨਾਵਲਾਂ ਦੀ ਲੜੀ ਵਿਚ ਰਖਿਆ (ਉਨ੍ਹਾਂ ਨੇ ਇਹ ਨਹੀਂ ਦਸਿਆ ਕਿ ਪੰਜਾਬੀ ਦੇ ਉੱਤਮ ਨਾਵਲ ਕਿਹੜੇ ਹਨ !) ਇਹ ਨਾਵਲ ਨਕਸਲਵਾੜੀ ਲਹਿਰ ਦਾ ਦੁਖਾਂਤ ਪੇਸ਼ ਕਰਦਾ ਹੈ ਜਿਸ ਦਾ ਵਿਸ਼ਲੇਸ਼ਣ ਡਾ: ਕੇਸਰ ਸਿੰਘ ਨੇ ਸਫ਼ਲਤਾ ਨਾਲ ਕੀਤਾ ਹੈ। ਕੰਵਲ ਨੇ ਸਮਾਜਕ-ਅਨਿਆਇ ਦਾ ਨਿਚੋੜ ਕਢ ਕੇ ਸਾਡੇ ਸਾਹਮਣੇ ਰਖਿਆ ਹੈ। ਭਗਵਾਨ ਸਿੰਘ ਜੋਸ਼ ਦੇ ਮੱਤ ਅਨੁਸਾਰ ਇਸ ਨਾਵਲ ਦਾ ਕੇਂਦਰੀ ਨੁਕਤਾ ਨਕਸਲੀ ਲਹਿਰ ਦੀ ਸਫ਼ਲਤਾ-ਅਸਫਲਤਾ ਦੱਸਣਾ ਨਹੀਂ, ਸਗੋਂ ਇਹ ਹੈ ਕਿ ਇਸ ਨਾਵਲ ਵਿਚ ਪਹਿਲੀ ਵਾਰ ਪੰਜਾਬੀ ਮਾਨਸਕਤਾ ਦਾ ਠੋਸ ਤੇ ਭਰਪੂਰ ਚਿਤ੍ਰ ਪੇਸ਼ ਕੀਤਾ ਗਿਆ ਹੈ। ਇਹ ਪੰਜਾਬੀ ਮਾਨਸਕਤਾ ਬੌਧਿਕ ਪਛੜੇਵੇਂ, ਗੁਰਬਾਣੀ ਦੇ ਮਨੁਖਵਾਦ ਤੇ ਖਾੜਕੂ ਜੱਟਵਾਦ ਦਾ ਮਿਲਗੋਭਾ ਹੈ ਤੇ ਇਹੀ ਮਾਨਸਿਕਤਾ ਨਕਸਲੀ ਦਹਿਸ਼ਤ-ਪਸੰਦੀ ਦਾ ਆਧਾਰ ਬਣੀ। ਪੰਜਾਬ ਦੀਆਂ ਬਹੁਤੀਆਂ ਇਨਕਲਾਬੀ ਲਹਿਰਾਂ ਵਿਚ ਇਸੇ ਦਾ ਦੁਹਰਾਉ ਹੈ। ਕੰਵਲ ਨੇ ਇਸ ਮਾਨਸਿਕਤਾ ਨੂੰ ਪੀਤੂ (ਕਿਉਂਕਿ ਨਾਵਲ ਦਾ ਮੁੱਖ-ਪਾਤਰ ਹੀ ਉਹ ਹੈ) ਦੇ ਚਰਿਤ੍ਰ ਰਾਹੀਂ ਆਦਰਸ਼-ਰੂਪ ਵਿਚ ਪੇਸ਼ ਕੀਤਾ ਹੈ। ਇਸ ਮਾਨਸਿਕਤਾ 'ਤੇ ਕਾਬੂ ਪਾ ਕੇ ਹੀ ਇਨਕਲਾਬ ਵਲ ਵਧਿਆ ਜਾ ਸਕਦਾ ਹੈ।

ਚਮਨ ਲਾਲ ਪ੍ਰਭਾਕਰ ਦਾ ਕਹਿਣਾ ਸੀ ਕਿ ਨਾਵਲ ਪੜ੍ਹਣ ਵਿਚ ਤਾਂ ਬੜਾ ਰੋਚਿਕ ਹੈ, ਪਰ ਇਹ ਸਮੁਚੀ ਨਕਸਲੀ ਲਹਿਰ ਦੇ ਕਿਰਦਾਰ ਨੂੰ ਪੇਸ਼ ਨਹੀਂ ਕਰਦਾ। ਕੰਵਲ ਤੱਥਾਂ ਨੂੰ ਧੁੰਧਲਾ ਕੇ ਪੇਸ਼ ਕਰਦਾ ਹੈ ਅਤੇ ਆਪਣੇ ਰੋਮਾਂਟਿਕ-ਬੋਧ ਸਦਕਾ ਸੱਚ ਦੀ ਗਹਿਰਾਈ ਨੂੰ ਪਕੜ ਵਿਚ ਨਹੀਂ ਲਿਆ ਸਕਿਆ। ਪ੍ਰੋ: ਤੇਜਵੰਤ ਮਾਨ ਨੂੰ ਗਿਲਾ ਸੀ ਕਿ ਨਾਵਲ ਇਨਕਲਾਬੀ ਪੈਂਤੜੇ ਨੂੰ ਭਲੀ-ਭਾਂਤ ਸਪਸ਼ਟ ਨਹੀਂ ਕਰਦਾ, ਇਸੇ ਲਈ ਲਹਿਰ ਦਾ ਵੀ ਕੋਈ ਸਹੀ ਨਿਰਣਾ ਪੇਸ਼ ਨਹੀਂ ਹੋ ਸਕਿਆ।

ਪ੍ਰੋ: ਸਤਿੰਦਰ ਸਿੰਘ ਨੂਰ ਨੇ ਕਿਹਾ ਕਿ ਉਹ ਇਸ ਰਚਨਾ ਦਾ ਤਾਂ ਪ੍ਰਸ਼ੰਸਕ ਹੈ ਪਰ ਇਹ ਰਚਨਾ ਨਾਵਲ ਨਹੀਂ। ਡਾ: ਕੇਸਰ ਦਾ ਚੁਣਿਆ ਕਾਫ਼ੀ ਦਾ ਪ੍ਰਤੀਕ ਨਾਵਲ ਦੇ ਵਿਸ਼ਲੇਸ਼ਣ ਲਈ ਢੁਕਵਾਂ ਨਹੀਂ। ਨਾਵਲ ਸ਼ੁਰੂ ਤਾਂ ਇਤਿਹਾਸਕ ਵਿਸ਼ਲੇਸ਼ਣ ਤੋਂ ਹੋਇਆ ਹੈ, ਪਰ ਇਸ ਦੀ ਵਿਧੀ ਇਤਿਹਾਸ ਦੀ ਨਹੀਂ ਸਗੋਂ ਮਿੱਥ ਜਾਂ ਰੋਮਾਂਸ ਦੀ ਹੈ। ਇਸ ਦੇ ਨੱਬੇ ਫੀ ਸਦੀ ਸ਼ਬਦ ਮਧ-ਕਾਲੀਨ ਤੇ ਪਰੰਪਰਕ ਬੋਲੀ ਵਾਲੇ ਹਨ । ਇਹ ਕਿਸ਼ਨ ਸਿੰਘੀ ਮਾਰਕਸਵਾਦ ਦਾ ਅਸਰ ਅਤੇ ਪਰਚਾਰ ਹੈ। ਡਾ: ਕੇਸਰ ਦਾ ਇਹ ਕਹਿਣਾ ਦਰੁਸਤ ਨਹੀਂ ਕਿ ਨਕਸਲੀ ਲਹਿਰ ਪ੍ਰਤੀ



ਕੰਵਲ ਦਾ ਰਵੱਈਆ ਰੂਸੀ ਦਹਿਸ਼ਤ-ਪਸੰਦਾਂ ਪ੍ਰਤੀ ਲੈਨਿਨ ਦੇ ਰਵੱਈਏ ਨਾਲ ਮੇਲ ਖਾਂਦਾ ਹੈ। ਲੈਨਿਨ ਦੇ ਉਲਟ ਕੰਵਲ ਰੋਮਾਂਟਿਕ ਤੇ ਭਾਵੁਕ ਹੈ, ਇਸ ਲਈ ਇਹ ਨਾਵਲ ਇਤਿਹਾਸਕ ਤੇ ਯਥਾਰਥਕ ਸੱਚ ਪੇਸ਼ ਨਹੀਂ ਕਰਦਾ।

ਡਾ: ਨਿਰਮਲ ਸਿੰਘ ਨੇ ਕਿਹਾ ਕਿ ਨਕਸਲੀ ਲਹਿਰ ਨੂੰ ਇਨਕਲਾਬ ਦੀ ਰੀਹਰਸਲ ਕਹਿਣਾ ਠੀਕ ਨਹੀਂ (ਹੋਰ ਕੀ ਹੈ ? ਇਹ ਉਨ੍ਹਾਂ ਸਪਸ਼ਟ ਨਹੀਂ ਕੀਤਾ) ਸਿੱਖ-ਇਤਿਹਾਸਕ ਵਿਰਸੇ ਨੂੰ ਸ਼ਹੀਦਾਂ ਦੀ ਮਾਨਸਿਕ ਤਕੜਾਈ ਲਈ ਵਰਤਣਾ ਇਕ ਵਧੀਆ ਗੱਲ ਹੈ। ਸ੍ਰੀ ਜਗਜੀਤ ਸਿੰਘ ਚੰਡੀਗੜ੍ਹ ਨੇ ਡਾ: ਕੇਸਰ ਰਾਹੀਂ ਨਜਮ ਹੁਸੈਨ ਸੱਯਦ ਵਾਲੀ ਵਰਤੀ ਗਈ ਆਲੋਚਨਾ-ਵਿਧੀ ਦੀ ਤਾਰੀਫ਼ ਕੀਤੀ। ਨਾਵਲ ਵਿਚ ਸੰਵੇਦਨਾ ਅਤੇ ਰੋਹ ਪ੍ਰਬਲ ਰੂਪ ਵਿਚ ਪੇਸ਼ ਹੋਏ ਹਨ। ਇਹ ਨਾਵਲ ਲਹਿਰ ਨੂੰ ਤੱਥ ਤੇ ਅਮੂਰਤ ਦੋਹਾਂ ਪੱਧਰਾਂ 'ਤੇ ਪੇਸ਼ ਕਰਦਾ ਹੈ। ਭਾਸ਼ਾ ਪਖੋਂ ਨਾਵਲ ਦੀ ਧੁਨੀ ਰੋਹ ਵਾਲੀ ਹੈ ।

ਸ: ਗੁਰਸ਼ਰਨ ਸਿੰਘ/ਨਾਟਕਕਾਰ ਨੇ ਬਹਿਸ ਵਿਚ 'ਲਹੂ ਦੀ ਲੋਅ' ਬਾਰੇ ਉਠੇ ਤਿੰਨ ਨੁਕਤਿਆਂ—(ੳ) ਨਾਵਲ ਵਿਚ ਰੋਮਾਂਚ ਹਾਵੀ ਹੈ। (ਅ) ਸਿੱਖ ਇਤਿਹਾਸ ਦੇ ਚਿੰਨ੍ਹ ਗੈਰ-ਮਾਰਕਸੀ ਹਨ ਤੇ (ੲ) ਨਕਸਲੀ ਲਹਿਰ ਕਾਫ਼ੀ-ਹਾਊਸ ਵਿਚ ਖ਼ਤਮ ਹੋ ਗਈ—ਨੂੰ ਉੱਕਾ ਹੀ ਰੱਦ ਕੀਤਾ। ਉਨ੍ਹਾਂ ਕਿਹਾ ਭਾਵੁਕ ਹੋਣਾ ਮਨੁਖ ਹੋਣ ਦਾ ਸਬੂਤ ਹੈ। ਸਿੱਖੀ ਸਾਡਾ ਇਨਕਲਾਬੀ ਵਿਰਸਾ ਹੈ, ਇਸ ਵਲੋਂ ਮੂੰਹ ਮੋੜਨਾ ਇਨਕਲਾਬ ਤੋਂ ਮੂੰਹ ਮੋੜਨਾ ਹੈ। ਸੰਸਾਰ ਵਿਚ ਸਾਰੇ ਇਨਕਲਾਬੀਆਂ ਤੇ ਇਨਕਲਾਬੀ ਲਹਿਰਾਂ ਨੇ ਆਪਣੇ ਇਨਕਲਾਬੀ ਵਿਰਸੇ ਨੂੰ ਹਮੇਸ਼ਾਂ ਅੱਗੇ ਵਧਣ ਲਈ ਵਰਤਿਆ ਹੈ। ਗੁਰੂ ਗੋਬਿੰਦ ਸਿੰਘ ਬਿਨਾਂ ਲੈਨਿਨ ਦੀਆਂ ਟੂਕਾਂ ਨੂੰ ਰੱਟੇ ਲਾਈ ਜਾਣਾ ਇਕ ਸ਼ੁਗਲ ਤੋਂ ਬਿਨਾਂ ਹੋਰ ਕੁਝ ਨਹੀਂ । ਇਨਕਲਾਬ ਦੀ ਲੜਾਈ ਆਪਣੀ ਧਰਤੀ ਅਨੁਸਾਰ ਹੀ ਹੋਣੀ ਚਾਹੀਦੀ ਹੈ। ਕੋਈ ਬਾਹਰਲਾ ਇਨਕਲਾਬ ਸਾਡੇ ਲਈ ਮਾਡਲ ਨਹੀਂ ਬਣ ਸਕਦਾ।

ਕਾ. ਸੋਹਣ ਸਿੰਘ ਜੋਸ਼ ਨੇ ਪਰਧਾਨਗੀ-ਭਾਸ਼ਣ ਤੋਂ ਪਹਿਲਾਂ ਬੁਲਾਰੇ ਦੇ ਤੌਰ 'ਤੇ ਬੋਲਦਿਆਂ ਕਿਹਾ ਕਿ 'ਲਹੂ ਦੀ ਲੋਅ' ਕੰਵਲ ਦੀ ਪੰਜਾਬੀ ਸਾਹਿੱਤ ਨੂੰ ਇਕ ਵੱਡੀ ਦੇਣ ਹੈ। ਉਸ ਨੇ ਨਕਸਲੀ ਨੌਜਵਾਨਾਂ ਦੇ ਡੁਲ੍ਹੇ ਖ਼ੂਨ ਨੂੰ ਆਪਣੀ ਹਿੱਕ ਨਾਲ ਲਾਇਆ ਹੈ। ਇਸਤ੍ਰੀ ਪਾਤਰ ਜਿੰਨੇ ਵੀ ਪੇਸ਼ ਕੀਤੇ ਹਨ, ਆਦਰਸ਼ਿਆ ਕੇ ਪੇਸ਼ ਕੀਤੇ ਹਨ, ਜਿਹੜੀ ਕਿ ਇਕ ਸਾਹਿੱਤਕ ਖ਼ੂਬੀ ਹੈ। ਨਕਸਲੀ ਲਹਿਰ ਸੰਬੰਧੀ ਜੋਸ਼ ਦਾ ਵਿਚਾਰ ਸੀ ਭਾਵ-ਉਛਾਲ ਚੇਤੰਨਤਾ ਨੂੰ ਪਿਛੇ ਛੱਡ ਗਿਆ, ਨਤੀਜਾ ਅਸਫਲਤਾ ਦਾ ਨਿਕਲਿਆ।

ਸ੍ਰੀ ਸੁਰਜੀਤ ਗਿੱਲ ਅਨੁਸਾਰ ਕੰਵਲ ਨੇ ਨਕਸਲੀ ਲਹਿਰ ਨੂੰ ਓਪਰੇ ਰੂਪ ਵਿਚ ਪੇਸ਼ ਕੀਤਾ ਹੈ। ਨਾਵਲ-ਸਿਰਜਣਾ ਵਿਚ ਉਸ ਨੇ ਮਾਰਕਸਵਾਦੀ ਮਿਆਰਾਂ ਦੀ ਦੁਰ-ਵਰਤੋਂ ਕੀਤੀ ਹੈ। ਸੀ.ਪੀ.ਆਈ. ਤੇ ਸੀ.ਪੀ.ਆਈ. (ਐਮ) ਦੇ ਕੇਵਲ ਨਾਂਹ-ਮੁਖੀ ਪੱਖਾਂ ਨੂੰ ਹੀ ਲਿਆ ਹੈ। ਕੰਵਲ ਨੇ ਦਹਿਸ਼ਤਵਾਦ ਨੂੰ ਬੇਲੋੜੀ ਹਵਾ ਦਿੱਤੀ ਹੈ (ਇਨ੍ਹਾਂ ਸ਼ਬਦਾਂ 'ਤੇ ਸਰੋਤਿਆਂ ਵਿਚੋਂ ਕੁਝ ਕੁ ਬੋਲੇ ਵੀ ਕੱਸੇ ਗਏ) ਇਕ ਨੌਜਵਾਨ ਬੁਲਾਰੇ ਹਰਦੇਵ ਸਿੰਘ ਨੇ ਨਕਸਲੀ ਲਹਿਰ ਨੂੰ ਕਾਫ਼ੀ ਪੀਣ ਵਾਲੇ ਪੈਟੀ ਬੁਰਜੁਆ ਲੋਕਾਂ ਦੀ ਲਹਿਰ ਕਹਿਣ ਵਾਲੇ ਆਲੋਚਕਾਂ ਦਾ ਵਿਰੋਧ ਕੀਤਾ। ਉਸ ਨੂੰ ਇਤਰਾਜ਼ ਸੀ ਕਿ ਇਨ੍ਹਾਂ ਆਲੋਚਕਾਂ ਨੂੰ ਸਿਰਫ਼ ਕਾਫ਼ੀ ਪੀਣ ਵਾਲੇ ਪਾਤਰ ਹੀ ਦਿਸੇ ਹਨ (ਸ਼ਾਇਦ ਇਸ ਲਈ ਕਿ ਕਿਉਂਕਿ ਉਹ ਖ਼ੁਦ ਕਾਫ਼ੀ-ਪੀਣੇ ਆਲੋਚਕ ਹਨ) ਪਰ 'ਬੱਕਰੀ ਦੇ ਦੁੱਧ ਦੀ ਚਾਹ ਪੀਣ ਵਾਲੇ' ਛੋਟੇ ਤੇ ਬੇਜ਼ਮੀਨੇ ਕਿਸਾਨ ਨਹੀਂ ਦਿਸੇ । ਕੰਵਲ ਨੇ ਬੜੀ ਦਲੇਰੀ ਤੇ ਸੁਹਿਰਦਤਾ

ਨਾਲ ਇਸ ਲਹਿਰ ਨੂੰ ਲੋਕਾਂ ਤਕ ਲਿਜਾਣ ਦੀ ਹਿਮਤ ਕੀਤੀ ਹੈ। ਬਾਰੂ ਸਤਵਰਗ ਨੇ ਵੀ ਹਰਦੇਵ ਦੇ ਵਿਚਾਰਾਂ ਦਾ ਸਮਰਥਨ ਕੀਤਾ।

ਸ੍ਰੀ ਜੰਗੀਰ ਸਿੰਘ ਜਗਤਾਰ ਦੀ ਧਾਰਨਾ ਸੀ ਕਿ 'ਲਹੂ ਦੀ ਲੋਅ' ਇਕ ਕਮਿਊਨਿਸਟ-ਵਿਰੋਧੀ ਨਾਵਲ ਹੈ। ਇਸ ਵਿਚ ਸੀ. ਪੀ. ਆਈ. ਤੇ ਸੀ. ਪੀ. ਐਮ. ਦੇ ਨਾਲ ਨਾਲ ਨਕਸਲੀਆਂ ਨੂੰ ਵੀ ਗ਼ਲਤ ਵਿਖਾਇਆ ਗਿਆ ਹੈ। ਇਹ ਰਵੱਈਆ ਨਿਰਾਸ਼ਾ ਫੈਲਾਉਣ ਵਾਲਾ ਹੈ। 'ਜਗਤਾਰ' ਨੇ ਦੋਸ਼ ਲਾਇਆ ਕਿ ਕੰਵਲ ਹਮੇਸ਼ਾਂ ਝੂਠੀ ਸ਼ੁਹਰਤ ਪ੍ਰਾਪਤ ਕਰਨ ਲਈ ਲਿਖਦਾ ਰਿਹਾ ਹੈ। ਹਰਿਭਜਨ ਹਲਵਾਰਵੀ ਨੇ ਨਾਵਲ ਦੀ ਇਤਿਹਾਸਕ ਮਹੱਤਤਾ ਨੂੰ ਤਾਂ ਮੰਨਿਆ ਪਰ ਇਸ ਦੀ ਜਜ਼ਬਾਤੀ ਤੇ ਰੋਮਾਂਟਿਕ ਸ਼ੈਲੀ 'ਤੇ ਇਤਰਾਜ਼ ਕੀਤਾ। ਉਸ ਨੇ ਉਪਭਾਵੁਕਤਾ ਨੂੰ ਰਾਜਸੀ ਲਹਿਰ ਅਤੇ ਸਾਹਿੱਤਕ ਕ੍ਰਿਤ ਦੋਹਾਂ ਲਈ ਮਾਰੂ ਤੇ ਨੁਕਸਾਨਦੇਹ ਕਿਹਾ। ਲਹਿਰ ਪ੍ਰਤੀ ਖ਼ੁਦ ਭਾਵੁਕ ਹੋਣ ਕਰ ਕੇ ਕੰਵਲ ਨਕਸਲੀ ਲਹਿਰ ਦੇ ਅੰਦਰਲੇ ਤੱਤ ਪੇਸ਼ ਕਰਨ ਦੀ ਥਾਂ ਬੇਲੋੜੇ ਵਿਸਤਾਰ ਤੇ ਖਿਲਾਰੇ ਵਿਚ ਉਲਝ ਗਿਆ। ਨਾਵਲ ਦੇ ਮੁਖ-ਬੰਦ ਵਿਚ ਕੰਵਲ ਦਾ ਮਸੀਹੀ-ਅੰਦਾਜ਼ ਵੀ ਇਸੇ ਉਪਭਾਵੁਕਤਾ ਦੀ ਉਪਜ ਹੈ, ਜੋ ਇਤਰਾਜ਼ਯੋਗ ਹੈ। ਕੋਈ ਵੀ ਚੰਗਾ ਲੇਖਕ ਆਪਣੀ ਅੰਦਰਲੀ ਪ੍ਰੇਰਨਾ ਅਧੀਨ ਲਿਖਦਾ ਹੈ, ਲੋਕਾਂ ਉਤੇ ਅਹਿਸਾਨ ਕਰਨ ਲਈ ਨਹੀਂ। ਗੁਰਮੇਲ ਮਡਾਹੜ ਨੇ ਕਿੰਤੂ ਉਠਾਇਆ ਕਿ ਇਹ ਰਚਨਾ ਨਾਵਲ ਹੈ ਜਾਂ ਇਤਿਹਾਸ?

ਸ੍ਰੀ ਗੁਰਬਚਨ ਭੁੱਲਰ ਨੇ 'ਲਹੂ ਦੀ ਲੋਅ' ਦੀ ਸਿਰਜਣਾ ਕਰਨ ਲਈ ਕੰਵਲ ਦੀ ਦਲੇਰੀ ਦੀ ਦਾਦ ਦਿੱਤੀ। ਉਸ ਨੇ ਜੰਗੀਰ ਸਿੰਘ ਜਗਤਾਰ ਦੇ ਇਸ ਦੋਸ਼—ਕੰਵਲ ਨੇ ਇਹ ਨਾਵਲ ਨਿਜੀ ਸ਼ੁਹਰਤ ਲਈ ਲਿਖਿਆ ਹੈ—ਦਾ ਭਰਪੂਰ ਖੰਡਨ ਕੀਤਾ। ਐਮਰਜੰਸੀ ਦੇ ਕਾਲੇ ਦਿਨਾਂ ਵਿਚ ਕਿਸ ਤਰ੍ਹਾਂ ਇਹ ਨਾਵਲ ਦੇਸ਼ੋਂ ਬਾਹਰ ਛਪਵਾਇਆ ਗਿਆ, ਇਹ ਕਿਸੇ ਕੋਲੋਂ ਵੀ ਗੁੱਝਿਆ ਹੋਇਆ ਨਹੀਂ। ਪ੍ਰੋ: ਨਿਰਦੋਖ ਸਿੰਘ ਦਾ ਮੱਤ ਸੀ ਕਿ 'ਲਹੂ ਦੀ ਲੋਅ' ਉਤੇ ਸਿਰਫ਼ ਨਕਸਲੀਆਂ ਨੂੰ ਹੀ ਬੋਲਣ ਦਾ ਅਧਿਕਾਰ ਹੈ।

ਡਾ: ਕੇਸਰ ਸਿੰਘ 'ਕੇਸਰ' ਨੇ ਬਹਿਸ ਦਾ ਉੱਤਰ ਦਿੰਦਿਆਂ ਕਿਹਾ ਕਿ ਚੇਤੰਨ ਤੌਰ 'ਤੇ ਉਸ ਦਾ ਮਨੋਰਥ ਨਾਵਲ ਦਾ ਕੇਂਦਰੀ ਸੂਤਰ ਲੱਭਣ ਦਾ ਸੀ। ਇਹ ਕੇਂਦਰੀ ਗੱਲ ਇਨਕਲਾਬੀ ਯੋਧਿਆਂ ਦੀ ਦਲੇਰੀ ਦਾ ਚਿਤ੍ਰਣ ਹੈ, ਜਿਸ ਨਾਲ ਕੰਵਲ ਦੀ ਹਮਦਰਦੀ ਹੈ। ਨਾਵਲ ਦਾ ਕੇਂਦਰੀ ਪਾਤਰ ਪੀਤੂ ਨਹੀਂ (ਜਿਵੇਂ ਕਿ ਭਗਵਾਨ ਸਿੰਘ ਜੋਸ਼ ਨੇ ਕਿਹਾ ਹੈ), ਮਿਹਰ ਸਿੰਘ ਹੈ। ਕੰਵਲ ਨੇ ਤੱਥਾਂ ਨੂੰ ਜਿਉਂ ਦਾ ਤਿਉਂ ਪੇਸ਼ ਕਰ ਦਿੱਤਾ ਹੈ, ਠੀਕ-ਗ਼ਲਤ ਦਾ ਨਿਰਣਾ ਪਾਠਕਾਂ ਦੇ ਹੱਥ ਹੈ। ਦੇਖਣ ਵਾਲੀ ਗੱਲ ਇਹ ਹੈ ਕਿ ਅਸੀਂ ਸਮਾਜਕ ਵਿਕਾਸ ਦੇ ਕਿਹੜੇ ਪੜਾਅ 'ਤੇ ਖੜ੍ਹੇ ਹਾਂ। ਇਸ ਗੱਲ ਦਾ ਨਿਰਣਾ ਹੋਣਾ ਚਾਹੀਦਾ ਹੈ ਕਿ ਸਾਡਾ ਇਨਕਲਾਬ ਜਮਹੂਰੀ ਹੋਵੇਗਾ ਜਾਂ ਸਮਾਜਵਾਦੀ?

ਸ੍ਰੀ ਜਸਵੰਤ ਸਿੰਘ ਕੰਵਲ ਨੇ ਬਹਿਸ ਅਤੇ ਨਾਵਲ ਸੰਬੰਧੀ ਆਪਣੇ ਵਿਚਾਰ ਪਰਗਟਾਉਂਦਿਆਂ ਕਿਹਾ ਕਿ ਉਹ ਸਾਹਿੱਤ ਰਾਹੀਂ ਰਾਜਨੀਤੀ ਦੇ ਨੇੜੇ ਆਇਆ ਹੈ। ਉਹ ਰਾਜਸੀ ਪਾਰਟੀਆਂ ਨਾਲੋਂ ਹਮੇਸ਼ਾਂ ਲੋਕਾਂ ਨੂੰ ਮਹਾਨ ਸਮਝਦਾ ਰਿਹਾ ਹੈ। ਜਜ਼ਬਾ ਵੀ ਸੂਝ ਜਿੰਨਾ ਹੀ ਜ਼ਰੂਰੀ ਹੈ। ਉਹ ਆਪਣੇ ਪਾਠਕਾਂ ਨੂੰ ਨਿਰਾਸ਼ ਨਹੀਂ ਹੋਣ ਦੇਣਾ ਚਾਹੁੰਦਾ। ਕਮਿਊਨਿਸਟ ਪਾਰਟੀਆਂ ਦੀ ਗੱਦਾਰੀ ਤੇ ਨਕਸਲੀ ਨੌਜਵਾਨਾਂ ਦੀਆਂ ਸ਼ਹੀਦੀਆਂ ਤੋਂ ਉਹ ਔਖਾ ਤੇ ਦੋਸ਼ੀ ਮਹਿਸੂਸ ਕਰ ਰਿਹਾ ਸੀ। 'ਲਹੂ ਦੀ ਲੋਅ' ਲਿਖ ਕੇ ਉਸ ਨੇ ਆਪਣੇ ਸਿਰੋਂ ਇਕ ਕਰਜ਼ਾ ਲਾਹ



ਦਿਤਾ। ਉਹ ਪੇਟੀ ਬੁਰਜ਼ੂਆ ਆਲੋਚਕਾਂ ਦੀ ਆਲੋਚਨਾ ਦੀ ਪਰਵਾਹ ਕਰੇ ਬਗ਼ੈਰ ਲੋਕਾਂ ਲਈ ਲਿਖਕੇ ਲੋਕਾਂ ਨਾਲ ਜੁੜਿਆ ਰਹੇਗਾ।

ਕਾ. ਸੋਹਨ ਸਿੰਘ ਜੋਸ਼ ਨੇ ਆਪਣੇ ਸੰਖੇਪ ਪਰਧਾਨਗੀ-ਭਾਸ਼ਣ ਵਿਚ ਕਿਹਾ ਕਿ ਪਿਛਲੀਆਂ ਰਵਾਇਤਾਂ ਵਿਚ ਠੀਕ ਨੂੰ ਅਪਣਾ ਕੇ ਤੇ ਗ਼ਲਤ ਨੂੰ ਰੱਦ ਕਰਕੇ ਸਾਨੂੰ ਅਗੇ ਵਧਣਾ ਚਾਹੀਦਾ ਹੈ। ਉਸਾਰੂ-ਤਾਕਤਾਂ ਦੇ ਏਕੇ ਨੂੰ ਸਾਹਿੱਤਕਾਰੀ ਵਿਚ ਪਰਗਟਾਵਾ ਮਿਲਣਾ ਚਾਹੀਦਾ ਹੈ।

ਸਮਾਗਮ ਦੇ ਅੰਤ ਵਿਚ ਦੋ ਮਤੇ ਸਰਬ-ਸੰਮਤੀ ਨਾਲ ਪੇਸ਼ ਕੀਤੇ ਗਏ। ਪਹਿਲੇ ਮਤੇ ਵਿਚ ਸਾਰੇ ਸਿਆਸੀ ਕੈਦੀਆਂ ਦੀ ਰਿਹਾਈ ਅਤੇ ਝੂਠੇ ਪੁਲਸ ਮੁਕਾਬਲਿਆਂ ਤੇ ਅੰਦਰਖਾਤੇ ਚੁਕ ਕੇ ਮਾਰੇ ਗਏ ਨੌਜਵਾਨਾ ਦੀ ਜੁਡੀਸ਼ੀਅਲ ਜਾਂਚ-ਪੜਤਾਲ ਦੀ ਸਰਕਾਰ ਤੋਂ ਮੰਗ ਕੀਤੀ ਗਈ। ਦੂਜੇ ਮਤੇ ਵਿਚ ਇਕੱਠੇ ਹੋਏ ਪੰਜਾਬੀ ਲੇਖਕਾਂ ਵਲੋਂ ਦੇਸ਼ ਦੀਆਂ ਅਗਾਂਹ-ਵਧੂ ਸ਼ਕਤੀਆਂ ਨੂੰ ਇਕ ਪਲੇਟ-ਫਾਰਮ 'ਤੇ ਇਕੱਠਾ ਹੋਣ ਦੀ ਅਪੀਲ ਕੀਤੀ ਗਈ। —ਅਜਮੇਰ ਸਿੰਘ ਔਲਖ

———

## ਸੇਧ ਪ੍ਰਕਾਸ਼ਨ ਦੀਆਂ ਪੁਸਤਕਾਂ

### ਸਾਹਿਤ ਦੀ ਸਮਝ

ਪ੍ਰੋ: ਕਿਸ਼ਨ ਸਿੰਘ ਦੇ ਤਿੰਨ ਵਿਦਵਤਾ-ਭਰਪੂਰ ਲੇਖਾਂ ਦਾ ਸੰਗ੍ਰਹਿ — ਯਥਾਰਥਵਾਦ, ਆਲੋਚਨਾ ਤੇ ਸਾਹਿਤ ਦੀ ਸਮਝ। ਇਹ ਪੁਸਤਕ ਸਾਹਿਤ ਪ੍ਰੇਮੀਆਂ ਅਤੇ ਐਮ. ਏ. ਤਕ ਦੇ ਵਿਦਿਆਰਥੀਆਂ ਲਈ ਬੇਮਿਸਾਲ ਪੁਸਤਕ ਹੈ। ਸਫ਼ੇ 340, ਪੱਕੀ ਜਿਲਦ, ਸਿਰਫ਼ ਲਾਇਬਰੇਰੀ ਐਡੀਸ਼ਨ, ਮੁਲ : ਪੰਦਰਾਂ ਰੁਪੈ।

### ਗੁਰਬਾਣੀ ਦਾ ਸੱਚ

ਪ੍ਰੋ: ਕਿਸ਼ਨ ਸਿੰਘ ਦੇ ਗੁਰਬਾਣੀ ਦੇ ਵੱਖ ਵਖ ਪੱਖਾਂ ਬਾਰੇ ਲਿਖੇ ਲੇਖਾਂ ਦਾ ਸੰਗ੍ਰਹਿ, ਜਿਸ ਵਿਚ ਗੁਰਬਾਣੀ ਦੀ ਸਮਾਜਕ ਵਸਤੂ, ਗੁਰਬਾਣੀ ਵਿਚ ਹੁਕਮ ਦਾ ਸਿਧਾਂਤ, ਗੁਰਬਾਣੀ ਵਿਚ ਵਿਜੋਗ ਦਾ ਮਸਲਾ, ਗੁਰਬਾਣੀ ਵਿਚ ਬਦੀ ਦਾ ਸੰਕਲਪ, ਗੁਰਬਾਣੀ ਅਤੇ ਸਰਬੱਤ ਦੀ ਆਜ਼ਾਦੀ ਦਾ ਪੈਂਤੜਾ ਆਦਿ ਲੇਖਾਂ ਤੋਂ ਇਲਾਵਾ ਬਾਬਰਵਾਣੀ ਅਤੇ ਗੁਰੂ ਤੇਗ਼ ਬਹਾਦਰ ਦੀ ਬਾਣੀ ਦੀ ਵਿਆਖਿਆ ਵਾਲੇ ਲੇਖ ਵੀ ਹਨ। ਸਫ਼ੇ 200, ਸੁੰਦਰ ਦਿਖ, ਲਾਏਬਰੇਰੀ ਐਡੀਸ਼ਨ, ਪੱਕੀ ਜਿਲਦ — ਮੁਲ : ਪੰਦਰਾਂ ਰੁਪੈ, ਪੇਪਰ ਬੈਕ — ਮੁਲ : ਦਸ ਰੁਪੈ।

(10 ਰੁਪੈ ਜਾਂ 1 ਪੌਂਡ ਜਾਂ 1.50 ਡਾਲਰ; 15 ਰੁਪੈ ਜਾਂ 1.50 ਪੌਂਡ ਜਾਂ 2 ਡਾਲਰ)

•

ਨੋਟ : ਸੇਧ ਦੇ ਲੇਖਾਂ ਵਿਚ ਪੇਸ਼ ਕੀਤੇ ਗਏ ਵਿਚਾਰ ਲੇਖਕਾਂ ਦੇ ਹਨ। ਸੰਪਾਦਕ ਸੇਧ ਦਾ ਉਹਨਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਨੋਟ : ਡਾਇਰੈਕਟਰ ਸਿਖਿਆ ਵਿਭਾਗ ਪੰਜਾਬ ਦੀ ਚਿੱਠੀ ਨੰ: 3/63-72 ਐ: ਪੰ: ਮਿਤੀ 2-1-73 ਅਨੁਸਾਰ ਕਾਲਜਾਂ ਦੀਆਂ ਲਾਇਬਰੇਰੀਆਂ ਲਈ ਮੰਨਜ਼ੂਰ

## ਕੈਸੀ ਆਰਤੀ ਹੋਇ ਭਵਖੰਡਨਾ ਤੇਰੀ ਆਰਤੀ

ਗਗਨ[1] ਮੈ[2] ਥਾਲੁ ਰਵਿ[3] ਚੰਦੁ ਦੀਪਕ[4] ਬਨੇ ਤਾਰਿਕਾ[5] ਮੰਡਲ ਜਨਕ[6] ਮੋਤੀ[7] ।
ਧੂਪੁ ਮਲਆਨਲੋ[8] ਪਵਣੁ ਚਵਰੋ ਕਰੇ ਸਗਲ ਬਨਰਾਇ[9] ਫੂਲੰਤ[10] ਜੋਤੀ[11] । 1
ਕੈਸੀ ਆਰਤੀ ਹੋਇ ਭਵਖੰਡਨਾ[12] ਤੇਰੀ ਆਰਤੀ ।
ਅਨਹਤਾ[13] ਸ਼ਬਦ[14] ਵਾਜੰਤ ਭੇਰੀ[15] । 1 । ਰਹਾਉ
ਸਹਸ[16] ਤਵ[17] ਨੈਨ ਨਨ[18] ਨੈਨ ਹੈ ਤੋਹਿ ਕਉ[19] ਸਹਸ ਮੂਰਤਿ[20] ਨਨਾ[21] ਏਕ ਤੋਹੀ[22] ।
ਸਹਸ ਪਦ[23] ਬਿਮਲ[24] ਨਨ ਏਕ ਪਦ ਗੰਧ[25] ਬਿਨੁ ਸਹਸ ਤਵ ਗੰਧ ਇਵ[26] ਚਲਤ[27] ਮੋਹੀ ।2
ਸਭ ਮਹਿ ਜੋਤਿ[28] ਜੋਤਿ ਹੈ ਸੋਇ[29] ।
ਤਿਸ ਕੈ ਚਾਨਣਿ[30] ਸਭ ਮਹਿ ਚਾਨਣੁ ਹੋਇ ।
ਗੁਰ ਸਾਖੀ[31] ਜੋਤਿ ਪ੍ਰਗਟੁ ਹੋਇ ।
ਜੋ ਤਿਸ ਭਾਵੈ ਸੁ ਆਰਤੀ ਹੋਇ । 3
ਹਰਿ ਚਰਣ ਕਮਲ ਮਕਰੰਦ[32] ਲੋਭਿਤ ਮਨੋ[33] ਅਨਦਿਨੋ[34] ਮੋਹਿ[35] ਆਹੀ[36] ਪਿਆਸਾ ।
ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ[37] ਕਉ ਹੋਇ ਜਾਤੇ[38] ਤੇਰੈ ਨਾਮਿ[39] ਵਾਸਾ । 4 । 1 । 7 । 9।
(ਗੁਰੂ ਨਾਨਕ, ਸਫ਼ਾ 663)

ਗੁਰੂ ਸਾਹਿਬ ਕਹਿੰਦੇ ਹਨ : ਹੇ ਰਬਾ ! ਮੰਦਰਾਂ ਵਿਚ ਹੋ ਰਹੀਆਂ ਆਰਤੀਆਂ ਕੀ ਹਨ ? ਸਾਰੀ ਸ੍ਰਿਸ਼ਟੀ, ਸਾਰੀ ਕੁਦਰਤ ਆਪਣੇ ਆਪ ਤੇਰੀ ਆਰਤੀ ਕਰ ਰਹੀ ਹੈ । ਸਾਰਾ ਆਸਮਾਨ ਥਾਲ ਬਣਿਆ ਹੋਇਆ ਹੈ । ਚੰਦ ਤੇ ਸੂਰਜ ਇਸ ਥਾਲ ਵਿਚ ਦੀਵੇ ਬਣੇ ਹੋਏ ਹਨ । ਤਾਰਿਆਂ ਦੇ ਸਮੂਹ ਇਸ ਥਾਲ ਵਿਚ ਜਿਵੇਂ ਮੋਤੀ ਸਜਾਏ ਹੋਏ ਹੋਣ । ਮਲਯ ਪਹਾੜ ਵਲੋਂ ਆ ਰਹੀ ਹਵਾ ਚੰਦਨ ਚੱਟਕੇ ਖ਼ੁਸ਼ਬੂ ਲਿਆ ਰਹੀ ਹੈ । ਉਹ ਧੂਫ਼ ਧੁਖਾ ਰਹੀ ਹੈ । ਵਗ ਰਹੀ ਹਵਾ ਸਿਰਫ਼ ਵਗ ਹੀ ਨਹੀਂ ਰਹੀ, ਉਹ ਚੌਰ ਕਰ ਰਹੀ ਹੈ । ਸਾਰੀ ਬਨਸਪਤੀ, ਸਾਰੀ ਹਰਿਆਵਲ ਤੇਰੀ ਪੂਜਾ ਵਾਸਤੇ ਫੂਲ ਹਨ । ਸਭਸ ਜੀਵਾਂ ਵਿਚ ਜੋ ਜੀਵਨ-ਰੌ ਵਿਚਰ ਰਹੀ ਹੈ ਉਹ ਅਨਹਤ ਸ਼ਬਦ ਹੈ । ਉਹ ਸ਼ਬਦ ਬਿਨਾ ਵਜਾਏ ਵਜਦਾ ਹੈ । ਕੰਨਾਂ ਨੂੰ ਨਹੀਂ ਸੁਣਦਾ, ਉਸ ਦਾ ਅਨੁਭਵ ਆਤਮਾ ਦੇ ਅੰਦਰ ਹੋ ਰਿਹਾ ਹੈ । ਉਹ ਅਨਹਤ ਸ਼ਬਦ ਤੇਰੀ ਪੂਜਾ ਵਾਸਤੇ ਨਗਾਰਾ ਵਜ ਰਿਹਾ ਹੈ । ਹੇ ਭਵਖੰਡਨਾ, ਹੇ ਜੀਵਾਂ ਦੇ ਜਨਮ ਮਰਨ ਦੀ ਫਾਂਸੀ ਕੱਟਣ ਵਾਲੇ, ਇਹ ਹੋ ਰਹੀ ਤੇਰੀ ਆਰਤੀ ਕੈਸੀ ਖ਼ੂਬ, ਕੈਸੀ ਬੇਮਿਸਾਲ, ਕੈਸੀ ਦੰਗ ਕਰਨ ਵਾਲੀ ਆਰਤੀ ਹੈ ।

ਇਹ ਆਰਤੀ ਹੋ ਕਿਸਦੀ ਰਹੀ ਹੈ ? ਭਵਖੰਡਨਾ ਦੀ, ਜੋ ਜਨਮ ਮਰਨ ਦਾ ਕਿੱਸਾ ਹੀ ਖ਼ਤਮ ਕਰ ਦੇਂਦਾ ਹੈ । ਇਸ ਜਨਮ ਮਰਨ ਦੇ ਚੱਕਰ ਵਿਚ, ਇਸ ਭਉਜਲ ਵਿਚ ਪੈਂਦਾ ਕੌਣ ਹੈ ? ਜੋ ਕਾਲ ਦੀ ਸਾਮੀ ਹੈ—ਸਾਕਤ, ਮਨਮੁਖ, ਮਾਇਆਧਾਰੀ । ਜੋ ਗੁਰੂ ਸਾਹਿਬ ਦੇ ਰਬ ਦਾ ਹੋ ਤੁਰੇ, ਉਹ ਕਾਲ ਦੀ ਸਾਮੀ ਨਹੀਂ ਰਹਿੰਦਾ । ਉਹ ਇਸ ਚੰਡਾਲ ਦੇ ਬੰਧਨ ਤੋਂ ਮੁਕਤ ਹੋ ਜਾਂਦਾ ਹੈ । "ਜਿਉਂ ਅਗਨਿ ਮਰੈ ਜਲਿ ਪਾਇਐ ਤਿਉ ਤ੍ਰਿਸ਼ਨਾ ਦਾਸਨਿਦਾਸ । ਜਮ ਜੰਦਾਰੁ ਨ ਲਗਈ ਇਉ ਭਉਜਲੁ ਤਰੈ ਤਰਾਸਿ ?" (ਗੁਰੂ ਨਾਨਕ, ਸਫ਼ਾ 22) ।

ਇਹ ਭਉਜਲ, ਇਹ ਜਨਮ ਮਰਨ ਦਾ ਚੱਕਰ, ਇਹ ਜਮ ਦਾ ਜਾਲ ਸਮਾਜਕ ਮਨੁਖੀ ਬੋਲੀ ਵਿਚ ਹੈ ਕੀ ? ਤ੍ਰਿਸ਼ਨਾਂ ਦੀ ਬੰਦੇ ਉਤੇ ਸਰਦਾਰੀ । ਹਉਮੈ ਦੀ, ਕਾਮ, ਕ੍ਰੋਧ ਲੋਭ ਮੋਹ ਹੰਕਾਰ ਦੀ ਬੰਦੇ ਉਤੇ ਕਾਠੀ । ਮਾਇਆ ਦੇ ਮੋਹ ਦੀ ਬੰਦੇ ਦੇ ਮੂੰਹ ਵਿਚ ਲਗਾਮ । ਮਾਇਆ ਦਾ ਬੰਦੇ ਉਤੇ ਬੰਧਨ । ਪੈਸੇ ਅੱਗੇ ਬੰਦੇ ਦੀ ਅਧੀਨਗੀ, ਬੰਦੇ ਦੀ ਗੁਲਾਮੀ । ਸੋ ਇਹ ਆਰਤੀ ਹੋ ਕਿਸ ਦੀ ਰਹੀ ਹੈ ? ਉਸ ਦੀ ਜੋ ਬੰਦੇ ਦੇ ਦਵਾਲਿਉਂ ਮਾਇਆ ਦਾ ਬੰਧਨ ਕਟਦਾ ਹੈ, ਜੋ ਬੰਦੇ ਦੇ ਅੰਦਰੋਂ ਹਉਮੈ ਨੂੰ ਸਾੜਦਾ ਹੈ, ਜੋ ਉਸ ਦੇ ਅੰਦਰੋਂ ਖ਼ੁਦਗਰਜ਼ੀ ਲਾਲਚ ਆਦਿ ਨੂੰ ਖ਼ਤਮ ਕਰਦਾ ਹੈ, ਜੋ ਬੰਦੇ ਨੂੰ ਆਜ਼ਾਦ ਕਰਾਉਂਦਾ ਹੈ ।

ਹੋਰ ਨੁਕਤੇ ਤੋਂ ਵੇਖਿਆਂ ਇਹ ਸਾਰੀ ਕੁਦਰਤ ਕਿਸ ਦੀ ਆਰਤੀ ਕਰ ਰਹੀ ਹੈ ? ਉਸ ਦੀ ਜੋ ਹਰ ਇਕ ਵਿਚ ਵਿਆਪਕ ਹੈ, ਜੋ ਹਰ ਇਕ ਦੇ ਅੰਦਰ ਵਸਦਾ ਹੈ । ਜਿਨ੍ਹਾਂ ਨੂੰ ਮਾਇਆ ਨੇ ਲਲਚਾ ਲਿਆ ਹੁੰਦਾ ਹੈ ਉਹਨਾਂ ਨੂੰ ਆਪਣੇ ਅੰਦਰ ਉਹ ਦਿਸਦਾ ਨਹੀਂ । ਪਰ ਗੁਰਬਾਣੀ ਦੇ ਅਨੁਸਾਰ ਪੰਜ ਤੱਤ ਦੇ ਪੁਤਲੇ ਵਿਚ ਆਪਣੀ ਜੋਤ ਟਿਕਾ ਕੇ ਰੱਬ ਨੇ ਬੰਦੇ ਨੂੰ ਬਣਾਇਆ ਹੈ । ਸੋ ਇਕ ਨੁਕਤੇ ਤੋਂ ਹਰ ਬਣਿਆ ਸਰੀਰ, ਹਰ ਸਿਰਜੀ ਸ਼ਕਲ ਰਬ ਦਾ ਸਰੀਰ ਤੇ ਸ਼ਕਲ ਹਨ । ਹਰ ਅੱਖ ਉਸ ਦੀ ਅੱਖ ਹੈ । ਸਭ ਪੈਰ ਉਸ ਦੇ ਪੈਰ ਹਨ, ਨਾਸਾਂ ਜੋ ਖ਼ੁਸ਼ਬੋ ਲੈਂਦੀਆਂ ਹਨ ਉਹ ਸਭ ਉਸ ਦੀਆਂ ਹਨ । ਪਰ ਦੂਸਰੇ ਨੁਕਤੇ ਤੋਂ ਵੇਖਿਆਂ ਗੁਰਬਾਣੀ ਦੇ ਮੁਤਾਬਿਕ ਰਬ ਸਾਕਾਰ ਹਸਤੀ ਨਹੀਂ ਹੈ । ਉਸ ਦਾ ਨਾ ਕੋਈ ਸਰੀਰ ਹੈ, ਨਾ ਕੋਈ ਸਰੀਰਕ ਅੰਗ । ਗੁਰੂ ਸਾਹਿਬ ਕਹਿੰਦੇ ਹਨ : ਹੇ ਰੱਬਾ ! ਤੇਰੀਆਂ ਇਹ ਹੈਰਾਨ ਕਰਨ ਵਾਲੀਆਂ ਗੱਲਾਂ ਵੇਖ ਕੇ ਮੈਂ ਦੰਗ ਹਾਂ, ਮੋਹੀ ਗਈ ਹਾਂ ।

ਸਭ ਜੀਵਾਂ ਵਿਚ ਇਕੋ ਰਬ ਦੀ ਜੋਤ ਹੀ ਵਰਤ ਰਹੀ ਹੈ । ਜੋ ਹੋ ਰਿਹਾ ਹੈ ਉਸ ਦਾ ਕਰਾਇਆ ਹੀ ਹੋ ਰਿਹਾ ਹੈ । ਪਰ ਇਹ ਜੋਤ ਜੋ ਹਰ ਇਕ ਵਿਚ ਕੰਮ ਕਰ ਰਹੀ ਹੈ ਉਸ ਨੂੰ ਹਰ ਆਦਮੀ ਆਪਣੇ ਆਪ ਨਹੀਂ ਵੇਖ ਸਕਦਾ । ਕਿਉਂ ਨਹੀਂ ਵੇਖ ਸਕਦਾ ? ਕਿਉਂਕਿ ਕਾਬਜ਼ ਨਿਜ਼ਾਮ ਮਾਇਆ ਦਾ ਹੈ । ਮਾਇਆ ਨੇ ਉਸ ਦਾ ਮਨ ਮੋਹਿਆ ਹੋਇਆ ਹੈ, ਕੁਮੱਤ ਨੂੰ ਉਸ ਦੀ ਮਤ

---

1. ਆਕਾਸ਼, ਅਸਮਾਨ 2. ਰੂਪੀ 3. ਸੂਰਜ 4. ਦੀਵੇ 5. ਤਾਰੇ 6. ਭਵਨ-ਸਮੂਹ 7. ਜਾਣੋ, ਮਾਨੋ, ਸਮਝੋ 8. ਮਲਯ, ਅਨਲੋ-ਮਲਬ ਦੁਖਣ ਵਿਚ ਮਦਰਾਸ ਦੇ ਕੋਲ ਇਕ ਪਹਾੜ ਹੈ ਜਿਸ ਦੇ ਉਤੇ ਚੰਦਨ ਬਹੁਤ ਉਗਦਾ ਹੈ । ਅਨਲ ਦਾ ਅਰਥ ਹੈ ਹਵਾ । ਅਰਥ ਹੈ ਮਲਯ ਪਹਾੜ ਵਲੋਂ ਆਉਣ ਵਾਲੀ ਹਵਾ । ਚੰਦਨ ਦੇ ਬੂਟਿਆਂ ਵਲੋਂ ਆਉਣ ਵਾਲੀ ਹਵਾ ਖ਼ੁਸ਼ਬੂਦਾਰ ਹੁੰਦੀ ਹੈ । 9. ਬਨਾਸਪਤੀ, ਸਾਰੀ ਹਰਿਆਵਲ । 10. ਫੁਲ ਦੇ ਰਹੀ ਹੈ 11. ਜੋਤਿ-ਰੂਪ ਪ੍ਰਭੂ । 12. ਹੇ ਜਨਮ ਮਰਨ ਦੇ ਕੱਟਣ ਵਾਲੇ 13. ਜੋ ਬਿਨਾ ਵਜਾਏ ਵੱਜੇ, ਇਕ ਰਸ 14. ਆਵਾਜ਼—ਉਹ ਸੰਗੀਤ ਜੋ ਕੰਨਾਂ ਦਾ ਵਿਸ਼ਾ ਨਹੀਂ, ਕੇਵਲ ਆਤਮਾ ਦੇ ਅੰਦਰ ਅਨੁਭਵ ਹੁੰਦਾ ਹੈ । 15. ਨਗਾਰਾ, ਡੱਫ 16. ਹਜ਼ਾਰਾਂ 17. ਤੇਰੇ 18. ਕੋਈ ਨਹੀਂ । 19. ਤੇਰੇ ਵਾਸਤੇ, ਤੇਰੇ, ਤੈਨੂੰ 20. ਸ਼ਕਲ 21. ਕੋਈ ਨਹੀਂ । 22. ਤੇਰੀ 23. ਪੈਰ 24. ਸਾਫ਼ 25. ਨੱਕ 26. ਇਸ ਤਰ੍ਹਾਂ 27. ਅਚਰਜ ਖੇਡ 28. ਚਾਨਣ, ਪ੍ਰਕਾਸ਼ 29. ਉਹ ਰਬ । 30. ਉਸ ਰਬ ਦੇ ਚਾਨਣ ਨਾਲ 31. ਸਿਖਿਆ ਨਾਲ । 32. ਫੁਲਾਂ ਵਿਚਲੀ ਧੂੜ (pollen dust) ਫੁਲਾਂ ਦਾ ਰਸ, ਜਾਂ ਸ਼ਹਿਦ । 33. ਮਨ 34. ਹਰ ਰੋਜ਼ 35. ਮੈਨੂੰ 36. ਰਹਿੰਦੀ ਹੈ । 37. ਪਪੀਹਾ 38. ਜਿਸ ਨਾਲ 39. ਤੇਰੇ ਨਾਮ ਵਿਚ ।

ਬਣਾਇਆ ਹੋਇਆ ਹੈ। ਜ਼ਹਿਰ ਨੂੰ ਉਹ ਅਮ੍ਰਿਤ ਸਮਝ ਕੇ ਪੀ ਰਿਹਾ ਹੈ। ਸੋ ਮਾਇਆ ਵਿਚ ਵਿਰੜੇ ਹੋਏ ਬੰਦੇ ਨੂੰ ਆਪਣੇ ਅੰਦਰਲੀ ਰਬ ਦੀ ਜੋਤ ਤਾਂ ਹੀ ਦਿਸਦੀ ਹੈ ਜੇ ਗੁਰੂ ਵਿਖਾਵੇ। ਜੇ ਬੰਦੇ ਦੇ ਅੰਦਰ ਨਾਮ ਗ੍ਰਹਿਣ ਹੋਵੇ ਤੇ ਉਹ ਅੰਦਰੋਂ ਹਉਮੈ ਨੂੰ ਸਾੜੇ। ਸਾਡੀ ਬੋਲੀ ਵਿਚ ਜੇ ਇਨਕਲਾਬੀ ਚੇਤਨਤਾ ਅੰਦਰ ਗ੍ਰਹਿਣ ਹੋਵੇ ਤੇ ਉਹ ਕਾਬਜ ਜਮਾਤੀ ਨਿਜ਼ਾਮ ਦੇ ਹਿੱਤੀ ਚੇਤਨਾ ਨੂੰ ਅੰਦਰੋਂ ਖ਼ਤਮ ਕਰੇ। ਜੇ ਅੰਦਰ ਇਨਸਾਨੀਅਤ ਦਾ ਬੀਜ ਪੁੰਗਰੇ, ਸਰਬਤ ਦਾ ਪਿਆਰ ਮੌਲੇ ਤੇ ਇਕਾਨੋਮਿਜ਼ਮ ਨੂੰ, ਮਾਇਆ ਦੇ ਮੋਹ ਨੂੰ ਸੋਕੜਾ ਪਵੇ। ਜਦੋਂ ਬੰਦਾ ਆਪਣੇ ਅੰਦਰ ਤੇ [illegible] ਵਿਚ ਉਹ ਹੀ, ਇਕੋ ਹੀ ਰਬ ਵੇਖਦਾ ਹੈ ਤਾਂ ਸਹੀ ਚਾਨਣਾ ਉਸਦੇ ਅੰਦਰ ਤਾਂ ਹੀ ਹੁੰਦਾ ਹੈ। ਸਰਬਤ ਦੀ ਆਜ਼ਾਦੀ ਦਾ ਸੱਚ ਪ੍ਰਵੇਸ਼ ਕਰੇ ਤੇ ਅੰਦਰ ਸਹੀ ਚਾਨਣਾ ਤਾਂ ਹੀ ਹੁੰਦਾ ਹੈ। ਮਾਇਆ ਦੇ ਨਿਜ਼ਾਮ ਦੀ, ਜਮਾਤੀ ਸਮਾਜ ਦੇ ਹਿੱਤੀ ਚੇਤਨਤਾ ਬੰਦੇ ਦੇ ਅੰਦਰ ਹਨੇਰਾ ਹੀ ਪਾਈ ਰਖਦੀ ਹੈ।

ਆਰਤੀ ਹੋ ਕਿਉਂ ਰਹੀ ਹੈ ? ਇਸ ਲਈ ਕਿ ਰਬ ਸੁਮੱਤ ਬਖ਼ਸ਼ੇ। ਆਪਣੇ ਰਾਹੇ ਪਾਵੇ। ਮਾਇਆ ਦੇ ਬੰਧਨ ਦੇ ਨਰਕ ਵਿਚੋਂ, ਜਮ ਦੀ ਫਾਹੀ ਵਿਚੋਂ ਕੱਢੇ। ਕੁਦਰਤ ਵਲੋਂ ਹੋ ਰਹੀ ਆਰਤੀ ਦਾ ਜ਼ਿਕਰ ਕਰਦੇ ਹੋਏ ਗੁਰੂ ਸਾਹਿਬ ਗੱਲ ਲਿਆਏ ਕਿਥੇ ਹਨ? ਕਿ ਸਤਿਗੁਰੂ ਕੋਲੋਂ ਸੱਚ ਦਾ ਚਾਨਣ ਲੈਕੇ ਨਾ ਸਿਰਫ਼ ਆਪਣ ਅੰਦਰ ਹੀ ਰਬ ਨੂੰ ਵੇਖੋ ਬਲਕਿ ਉਸ ਨੂੰ ਹਰ ਇਕ ਦੇ ਅੰਦਰ ਵੇਖੋ। ਇਉਂ ਦੇਖਿਆਂ ਹਰ ਬੰਦੇ ਦਾ ਸਰੀਰ, ਹਰ ਸਰੀਰ, ਦਾ ਅੰਗ—ਹਜ਼ਾਰਾਂ, ਲੱਖਾਂ ਅੱਖਾਂ, ਹਜ਼ਾਰਾਂ ਲੱਖਾਂ ਸ਼ਕਲਾਂ, ਹਜ਼ਾਰਾਂ, ਲੱਖਾਂ, ਕ੍ਰੋੜਾਂ ਪੈਰ, ਲੱਖਾਂ ਦੀਆਂ ਸੁੰਘਦੀਆਂ ਨ ਸਾਂ ਆਪਣੇ ਅੰਦਰ ਰਬ ਦੀ ਜੋਤ ਲਈ ਬੈਠੀਆਂ ਹੀ ਲਗਣਗੀਆਂ। ਐਸੀ ਦਸ਼ਾ ਵਿਚ ਹਉਮੈ, ਤ੍ਰਿਸ਼ਨਾਂ ਆਦਿ ਵਾਸਤੇ ਤੁਹਾਡੇ ਮਨ ਵਿਚ ਕੋਈ ਜਗ੍ਹਾ ਹੀ ਨਹੀਂ ਰਹਿ ਜਾਵੇਗੀ। ਤੁਸੀਂ ਸਭਸ ਦੇ ਪਿਆਰ ਦੀ ਲੜੀ ਵਿਚ ਪਰੋਤੇ ਜਾਉਗੇ। ਬਤੌਰ ਮਨੁਖ ਤੁਹਾਡੀ ਕਿਸਮ ਬਦਲੇਗੀ। ਐਸ ਵੇਲੇ ਤੁਸੀਂ ਮਾਇਆ ਦੇ, ਪੈਸੇ ਦੇ ਗੁਲਾਮ ਹੋ। ਜਦੋਂ ਸਰਬਤ ਦੇ ਪਿਆਰ ਦੀ ਲੜੀ ਵਿਚ ਪਰੋਤੇ ਜਾਉਗੇ, ਗੁਲਾਮੀ ਦਾ ਸੰਗਲ ਤੁਹਾਡੇ ਦਵਾਲਿਓਂ ਟੁਟ ਜਾਵੇਗਾ ਤੇ ਤੁਸੀਂ ਆਜ਼ਾਦ ਹੋ ਜਾਵੋਗੇ। ਤੁਹਾਡੇ ਅੰਦਰ ਮਾਇਆ ਦੀ ਪਾਈ ਵਹਿਸ਼ਤ ਖ਼ਤਮ ਹੋ ਜਾਵੇਗੀ ਅਤੇ ਤੁਸੀਂ ਮਨੁਖਤਾ ਦੇ ਸਰੂਪ ਹੋ ਜਾਉਗੇ।

ਗੁਰੂ ਸਾਹਿਬ ਆਰਤੀ ਦਾ ਮੂਲ ਕੀ ਦਸਦੇ ਹਨ? "ਜੋ ਤਿਸੁ ਭਾਵੈ ਸੋ ਆਰਤੀ ਹੋਇ।" ਇਸ ਦਾ ਅਰਥ ਇਹ ਨਹੀਂ ਹੈ ਕਿ ਜੋ ਕੁਛ ਰਬ ਦੀ ਰਜ਼ਾ ਵਿਚ ਹੋ ਰਿਹਾ ਹੈ ਉਹ ਸਾਨੂੰ ਚੰਗਾ ਲੱਗੇ। ਬਿਲਕੁਲ ਨਹੀਂ। ਰਬ ਦੇ ਹੁਕਮ ਤੋਂ ਤਾਂ ਕੁਝ ਦੀ ਬਾਹਰ ਨਹੀਂ। ਨੇਕੀ ਵੀ ਉਸ ਦੀ ਰਜ਼ਾ ਵਿਚ ਹੈ, ਬਦੀ ਵੀ ਉਸ ਦੀ ਰਜ਼ਾ ਵਿਚ ਹੈ। ਤ੍ਰਿਸ਼ਨਾ ਦੀ ਅੱਗ ਵੀ ਉਸ ਦੀ ਰਜ਼ਾ ਵਿਚ ਹੈ। ਖ਼ੁਦਗਰਜ਼ੀ, ਲਾਲਚ, ਮਾਇਆ ਦੇ ਮੋਹ ਦੀ ਵਹਿਸ਼ਤ ਵੀ ਉਸ ਦੀ ਰਜ਼ਾ ਵਿਚ ਹੈ। ਸਮਾਜਕ ਵੇਗ ਦੇ, ਸਮਾਜਕ ਉਸਾਰੀ ਦੇ ਕਾਨੂੰਨ ਤੋਂ ਬਾਹਰ ਤਾਂ ਕੁਛ ਵੀ ਨਹੀਂ ਹੋ ਰਿਹਾ, ਨਾ ਹੋ ਹੀ ਸਕਦਾ ਹੈ। ਮਾਇਆ ਤੇ ਹਉਮੈ ਵੀ ਰਬ ਦੇ ਹੁਕਮ ਵਿਚ ਹੀ ਪੈਦਾ ਹੋਈਆਂ ਹਨ ਅਤੇ ਉਸ ਦੀ ਰਜ਼ਾ ਨਾਲ ਸਮਾਜਕ ਮਨੁਖੀ ਜ਼ਿੰਦਗੀ ਵਿਚ ਪ੍ਰਵੇਸ਼ ਕਰ ਰਹੀਆਂ ਹਨ।

ਗੁਰੂ ਸਾਹਿਬ ਦੇ ਮੁਤਾਬਿਕ ਰੱਬ ਦੀ ਸਹੀ ਆਰਤੀ ਕੀ ਹੈ ? ਥਾਲਾਂ ਵਿਚ ਦੀਵੇ ਜਗਾਉਣਾ ਨਹੀਂ, ਉਸ ਦੀ ਖ਼ਲਕਤ ਦੇ ਲਹੂ ਨਾਲ ਰੰਗੇ ਹੱਥਾਂ ਨਾਲ ਉਸ ਨੂੰ ਫੁਲ ਚੜ੍ਹਾਉਣਾ, ਉਸ ਨੂੰ ਧੂਫ ਦੇਣਾ ਨਹੀਂ। ਬਲਕਿ ਸਮਾਜਕ ਮਨੁਖੀ ਜ਼ਿੰਦਗੀ ਨੂੰ ਉਸ ਰਾਹੇ ਪਾਉਣਾ ਹੈ ਜਿਹੜਾ ਉਸ ਨੂੰ ਭਾਉਂਦਾ ਹੈ। ਉਸ ਨੂੰ ਤ੍ਰਿਸ਼ਨਾਂ ਦੀ ਅੱਗ ਨਹੀਂ ਭਾਉਂਦੀ। ਉਸ ਨੂੰ ਹਉਮੈ ਦੀ ਬੰਦੇ ਦੇ ਮਨ 'ਤੇ ਸਰਦਾਰੀ



ਨਹੀਂ ਪੁਗਦੀ। ਉਸ ਨੂੰ ਬੰਦੇ ਉਤੇ ਮਾਇਆ ਦਾ ਬੰਧਨ, ਸਮਾਜ ਵਿਚ ਪੈਸੇ ਤੇ ਪਦਾਰਥਾਂ ਦੀ ਸਰਦਾਰੀ ਨਹੀਂ ਸੁਖਾਂਦੀ। ਏਥੇ 'ਜੌ ਤਿਸੁ ਭਾਵੈ ਸੁ ਆਰਤੀ ਹੋਇ" ਅਰਥ-ਭਰਪੂਰ ਹੈ। ਮਤਲਬ ਇਹ ਹੈ ਕਿ ਰਬ ਆਰਤੀ ਉਸ ਨੂੰ ਮੰਨਦਾ ਹੈ ਜਦੋਂ ਉਹ ਕੁਛ ਹੋਵੇ ਜੋ ਉਸ ਨੂੰ ਚੰਗਾ ਲਗਦਾ ਹੈ, ਜੋ ਉਸ ਨੂੰ ਪ੍ਰਵਾਨ ਹੈ। ਇਸ ਤੋਂ ਦੋ ਗੱਲਾਂ ਬਿਲਕੁਲ ਸਾਫ਼ ਹਨ। ਇਸ ਦੇ ਅਰਥ ਇਹ ਕਰਨਾ ਕਿ ਜੋ ਕੁਝ ਰਬ ਦੇ ਹੁਕਮ ਵਿਚ ਹੋ ਰਿਹਾ ਹੈ ਉਹ ਬੰਦੇ ਨੂੰ ਚੰਗਾ ਲੱਗੇ, ਇਹ ਆਰਤੀ ਹੈ—ਬਿਲਕੁਲ ਗ਼ਲਤ ਹੈ।

ਜਿਸ ਤਰ੍ਹਾਂ ਸੇਧ ਦੇ ਸਫ਼ਿਆਂ ਵਿਚ ਮੁੜ ਮੁੜ ਸਪੱਸ਼ਟ ਕੀਤਾ ਗਿਆ ਤੇ ਕਿ ਮਾਇਆ, ਹਉਮੈਂ, ਸਮਾਜਕ ਮਨੁਖੀ ਜ਼ਿੰਦਗੀ ਵਿਚ ਕਾਮ ਕ੍ਰੋਧ, ਲੋਭ ਮੋਹ, ਹੰਕਾਰ ਆਦਿ ਦਾ ਪ੍ਰਵੇਸ਼, ਸਭ ਵਹਿਸ਼ਤ, ਬਦੀ ਰਬ ਦੇ ਹੁਕਮ ਵਿਚ ਹੋ ਰਹੀ ਹੈ। ਉਸ ਦੀ, ਸਮਾਜਕ ਵੇਗ ਦੀ, ਸਮਾਜਕ ਉਸਾਰੀ ਦੇ ਕਾਨੂੰਨ ਦੀ ਆਪਣੀ ਕੀਤੀ ਸਿਰਜਣਾ ਹੈ। ਗੁਰਬਾਣੀ ਦੀ ਬੋਲੀ ਵਿਚ ਕਲਜੁਗ ਤੇ ਕਲੀ ਅੰਦਰ ਜੋ ਰਿਹਾ ਹੈ, ਜਿਸ ਤਰ੍ਹਾਂ ਦਾ ਵਹਿਸ਼ੀ ਬੰਦਾ ਬਣ ਰਿਹਾ ਹੈ ਤੇ ਵਹਿਸ਼ਤ ਖਲਾਰ ਰਿਹਾ ਹੈ, ਉਹ ਉਸ ਦੇ ਹੁਕਮ ਵਿਚ ਹੈ। "ਲਬੁ ਪਾਪੁ ਦੁਇ ਰਾਜਾ ਮਹਤਾ ਕੂੜ ਹੋਆ ਸਿਕਦਾਰੁ। ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ। ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ" ਉਸ ਦੇ ਹੁਕਮੁ ਤੋਂ ਬਾਹਰ ਨਹੀਂ। ਸਿਰਫ਼ ਏਥੇ ਹੀ ਬਸ ਨਹੀਂ। "ਜਿਸ ਨੋ ਆਪਿ ਖੁਆਏ ਕਰਤਾ ਖਸਿ ਲਏ ਚੰਗਿਆਈ।" ਜਿਸ ਨੂੰ ਉਸ ਨੇ ਆਪ ਖੁਆਰ ਕਰਨਾ ਹੁੰਦਾ ਹੈ, ਉਸ ਕੋਲੋਂ ਆਪ ਨੇਕੀ ਖੋਹ ਲੈਂਦਾ ਹੈ। **ਕਿਸੇ ਚੀਜ਼ ਦਾ ਰੱਬ ਦੇ ਹੁਕਮ ਅਨੁਸਾਰ, ਉਸ ਦੇ ਹੁਕਮ ਅੰਦਰ ਹੋਣਾ ਇਕ ਗੱਲ ਹੈ ਅਤੇ ਰਬ ਨੂੰ ਭਾਉਣਾ ਬਿਲਕੁਲ ਦੂਸਰੀ। ਰਬ ਨੂੰ ਭਾਉਂਦਾ ਸੰਤ ਹੈ, ਭਗਤ ਹੈ, ਗੁਰਮੁਖ ਹੈ, ਸਰਬਤ ਦਾ ਪਿਆਰ ਹੈ, ਸਰਬਤ ਦੇ ਪਿਆਰ 'ਤੇ ਆਧਾਰਤ ਸਮਾਜਕ ਮਨੁਖੀ ਜ਼ਿੰਦਗੀ ਹੈ।** ਇਹ ਰਬ ਦੇ ਹੁਕਮ ਦੀ ਡਾਇਲੈਕਟਿਕ ਹੈ। ਰਬ ਨੂੰ ਭਾਉਣ ਦੀ ਬਾਬਤ ਦੂਸਰਾ ਨੁਕਤਾ ਏਥੇ ਇਹ ਹੈ ਕਿ ਰਬ ਨੂੰ ਥਾਲ ਵਿਚ ਦੀਵੇ ਜਗਾਨੇ, ਫੁਲ ਚੜ੍ਹਾਉਣੇ ਆਰਤੀ ਨਹੀਂ ਲਗਦੀ। ਉਸਦੀਆਂ ਅੱਖਾਂ ਵਿਚ ਆਰਤੀ ਦਾ ਅਰਥ ਕੀ ਹੈ ? ਜ਼ਬਾਨੀ ਜਮ੍ਹਾਂ-ਖ਼ਰਚ ਨਾਲ ਉਸ ਦੀ ਪੂਜਾ ਨਹੀਂ, **ਬਲਕਿ ਸਮਾਜਕ ਮਨੁਖੀ ਜ਼ਿੰਦਗੀ ਦੀ ਕਾਇਆਂ-ਪਲਟੀ। ਕਲਜੁਗ ਵਾਲੀ ਤਰਜ਼ੇ-ਜ਼ਿੰਦਗੀ ਨੂੰ ਖ਼ਤਮ ਕਰਕੇ ਉਹ ਤਰਜ਼ੇ-ਜ਼ਿੰਦਗੀ ਰਾਇਜ ਕਰਨੀ ਜੋ ਸਰਬਤ ਦੇ ਪਿਆਰ 'ਤੇ ਆਧਾਰਤ ਹੈ।** ਗੁਰੂ ਸਾਹਿਬ ਦਾ ਰੱਬ ਗਲੀਂ ਬਾਤੀਂ ਨਹੀਂ ਰੀਝਦਾ। ਉਹ ਸਮਾਜਕ ਮਨੁਖੀ ਜ਼ਿੰਦਗੀ ਵਿਚ ਇਨਕਲਾਬ ਹੋਇਆ ਲੋੜਦਾ ਹੈ। ਇਨਕਲਾਬ ਦੀ ਕੀਮਤ ਮੰਗਦਾ ਹੈ।

ਅਗਲੀ ਤੁਕ ਵਿਚ 'ਮਕਰੰਦ' ਅਰਥ-ਭਰਪੂਰ ਹੈ। ਫੁਲ ਸਾਰਾ ਹੀ ਸੋਹਣਾ ਹੁੰਦਾ ਹੈ, ਪਰ ਉਸ ਵਿਚ ਸਭ ਨਾਲੋਂ ਮਿੱਠੀ ਤੇ ਕੀਮਤੀ ਚੀਜ਼ ਉਹ ਹੁੰਦੀ ਹੈ ਜਿਸ ਵਾਸਤੇ ਸ਼ਹਿਦ ਦੀ ਮੱਖੀ ਫੁਲ 'ਤੇ ਆਉਂਦੀ ਹੈ। ਉਹ ਆਪ ਸ਼ਹਿਦ ਲਿਜਾਂਦੀ ਹੈ, ਪਰ ਸ਼ਹਿਦ ਲਿਜਾਂਦੀ ਹੋਈ ਉਹ ਫੁਲਾਂ ਦੇ ਨਰ ਮਦੀਨ ਦਾ ਸੰਜੋਗ ਕਰਾਉਂਦੀ ਹੈ ਅਤੇ ਫੁਲ ਦੀ ਫ਼ਲ ਵਿਚ ਸਫਲਤਾ ਦਾ ਮੁੱਢ ਬੰਨ੍ਹਦੀ ਹੈ। ਗੁਰੂ ਸਾਹਿਬ ਕਹਿੰਦੇ ਹਨ : ਹੇ ਰੱਬਾ ! ਮੈਨੂੰ ਇਹੋ ਹੀ ਲਲਚਾ ਹੈ ਤੇਰੇ ਚਰਨ-ਕਮਲਾਂ ਦੇ ਮਕਰੰਦ ਦਾ, ਅੰਮ੍ਰਿਤ-ਰਸ ਦਾ। ਮੈਨੂੰ ਹਮੇਸ਼ਾਂ ਉਸ ਦੀ, ਨਾਮ ਦੀ ਹੀ ਪਿਆਸ ਲੱਗੀ ਰਹਿੰਦੀ ਹੈ। ਅੰਤ ਵਿਚ ਗੁਰੂ ਸਾਹਿਬ ਆਪਣੇ ਆਪ ਨੂੰ ਸਾਰਿੰਗ ਦੀ, ਪਪੀਹੇ ਦੀ ਸ਼ਕਲ ਵਿਚ ਪੇਸ਼ ਕਰਦੇ ਹਨ ਅਤੇ ਰੱਬ ਨੂੰ ਕਹਿੰਦੇ ਹਨ ਕਿ ਮੇਰੇ ਉਤੇ ਕਿਰਪਾ ਕਰ। ਮੈਨੂੰ ਉਹ ਜਲ ਦੇ ਜਿਸ ਦੇ ਨਾਲ ਮੇਰਾ ਵਾਸਾ

ਤੇਰੇ ਨਾਮ ਵਿਚ ਹੋਵੇ । ਮੈਂ ਤੇਰੇ ਨਾਮ ਦਾ ਸਰੂਪ ਹੋ ਜਾਵਾਂ । ਸੋ ਗੁਰੂ ਸਾਹਿਬ ਦੇ ਮੁਤਾਬਿਕ ਆਰਤੀ ਕੀ ਹੈ ? ਬੰਦੇ ਦਾ ਅਮਲੀ ਤੌਰ 'ਤੇ ਨਾਮ ਵਿਚ ਵਾਸਾ ।

ਗੁਰਬਾਣੀ ਦੀ ਬੋਲੀ ਵਿਚ ਸਾਰੀ ਸ੍ਰਿਸ਼ਟੀ, ਸਾਰੀ ਕੁਦਰਤ ਰੱਬ ਦੀ ਪੂਜਾ ਕਰ ਰਹੀ ਹੈ। ਸਮਾਜਕ ਮਨੁਖੀ ਬੋਲੀ ਵਿਚ ਇਹ ਆਰਤੀ ਕਿਸ ਦੀ ਹੋ ਰਹੀ ਹੈ ? ਰੱਬ ਵਾਲਿਆਂ ਦੀ। "ਸੰਤਾ ਕਉ ਮਤਿ ਕੋਈ ਨਿੰਦਹੁ, ਸੰਤ ਰਾਮੁ ਹੈ ਏਕੋ (ਕਬੀਰ ਸੂਹੀ ਲਲਿਤ) । ਇਹ ਆਰਤੀ ਹੋ ਰਹੀ ਹੈ ਸਤਿਗੁਰੂ ਦੀ, ਬ੍ਰਹਮ ਗਿਆਨੀ ਦੀ, ਸਾਧ ਦੀ, ਸੰਤ ਦੀ, ਭਗਤ ਦੀ, ਗੁਰਮੁਖ ਦੀ । ਇਹ ਮਨਮੁਖ ਦੀ, ਸਾਕਤ ਦੀ ਨਹੀਂ ਹੋ ਰਹੀ । ਕਿਉਂ ? ਕਿਉਂਕਿ ਉਹ ਸਹੀ ਅਰਥਾਂ ਵਿਚ ਗੁਰਬਾਣੀ ਦੇ ਰੱਬ ਨੂੰ ਪ੍ਰਵਾਨ ਬੰਦਾ ਹੀ ਨਹੀਂ ਹੈ । ਉਹ ਵਹਿਸ਼ੀ ਹੈ । ਉਹ ਤਾਂ ਬੰਦੇ ਦੀ ਜ਼ਾਤ ਨੂੰ ਵੱਟਾ ਹੈ । ਉਸ ਨੂੰ ਬਦਨਾਮ ਕਰ ਰਿਹਾ ਹੈ । ਉਸ ਦੀ ਖੁਨਾਮੀ ਕੀ ਹੈ ? ਉਹ ਪੈਸੇ ਦੇ ਅਧੀਨ ਹੈ । ਮਾਇਆ ਦੇ ਬੰਧਨ ਵਿਚ ਹੈ । ਹਉਮੈ ਦਾ ਪੁਤਲਾ ਹੈ । ਇਹ ਆਰਤੀ ਰੱਬ ਵਾਲਿਆਂ ਦੇ ਪੰਜ ਤੱਤ ਦੇ ਪੁਤਲੇ ਲਈ ਨਹੀਂ ਹੋ ਰਹੀ, ਉਹਨਾਂ ਦੀ ਪਰਾਪਤੀ ਲਈ ਹੋ ਰਹੀ ਹੈ । ਉਹਨਾਂ ਨੇ ਸ਼ਬਦ ਨਾਲ ਹਉਮੈ ਜਲਾਈ, ਉਸ ਲਈ ਹੋ ਰਹੀ ਹੈ । ਉਹਨਾਂ ਨਾਮ ਨੂੰ ਗ੍ਰਹਿਣ ਕਰਕੇ ਮਾਇਆ ਦੇ ਬੰਧਨ ਨੂੰ ਤੋੜਿਆ, ਉਸ ਲਈ ਹੋ ਰਹੀ ਹੈ । ਉਹਨਾਂ ਦੇ ਮਨੁਖੀ ਅਸਲੇ ਲਈ, ਸਰਬਤ ਦੇ ਪਿਆਰ ਲਈ, ਮਨੁਖਤਾ ਲਈ ਹੋ ਰਹੀ ਹੈ । ਆਜ਼ਾਦ ਮਨੁਖ ਲਈ ਹੋ ਰਹੀ ਹੈ । ਬੰਦੇ ਦੀ ਆਜ਼ਾਦੀ ਲਈ, ਸਰਬਤ ਦੀ ਆਜ਼ਾਦੀ ਲਈ ਹੋ ਰਹੀ ਹੈ । ਸਮਾਜਕ ਮਨੁਖੀ ਜ਼ਿੰਦਗੀ ਵਿਚ ਬੰਦੇ ਦੇ ਸਹੀ ਸਥਾਨ ਲਈ ਹੋ ਰਹੀ ਹੈ। "ਅਵਰ ਜੋਨਿ ਤੇਰੀ ਪਨਿਹਾਰੀ । ਇਸ ਧਰਤੀ ਮਹਿ ਤੇਰੀ ਸਿਕਦਾਰੀ । ਸੁਇਨਾ ਰੂਪਾ ਤੁਝ ਪਹਿ ਦਾਮ । ਸੀਲੁ ਬਗਾਰਿਓ ਤੇਰਾ ਕਾਮ ।"

ਇਸ ਆਰਤੀ ਰਾਹੀਂ ਬੰਦੇ ਨੂੰ ਕਿਹਾ ਕੀ ਜਾ ਰਿਹਾ ਹੈ ? ਕਿਹਾ ਇਹ ਜਾ ਰਿਹਾ ਹੈ ਕਿ ਹੇ ਬੰਦੇ ! ਤੂੰ ਸਾਰੀ ਕੁਦਰਤ ਦਾ ਸਰਦਾਰ ਹੈਂ । ਉਹ ਤੇਰੇ 'ਤੇ ਚੌਰ ਕਰ ਰਹੀ ਹੈ । ਤੇਰੇ ਵਾਸਤੇ ਇਹ ਧਰਤੀ ਸਵਰਗ ਹੋਣੀ ਚਾਹੀਦੀ ਹੈ । ਪਿਆ ਤੂੰ ਨਰਕ ਵਿਚ ਹੋਇਆਂ ਹੈਂ । ਇਹ ਧਰਤੀ ਸੰਤਾਂ, ਭਗਤਾਂ ਵਾਸਤੇ ਬਣੀ ਸੀ । ਤੇਰੀ ਆਜ਼ਾਦੀ ਵਾਸਤੇ, ਸਰਬਤ ਦੀ ਆਜ਼ਾਦੀ ਵਾਸਤੇ ਬਣੀ ਸੀ । ਤੇਰੀ ਗੁਲਾਮੀ ਵਾਸਤੇ, ਤੇਰੇ ਦਵਾਲੇ ਮਾਇਆ ਦੇ ਬੰਧਨ ਵਾਸਤੇ ਨਹੀਂ ਸੀ ਬਣੀ । ਤੇਰੀ ਆਜ਼ਾਦੀ ਵਾਸਤੇ ਸੀਧਾ ਤਿਆਰ ਹੈ । ਸਤਿਗੁਰੂ ਪ੍ਰਗਟਿਆ ਹੈ । ਉਹ ਨਾਮ ਦੇਂਦਾ ਹੈ । ਉਸ ਦਾ ਸਰੂਪ ਹੋ । ਆਪਣੇ ਦਵਾਲਿਉਂ ਮਾਇਆ ਦਾ ਬੰਧਨ ਤੋੜ । ਸੁਰਖ਼ਰੂ ਹੋ । ਆਪਣੇ ਸਹੀ ਸਥਾਨ 'ਤੇ ਪਹੁੰਚ । ਆਪਣੀ ਮਹਾਨਤਾ, ਸਫ਼ਲਤਾ, ਖ਼ੂਬਸੂਰਤੀ ਦਾ ਮੂੰਹ ਵੇਖ ।

ਇਹ ਆਜ਼ਾਦੀ ਦੀ ਦਸ਼ਾ ਵਲ ਨੂੰ ਪਰੇਰਨਾ ਹੈ । ਉਸ ਦੇ ਵਾਸਤੇ ਮਨ ਮੋਹਿਆ ਜਾ ਰਿਹਾ ਹੈ । ਕਿਥੇ ਸਾਰਾ ਅਸਮਾਨ ਚੰਦ, ਸੂਰਜ, ਸਭ ਤਾਰੇ, ਕੁਲ ਬਨਸਪਤੀ ਪਰਨਾਮ ਕਰਨ ਤੇ ਕਿਥੇ ਹੱਥਾਂ ਦੀ ਮੈਲ, ਨਿਗੂਣੇ ਛਿੱਲੜ ਲਗਾਮ ਪਾਈ ਫਿਰਨ, ਖੁਆਰ ਕਰਨ, ਜ਼ਲੀਲ ਕਰਨ, ਜੂਨ ਵਿਗਾੜਨ । ਇਥੇ ਗੁਲਾਮ ਬਣੇ ਬੰਦੇ ਦੀ ਖੁਦਦਾਰੀ ਜਗਾਈ ਜਾ ਰਹੀ ਹੈ । ਉਸ ਨੂੰ ਕਰਕਾਂ ਦਿਤੀਆਂ ਜਾ ਰਹੀਆਂ ਹਨ । ਲਗਾਮ ਪਵਾਈ, ਧੂਹੀ ਦੇ ਫਿਰਦੇ ਨੂੰ, ਐਵਿਉਂ ਸਾਵੇਂ ਵਿਕਦੇ ਨੂੰ ਉਸ ਦੀ ਅਥਾਹ ਹੋਣੀ ਦਾ ਅਹਿਸਾਸ ਕਰਵਾਇਆ ਜਾ ਰਿਹਾ ਹੈ ! ਉਸ ਦੀ universality ਦੀ ਸੰਭਾਵਨਾ ਬੇਨਿਕਾਬ ਕੀਤੀ ਜਾ ਰਹੀ ਹੈ । ਦੁਆਨੀਉਂ ਖੋਟੇ ਹੋਏ ਨੂੰ ਉਸ ਦੀ universality ਪ੍ਰਤੱਖ ਵਿਖਾਈ ਜਾ ਰਹੀ ਹੈ । ਸਭ ਕੁਦਰਤ ਵਲੋਂ ਆਜ਼ਾਦ ਬੰਦੇ ਦੀ ਸਰਦਾਰੀ ਦੀ, ਸਰਬਤ ਦੀ ਆਜ਼ਾਦੀ ਦੀ ਆਰਤੀ ਹੀ ਨਹੀਂ ਕੀਤੀ ਜਾ ਰਹੀ, ਸਰਬਤ



ਦੀ ਆਜ਼ਾਦੀ ਨੂੰ ਸਭਸ ਚੀਜ਼ ਨਾਲੋਂ ਉੱਤਮ, ਵਡਮੁੱਲਾ ਤੇ ਸਦਾ ਰਹਿਣ ਵਾਲਾ ਸੱਚ ਹੀ ਕਰਾਰ ਨਹੀਂ ਦਿਤਾ ਜਾ ਰਿਹਾ, ਸਿਰਫ਼ ਇਹ ਹੀ ਨਹੀਂ ਗ੍ਰਹਿਣ ਕਰਾਇਆ ਜਾ ਰਿਹਾ ਕਿ ਇਸ ਦੇ ਮੁਕਾਬਲੇ 'ਤੇ ਹੋਰ ਸਭ ਕੁਝ ਹੇਚ ਹੈ, ਕੂੜ ਹੈ, ਕੌਡੀਉਂ ਖੋਟਾ ਹੈ. ਬਲਕਿ ਕਵਿਤਾ ਤੇ ਮਜ਼੍ਹਬ ਦੀ ਬੋਲੀ ਵਿਚ ਆਜ਼ਾਦੀ ਦੀ ਉਸਾਰੀ ਦੇ ਰਾਹ ਵਲ ਵੀ ਇਸ਼ਾਰਾ ਕੀਤਾ ਜਾ ਰਿਹਾ ਹੈ ਕਿ ਬੰਦੇ ਦੀ ਆਪਣੀ ਆਜ਼ਾਦੀ ਦੀ ਉਸਾਰੀ ਦੇ ਅਮਲ ਵਾਸਤੇ ਖੇਤਰ ਸਾਰੀ ਕੁਦਰਤ ਹੈ । ਜਿਸ ਤਰ੍ਹਾਂ ਕੁਦਰਤ ਨੂੰ ਵੀ ਕੋਈ ਹੱਦ ਬੰਨਾ ਨਹੀਂ, ਏਸ ਤਰ੍ਹਾਂ ਹੀ ਬੰਦੇ ਦੀ, ਸਰਬਤ ਦੀ ਆਜ਼ਾਦੀ ਨੂੰ ਵੀ ਕੋਈ ਪਾਰਲਾ ਕੰਢਾ ਨਹੀਂ । ਇਸ ਦਾ ਮੂੰਹ ਸਦਾ ਖੁਲ੍ਹਾ ਹੈ । ਇਹ ਉਹ ਹੀ ਸੱਚ ਬਿਆਨ ਹੈ ਜੋ ਮਾਰਕਸ ਨੇ ਮਗਰੋਂ ਆਣਕੇ ਸਾਇੰਟਿਫਿਕ ਬੋਲੀ ਵਿਚ ਦਸਿਆ ਹੈ : "The universality of man is in practice manifested precisely in the universality which makes all nature his inorganic body..."

SPECIALIST IN
MAGAZINE
DAILY, WEEKLY &
BOOK PRINTING
LOK
PRINTERS
A/12 KRISHAN NAGAR DELHI-51

■ **'ਲਹੂ ਦੀ ਲੋਅ' ਦੇ ਰਾਜਸੀ ਤੇ ਇਤਿਹਾਸਕ ਨਿਰਣੈ :** ਪ੍ਰੋ: ਅਜਮੇਰ ਸਿੰਘ ਔਲਖ 'ਲਹੂ ਦੀ ਲੋਅ' ਨੂੰ ਆਪਣੇ ਲੇਖ ('ਸੇਧ, ਜੂਨ-77,) ਵਿਚ ਇਕ ਇਤਿਹਾਸਕ ਤੇ ਰਾਜਸੀ ਦਸਤਾਵੇਜ਼ ਮੰਨਦਾ ਹੈ। (ਹਾਲਾਂਕਿ ਮਾਨਸਾ ਵਿਖੇ ਉਹ ਤੇ ਉਹਦੇ ਪੱਖੀ ਇਹ ਗੱਲ ਮੰਨਣ ਲਈ ਤਿਆਰ ਨਹੀਂ ਸਨ,[1]) ਪਰੰਤੂ ਜਦੋਂ ਅਸੀਂ ਕਿਸੇ ਲਿਖਤ ਨੂੰ ਰਾਜਸੀ ਲਿਖਤ ਕਹਿੰਦੇ ਹਾਂ ਤਾਂ ਉਹਦਾ ਰਾਜਸੀ ਨਿਰਣਾ ਕਰਨਾ ਵੀ ਜ਼ਰੂਰੀ ਹੋ ਜਾਂਦਾ ਹੈ। ਇਸ ਲਈ ਜਸਵੰਤ ਸਿੰਘ ਕੰਵਲ ਵਲੋਂ ਇਸ ਨਾਵਲ ਵਿਚ ਕੀਤੇ ਨਿਰਣੈ ਦੋ ਪੱਖਾਂ ਤੋਂ ਵੇਖਣੇ ਬਣਦੇ ਹਨ। **ਪਹਿਲਾ** ਨਕਸਲਵਾੜੀ ਲਹਿਰ ਨੂੰ ਇਕ ਕਮਿਊਨਿਸਟ ਤੇ ਮਾਰਕਸੀ ਲਹਿਰ ਵਜੋਂ ਪੇਸ਼ ਕੀਤਾ ਜਾਂਦਾ ਹੈ—ਇਸ ਸੰਦਰਭ ਵਿਚ ਇਹ ਨਿਰਣੈ ਕਿੰਨੇ ਕੁ ਦਰੁਸਤ ਹਨ ? **ਦੂਜੇ,** ਕੀ ਨਕਸਲਵਾੜੀ ਲਹਿਰ ਵਲੋਂ ਕੀਤੇ ਗਏ ਰਾਜਸੀ ਨਿਰਣੈ ਦਰੁਸਤ ਤੌਰ 'ਤੇ ਨਾਵਲ ਵਿਚ ਅੰਕਤ ਕੀਤੇ ਗਏ ਹਨ ? ਪਰੰਤੂ ਪੜਤਾਲ ਕਰਨ 'ਤੇ ਪਤਾ ਲਗਦਾ ਹੈ ਕਿ ਨਾਵਲ ਵਿਚ ਇਸ ਲਹਿਰ ਨੂੰ ਨਾ ਤਾਂ ਕਮਿਊਨਿਸਟ ਤੇ ਮਾਰਕਸੀ ਲਹਿਰ ਵਜੋਂ ਪੇਸ਼ ਕੀਤਾ ਜਾ ਸਕਿਆ ਹੈ ਅਤੇ ਨਾ ਹੀ ਨਕਸਲਵਾੜੀ ਲਹਿਰ ਦੇ ਰਾਜਸੀ ਨਿਰਣੈ ਦਰੁਸਤ ਤੌਰ 'ਤੇ ਪੇਸ਼ ਕੀਤੇ ਜਾ ਸਕੇ ਹਨ।

ਮੁਢ ਵਿਚ, ਜਮਾਤੀ ਤੌਰ 'ਤੇ ਚੇਤਨ, ਸਿਧਾਂਤਕ ਤੌਰ 'ਤੇ ਮਾਰਕਸਵਾਦ-ਲੈਨਿਨਵਾਦ ਤੇ ਮਾਓਵਾਦ ਵਿਚ ਪੂਰੀ ਤਰ੍ਹਾਂ ਨਿਪੁੰਨ, ਮਜ਼ਦੂਰ ਜਮਾਤ ਦਾ ਹਰਾਵਲ ਦਸਤਾ ਹੋਣ ਵਾਲੀ ਜਨਤਕ ਪਾਰਟੀ ਬਣਾਉਣ ਦੀ ਥਾਂ "ਸਿਰਲੱਥਾਂ ਦਾ ਜਥਾ ਬਣਾ ਕੇ ਬਰਮੀਆਂ ਫਿਰਣ" ਦੀ ਗੱਲ ਕੀਤੀ ਗਈ ਹੈ।[2] ਐਨੀ ਧੁੰਦਲੀ ਰਾਜਸੀ ਗੱਲ ਤਾਂ ਕੌਮੀ ਲਹਿਰ ਵੇਲੇ ਕੌਮੀ ਇਨਕਲਾਬੀਆ[3] ਨੇ ਵੀ ਨਹੀਂ ਕਹੀ ਸੀ। ਇਹੋ ਮੁਢਲਾ ਧੁੰਦਲਾਪਣ ਸਾਰੇ ਨਾਵਲ ਤੇ ਭਾਰੂ ਹੈ। ਇਥੋਂ ਤਕ ਜਦੋਂ ਮੁਢਲੀ ਮੀਟਿੰਗ ਹੁੰਦੀ ਹੈ, ਉਸ ਸਮੇਂ ਵੀ ਨਾਇਕ ਮਿਹਰ ਸਿੰਘ "ਅਸੀਂ ਇਥੇ ਸਿਰਲੱਥਾਂ ਦੀ ਜਥੇਬੰਦੀ ਬੰਣਨ ਵਾਸਤੇ ਜੁੜੇ ਆਂ"[4] ਕਹਿੰਦਾ ਹੈ। ਜਮਾਤੀ ਤੌਰ 'ਤੇ ਚੇਤਨ ਹੋ ਕੇ ਆਪਣੀਆਂ ਬੁਨਿਆਦੀ ਜਮਾਤਾਂ ਨੂੰ ਲਾਮਬੰਦ ਕਰਕੇ ਇਕ ਲੰਮਾ ਤੇ ਸਿਰੜੀ ਸੰਘਰਸ਼ ਲੜਨ ਦੀ ਤਿਆਰੀ ਕਰਨ ਦੀ ਥਾਂ "ਬਾਬਾ ਦੀਪ ਸਿੰਘ ਵਾਂਗ ਸਿਰ ਤਲੀ 'ਤੇ ਧਰਨ"[5] ਦੀ ਗੱਲ ਕੀਤੀ ਜਾਂਦੀ ਹੈ। ਇਹ ਕੁਝ ਨਾ ਮਾਰਕਸਵਾਦ ਹੈ, ਨਾ ਮਾਓਵਾਦ, ਕੇਵਲ ਧੁੰਦਲਾ ਆਦਰਸ਼ਵਾਦ ਹੈ।

ਸਾਥੀ ਲੈਨਿਨ ਨੇ 1903-4 ਦੇ ਕਰੀਬ ਮਜ਼ਦੂਰ ਪਾਰਟੀ ਲਈ ਇਕ ਢੁਕਵਾਂ ਜਥੇਬੰਦਕ ਢਾਂਚਾ ਉਲੀਕਿਆ ਸੀ ਜਿਹੜਾ ਨਾ ਤਾਂ ਅਨਾਰਕਿਸਟਾਂ ਵਾਂਗ ਅੱਤ ਗੁਪਤ ਸੀ, ਨਾ ਹੀ ਸੁਧਾਰਵਾਦੀਆਂ ਵਾਂਗ ਬੇਹਦ ਮੋਕਲਾ। ਇਸ ਵਿਚ ਸ਼ਮੂਲੀਅਤ ਦੀ ਸ਼ਰਤ ਜਮਾਤੀ ਤੇ ਸਿਧਾਂਤਕ ਚੇਤਨਾ ਸੀ, "ਮਰ ਮਿਟਣ" ਦਾ ਅੰਨ੍ਹਾਂ ਵਿਸ਼ਵਾਸ ਨਹੀਂ ਸੀ। ਸਿਧਾਂਤਕ ਤੌਰ 'ਤੇ ਅਸਹਿਮਤ ਹੋਣ ਦੀ ਸੂਰਤ ਵਿਚੋਂ ਨਿਕਲ ਜਾਣ ਦੀ ਖੁਲ੍ਹ ਸੀ। ਇਸ ਦੀ ਸਜ਼ਾ ਮੌਤ ਨਹੀਂ ਸੀ ਕੇਵਲ ਪਾਰਟੀ ਸਫ਼ਾਂ ਵਿਚੋਂ ਛੇਕੇ ਜਾਣਾ ਹੀ ਸਭ ਤੋਂ ਵੱਡੀ ਸਜ਼ਾ ਸੀ। ਇਸੇ ਜ਼ਾਬਤੇ ਦੀ ਪਰੋੜਤਾ ਮੁੜ ਤੀਜੀ ਇੰਟਰਨੈਸ਼ਨਲ ਨੇ ਆਪਣੇ ਜਥੇਬੰਦਕ ਮਤਿਆਂ ਵਿਚ ਕੀਤੀ ਸੀ। ਅਜ ਸੰਸਾਰ ਭਰ ਦੀਆਂ ਸਾਰੀਆਂ ਕਮਿਊਨਿਸਟ ਪਾਰਟੀਆਂ ਸਣੇ ਚੀਨ ਦੀ ਪਾਰਟੀ ਦੇ, ਇਸ ਨੂੰ ਕਬੂਲਦੀਆਂ ਹਨ। ਪਰ ਨਾਵਲ ਵਿਚ ਉਸਾਰੀ ਪਾਰਟੀ ਦਾ



ਮੈਂਬਰ ਬਣਨ ਪਿਛੋਂ ਇਸ ਵਿਚੋਂ ਨਿਕਲਣ ਦੀ ਸਜ਼ਾ ਮੌਤ ਮਿਥੀ ਗਈ ਹੈ,[6] ਜੋ ਕੇਵਲ ਆਤੰਕਵਾਦੀ ਗਰੁਪਾਂ ਵਿਚ ਹੀ ਹੁੰਦੀ ਹੈ। ਇਸ ਲਈ ਮੁੱਢ ਵਿਚ ਹੀ ਇਕ ਮਾਰਕਸੀ ਲੈਨਿਨੀ ਪਾਰਟੀ ਦੀ ਨੀਂਹ ਧਰਨ ਦੀ ਥਾਂ ਇਕ ਟੈਰੋਰਿਸਟ ਗਰੁਪ ਦੀ ਨੀਂਹ ਧਰੀ ਜਾਂਦੀ ਹੈ।

ਪਰੋਗਰਾਮਾਂ ਵਜੋਂ ਇਹ ਗਰੁਪ ਜਾਂ ਪਾਰਟੀ ਕੋਈ ਜਮਾਤੀ ਸੰਘਰਸ਼ ਲਾਮਬੰਦ ਕਰਨਾ ਤੇ ਲੜਨਾ ਨਹੀਂ ਮਿਥਦੀ, ਬਲਕਿ ਲੋਕਾਂ ਦੀਆਂ ਨਜ਼ਰਾਂ ਵਿਚ ਆਉਣ ਲਈ ਕੋਈ "ਕਾਰਨਾਮਾਂ ਕਰਨਾ ਮਿਥਦੀ ਹੈ।"[7] ਕਿਸੇ ਵੇਲੇ ਕੌਮੀ ਲਹਿਰ ਸਮੇਂ ਭਾਰਤੀ ਕੌਮੀ ਇਨਕਲਾਬੀਆਂ ਨੇ ਵੀ ਇਹੋ ਕੁਝ ਕਰਨਾ ਮਿਥਿਆ ਸੀ, ਪਰ ਉਸ ਸਮੇਂ ਉਹ ਮਾਰਕਸੀ-ਲੈਨਿਨੀ ਜਮਾਤੀ ਸਾਇੰਸ ਤੋਂ ਜਾਣੂੰ ਨਹੀਂ ਸਨ।

ਪਾਰਟੀ ਲੀਡਰ ਪਾਰਟੀ ਨੂੰ ਦਰੁਸਤ ਲੀਹਾਂ 'ਤੇ ਤੋਰਨ ਲਈ 'ਫ਼ੋਲਾਦੀ ਜ਼ਾਬਤੇ' ਦੀ ਵਰਤੋਂ ਨਹੀਂ ਕਰਦਾ, ਬਲਕਿ ਉਹ "ਹੀਣੀ ਭੁਲ ਕਰਕੇ ਜਮਾਤ ਨੂੰ ਜੁੜੀ ਰਖਣ"[8] ਦਾ ਯਤਨ ਕਰਦਾ ਹੈ ਅਤੇ ਪੁਲਸ ਵਿਰੁਧ ਐਕਸ਼ਨ ਕਰਨ ਦੇ ਫ਼ੈਸਲੇ ਨੂੰ ਕਬੂਲਦਾ ਹੈ। ਇਹ ਕੁਝ ਨਾ ਤਾਂ ਮਾਰਕਸ-ਵਾਦ ਦੇ ਅਨੁਕੂਲ ਹੈ ਨਾ ਹੀ ਆਤੰਕਵਾਦੀ ਜਥੇਬੰਦਕ ਅਸੂਲਾਂ ਦੇ।

ਨਾਵਲ ਵਿਚ ਦੇਸ਼ ਦੀ ਰਾਜਸੀ ਸਥਿਤੀ ਦਾ ਨਿਰਣਾ ਨਕਸਲਵਾਦੀ ਨਿਰਣੈ ਦੇ ਮੁਤਾਬਿਕ ਨਹੀਂ। ਉਹ ਦੇਸ਼ ਵਿਚ ਸਰਮਾਏਦਾਰੀ ਦੇ ਨਾਲ ਜਾਗੀਰਦਾਰੀ ਦੀ ਹੋਂਦ ਮੰਨਦੇ ਹਨ। ਤੇ ਇਸ ਨੂੰ ਰਾਜ-ਸੱਤਾ ਵਿਚ ਭਾਗੀ ਹੋਣਾ ਵੀ ਕਬੂਲਦੇ ਹਨ। ਪਰ ਨਾਵਲ ਵਿਚ ਦਸਿਆ ਗਿਆ ਹੈ : "ਸਾਡੀ ਦੁਸ਼ਮਣ ਨੰਬਰ ਇਕ ਕਾਬਜ ਸਰਮਾਏਦਾਰੀ ਹੈ। ਜਾਗੀਰਦਾਰੀ ਤਾਂ ਅਜ ਵਿਚਾਰੀ ਹੋ ਕੇ ਰਹਿ ਗਈ ਹੈ।"[9] ਇਸ ਨਿਰਣੈ ਨੂੰ ਮੁਖ ਰਖ ਕੇ ਇਨਕਲਾਬ ਦਾ ਖ਼ਾਸਾ ਲੋਕ ਜਮਹੂਰੀ ਦੀ ਥਾਂ ਸੋਸ਼ਲਿਸਟ ਮਿਥਿਆ ਜਾਂਦਾ ਹੈ। "ਅਸਾਂ ਸੱਟ ਬੁਰਜਵਾਜ਼ੀ ਦੀ ਰੀੜ੍ਹ ਉਤੇ ਮਾਰਨੀ ਹੈ। ਬੁਰਜਵਾ ਇਨਕਲਾਬ ਤੋਂ ਪਿਛੋਂ ਸਿੱਧਾ ਸੋਸ਼ਲਿਸਟ ਇਨਕਲਾਬ ਲੈ ਆਉਣਾ ਹੈ।"[10]

ਨਾਵਲ ਵਿਚ ਮਾਓਵਾਦ ਤੇ ਲਿਨ ਪਿਉ ਦੇ ਲੋਕ-ਯੁਧ ਦੇ ਥੀਸਸ ਦਾ ਜ਼ਿਕਰ ਤਾਂ ਹੈ, ਪਰ ਉਸ ਬਾਰੇ ਕਿ ਉਹ ਕੀ ਹੈ ਤੇ ਉਹ ਭਾਰਤ ਉਤੇ ਕਿਵੇਂ ਲਾਗੂ ਹੁੰਦਾ ਹੈ—ਨਾਵਲ ਵਿਚ ਕੋਈ ਜ਼ਿਕਰ ਨਹੀਂ ਹੈ। ਮੂਲ ਥੀਸਸ ਹੱਥ ਹੇਠਾਂ ਨਾ ਹੋਣ ਕਾਰਨ ਹਵਾਲੇ ਨਾ ਦੇਣ ਦੀ ਖਿਮਾਂ ਮੰਗਦਾ ਹਾਂ। ਪਰ ਉਸ ਦੀ ਮੋਟੀ ਮੋਟੀ ਸੂਝ ਇਹ ਹੈ ਕਿ ਭਾਰਤ ਦੀ ਬੁਰਜਵਾਜ਼ੀ ਕੰਮਪਰਾਡੋਰ ਹੈ, ਭਾਵ ਸਾਮਰਾਜ ਦੀ ਦੱਲੀ ਹੈ। ਇਹ ਜਾਗੀਰਦਾਰੀ ਤੇ ਸਾਮਰਾਜੀ ਹਿੱਤਾਂ ਦੀ ਰਖਵਾਲੀ ਹੈ। ਇਸ ਲਈ ਇਸ ਵਿਰੁਧ ਹਥਿਆਰਬੰਦ ਸੰਘਰਸ਼ ਪਿੰਡਾਂ ਦੇ ਜਗੀਰਦਾਰੀ ਇਲਾਕਿਆਂ ਵਿਚੋਂ ਮੁਜ਼ਾਰਿਆਂ ਨੂੰ ਧੁਰ ਬਣਾ ਕੇ ਆਰੰਭ ਕਰਨਾ ਚਾਹੀਦਾ ਹੈ। ਇਹ ਸੰਘਰਸ਼ 'ਸੋਸ਼ਲਿਸਟ ਇਨਕਲਾਬ' ਨਹੀਂ ਹੋਵੇਗਾ ਬਲਕਿ ਲੰਮਾ ਤੇ ਸਿਰੜੀ ਹੋਵੇਗਾ, ਜਿਹੜਾ ਲੰਮੇ ਸਮੇਂ ਲਈ ਚਲੇਗਾ। ਇਸ ਤਰ੍ਹਾਂ ਇਹ ਨਿਰਣਾ 'ਨਕਸਾਲੀ ਨਿਰਣਾ' ਨਾ ਹੋਕੇ ਕੇਵਲ ਨਾਵਲਕਾਰ ਦਾ ਅੰਤਰਮੁਖੀ ਨਿਰਣਾ ਰਹਿੰਦਾ ਹੈ।

ਬਾਈ ਜਸਵੰਤ ਸਿੰਘ ਕੰਵਲ ਲੰਮੇ ਸਮੇਂ ਤਕ ਸੱਜੇ ਕਮਿਊਨਿਸਟਾਂ ਨਾਲ ਰਿਹਾ ਹੈ। ਉਹਨਾਂ ਦੀ ਸਿਆਸਤ ਨੂੰ ਚੰਗੀ ਤਰ੍ਹਾਂ ਸਮਝਦਾ ਤੇ ਮੰਨਦਾ ਰਿਹਾ ਹੈ। ਨਾਵਲ ਵਿਚ ਵੀ ਉਹ ਇਸ ਦੀ ਵਿਆਖਿਆ ਕਰਦਾ ਹੈ। "ਕਾਂਗਰਸ ਵਿਚ ਜ਼ਾਹਰਾ ਹੀ ਦੋ ਧੜ ਸਨ। ਇਕ ਕਮਿਊਨਿਸਟ ਪਾਰਟੀ ਰਾਹੀਂ ਰੂਸ ਨੂੰ ਆਪਣੀ ਪਿੱਠ ਉਤੇ ਸਮਝਦਾ ਸੀ ਤੇ ਸਮਾਜਵਾਦ ਦੇ ਮੁੜ ਮੁੜ ਦਿਤੇ ਨਾਹਰਿਆਂ ਨਾਲ ਲੋਕਾਂ ਦਾ ਧਿਆਨ ਆਪਣੀ ਵਲ ਖਿੱਚੀ ਰਖਦਾ। ਹਕੂਮਤ ਦੀ ਵਾਗ ਡੋਰ ਨਿਰਪਖਤਾ ਦੀ ਪਾਲਿਸੀ ਅਧੀਨ ਇਸ ਧੜੇ ਹੱਥ ਸੀ। ਦੂਜਾ ਗਰੁਪ ਕਿਸੇ ਤਰ੍ਹਾਂ ਰੀਐਕਸ਼ਨਰੀ ਪਾਰਟੀਆਂ ਨਾਲ ਭਿਆਲੀ ਪਾਕੇ ਗੱਦੀਆਂ ਮੱਲਣ ਦਾ ਚਾਹਵਾਨ ਸੀ।"[11] ਇਸ ਨਿਰਣੈ ਨੂੰ ਨਕਸਲਵਾਦੀ

ਨਹੀਂ ਕਬੂਲਦੇ ।

ਨਕਸਲਵਾੜੀ ਲਹਿਰ ਦਾ ਮੋਢੀ ਚਾਰੂ ਮੌਜਮਦਾਰ ਅਕਸਰ ਮਾਓ ਦਾ ਭਗਤ ਦਸਿਆ ਜਾਂਦਾ ਹੈ । ਪਰੰਤੂ ਨਾਵਲ ਵਿਚ ਨਾਵਲਕਾਰ ਉਹਨੂੰ ਕਾਲੀ ਦਾ ਭਗਤ[12] ਦਸਦਾ ਹੈ । ਹੋ ਸਕਦਾ ਹੈ ਕਿ ਨਾਵਲਕਾਰ ਨੇ ਉਹਨੂੰ ਬੰਗਾਲੀ ਦੱਸਣ ਲਈ ਸੰਕੇਤਕ ਰੂਪ ਵਿਚ ਕਾਲੀ ਸ਼ਬਦ ਵਰਤਿਆ ਹੋਵੇ, ਪਰ ਇਸੇ ਤੋਂ ਨਾਵਲਕਾਰ ਦੀ ਆਦਰਸ਼ਕ ਸੋਚ ਦਾ ਪਰਗਟਾਅ ਹੀ ਹੁੰਦਾ ਹੈ । ਕਿਸੇ ਲਿਖਤ ਵਿਚ ਇਤਿਹਾਸਕ ਤੱਤਾਂ ਦਾ ਜ਼ਿਕਰ ਹਕੀਕਤਾਂ ਉਤੇ ਆਧਾਰਤ ਤੱਥਾਂ 'ਤੇ ਆਧਾਰਤ ਹੋਣਾ ਚਾਹੀਦਾ ਹੈ । ਸੁਣੀਆਂ ਸੁਣਾਈਆਂ ਗੱਲਾਂ ਨੂੰ ਆਧਾਰ ਬਣਾ ਕੇ ਵਰਨਣ ਕਰਨਾ ਇਤਿਹਾਸ ਤੇ ਸਬੰਧਤ ਧਿਰ, ਦੋਨਾਂ ਨਾਲ ਅਨਿਆਂ ਹੈ । ਸ਼ਾਹ ਮੁਹੰਮਦ ਨੇ ਆਪਣੀ ਵਾਰ ਵਿਚ ਸੁਣੇ ਸੁਣਾਏ ਤੱਥਾਂ 'ਤੇ ਆਧਾਰਤ ਮਹਾਰਾਣੀ ਜਿੰਦਾਂ ਵਲੋਂ ਸਿੱਖ ਫ਼ੌਜਾਂ ਨੂੰ ਸਰ੍ਹੋਂ ਦੇਣ ਦੀ ਗੱਲ ਕਹੀ ਹੈ, ਜਿਸ ਕਾਰਨ ਸਮੁਚੇ ਇਤਿਹਾਸ ਦਾ ਮੁਹਾਂਦਰਾ ਵਿਗੜ ਗਿਆ ਹੈ । ਬਾਈ ਕੰਵਲ ਵੀ ਜਿਸ ਸਮੇਂ ਕਮਿਊਨਿਸਟ ਲਹਿਰ ਵਿਚ ਫੁਟ ਪੈਣ ਦਾ ਜ਼ਿਕਰ ਕਰਦਾ ਹੈ, ਉਸ ਸਮੇਂ ਹਕੀਕਤਾਂ ਤੇ ਤੱਥਾਂ ਨੂੰ ਮੁਹਰੇ ਨਹੀਂ ਰਖਦਾ ਕੇਵਲ ਅੰਤਰਮੁਖੀ ਗੱਲ ਕਰਦਾ[13] ਹੈ । ਅਜ ਇਸ ਗੱਲ ਤੋਂ ਕੋਈ ਵੀ ਇਨਕਾਰੀ ਨਹੀਂ ਕਿ ਕਮਿਊਨਿਸਟ ਲਹਿਰ ਵਿਚ 1462-64 ਵਿਚ ਪਈ ਫੁਟ ਪੁਰਾਣੀ ਸਿਧਾਂਤਕ ਫੁਟ ਦਾ ਕਾਰਨ ਸੀ । ਲੀਡਰਾਂ ਦੀ ਚੌਧਰ ਦਾ ਝਗੜਾ ਨਹੀਂ ਸੀ । ਇਸ ਗੱਲ ਦੀ ਪੁਸ਼ਟੀ ਸੱਜੀ ਕਮਿਊਨਿਸਟ ਪਾਰਟੀ ਦੇ ਜਨਰਲ ਸਕੱਤਰ ਰਾਜੇਸ਼ਵਰ ਰਾਉ ਨੇ ਆਪ ਕੀਤੀ ਹੈ ।13a ਜੇਕਰ ਉਹ ਨਿਰਣਾ ਜਿਹੜਾ ਨਾਵਲ ਵਿਚ ਫੁਟ ਦਾ ਕੀਤਾ ਗਿਆ ਹੈ, ਮੰਨ ਲਈਏ ਤਾਂ ਇਸ ਫੁਟ ਨੂੰ ਦੂਰ ਕਰਨ ਦਾ ਕੋਈ ਸਿਧਾਂਤਕ ਆਧਾਰ ਨਹੀਂ ਬਣਦਾ । ਇਸ ਤਰ੍ਹਾਂ ਕਦੇ ਵੀ ਕਮਿਊਨਿਸਟ ਏਕਤਾ ਨਹੀਂ ਹੋ ਸਕੇਗੀ ।

ਲਾਲ ਕਮਿਊਨਿਸਟ ਪਾਰਟੀ ਦੇ ਬਣਨ ਬਾਰੇ ਕੀਤੀ ਵਿਆਖਿਆ ਵੀ ਪੂਰੀ ਤਰ੍ਹਾਂ ਤੱਥਾਂ 'ਤੇ ਆਧਾਰਤ ਨਹੀਂ, ਇਕ ਪਾਸੜ ਹੈ । ਕਾਮਰੇਡ ਤੇਜਾ ਸਿੰਘ ਸੁਤੰਤਰ ਦੇ ਕਮਿਊਨਿਸਟ ਪਾਰਟੀ ਦੀ ਨੀਤੀ ਤੇ ਪਰੋਗਰਾਮ ਨਾਲ ਬੁਨਿਆਦੀ ਵਿਰੋਧ ਸਨ, ਜਿਨ੍ਹਾਂ ਕਾਰਨ ਸਾਰਾ ਸੰਕਟ ਖੜਾ ਹੋਇਆ ਤੇ ਲਾਲ ਕਮਿਊਨਿਸਟ ਪਾਰਟੀ ਬਣੀ । ਇਹ ਗੱਲ ਐਨੀ ਸਿੱਧੀ ਨਹੀਂ ਜਿੰਨੀ ਨਾਵਲ ਵਿਚ ਦਸੀ ਗਈ ਹੈ । ਇਹ ਬਹੁਤ ਡੂੰਘੀ ਪੁਣਛਾਣ ਮੰਗਦੀ ਹੈ ।

ਇਕ-ਪਾਸੜ ਤੇ ਉਲ੍ਹਾਰ ਹੋਣਾ ਕਲਾ ਲਈ ਘਾਤਕ ਤੇ ਕਲਾਕਾਰ ਦੀ ਸੂਝ ਤੇ ਈਮਾਨਦਾਰੀ ਨੂੰ ਸ਼ਕੀ ਬਣਾਉਂਦਾ ਹੈ । ਭਾਈ ਵੀਰ ਸਿੰਘ ਦੇ ਨਾਵਲਾਂ ਦੇ ਸਿਖ ਪਾਤਰ ਦਲੇਰ, ਈਮਾਨਦਾਰ ਤੇ ਸਰਵ ਕਲਾ ਭਰਪੂਰ ਹਨ, ਪਰੰਤੂ ਮੁਸਲਮਾਨਾਂ ਵਿਚ ਸਾਰੇ ਭੈੜ ਹਨ, ਕੋਈ ਗੁਣ ਨਹੀਂ । ਇਸੇ ਤਰ੍ਹਾਂ ਬਾਈ ਜਸਵੰਤ ਸਿੰਘ ਕੰਵਲ ਦੋਨਾਂ ਕਮਿਊਨਿਸਟ ਪਾਰਟੀਆਂ (C.P.I ਤੇ C.P.I.M) ਦਾ ਜ਼ਿਕਰ ਕਰਦਿਆਂ ਪੂਰਨ ਤੌਰ 'ਤੇ ਉਲਾਰ ਤੇ ਇਕ-ਪਾਸੜ ਹੈ । ਉਹਨੂੰ ਦੋਨਾਂ ਪਾਰਟੀਆਂ ਵਿਚ ਕੋਈ ਵੀ ਚੰਗਿਆਈ ਨਹੀਂ ਦਿਸਦੀ । ਇਹਨਾਂ ਪਾਰਟੀਆਂ ਵਿਚ ਕੰਮ ਕਰਦੇ ਲੱਖਾਂ ਵਰਕਰ "ਕਾਠ ਦੇ ਉਲੂ" ਦਿਸਦੇ ਹਨ, ਜਿੰਨ੍ਹਾਂ ਦੀ ਆਪਣੀ ਕੋਈ ਸੂਝ ਜਾਂ ਕਰਦਾਰ ਨਹੀਂ । ਕੇਵਲ ਗਿਣਤੀ ਦੇ ਕੁਝ ਲੀਡਰਾਂ ਦੇ ਇਸ਼ਾਰੇ 'ਤੇ ਚਲਦੇ ਹਨ । ਇਹ "ਪਾਰਟੀਆਂ ਕੇਵਲ ਮਤੇ ਹੀ ਪਾਸ ਕਰਦੀਆਂ ਹਨ," ਲੋਕਾਂ ਵਿਚ ਕੋਈ ਕੰਮ ਨਹੀਂ ਕਰਦੀਆਂ । ਇਹਨਾਂ ਪਾਰਟੀਆਂ ਨੇ ਕੋਈ ਸੰਘਰਸ਼ ਵੀ ਨਹੀਂ ਕੀਤਾ । ਕਮਿਊਨਿਸਟ ਲਹਿਰ ਦੀਆਂ ਕਮਜ਼ੋਰੀਆਂ ਤੇ ਘਾਟਾਂ ਤੋਂ ਕੋਈ ਵੀ ਇਸ ਲਹਿਰ ਦਾ ਸਿਖਿਆਰਥੀ ਮੁਨਕਰ ਨਹੀਂ ਹੋ ਸਕਦਾ । ਪਰ "ਮੱਸਿਆ ਦੇ ਮਹੀਨੇ" ਵਾਂਗ ਅਨ੍ਹੇਰਾ ਹੀ ਅਨ੍ਹੇਰਾ ਦਿਸਣਾ ਨਾ ਤਾਂ ਇਤਿਹਾਸਿਕ ਤੌਰ 'ਤੇ ਦਰੁਸਤ ਹੈ ਅਤੇ ਨਾ ਹੀ ਕਲਾਕਾਰੀ ਹੈ, ਕਿਉਂਕਿ ਪਹਿਲਾਂ ਬਾਈ ਕਾਂਗਰਸ



ਵਿਚੋਂ ਖੁਰਦਬੀਨ ਲਾ ਕੇ ਚੰਗਾ ਕਾਂਗਰਸੀ ਲਭਦਾ ਰਿਹਾ ਹੈ ।[14]

ਫਿਰ ਜਦੋਂ ਨਕਸਲੀ ਲਹਿਰ ਦੀ ਪੜਚੋਲ ਤੇ ਆਪਾ-ਪੜਚੋਲ ਦਾ ਸਵਾਲ ਆਉਂਦਾ ਹੈ,[14] ਉਥੇ ਵੀ ਵਿਰੋਧ-ਵਿਕਾਸੀ ਨਿਰਣੈ ਨਹੀਂ ਕੀਤੇ ਗਏ । ਗਲਤੀਆਂ ਨੂੰ ਮੁਢਲੇ ਆਰਥਕ ਤੇ ਰਾਜਸੀ ਤੇ ਜਥੇਬੰਦਕ ਨਿਰਣਿਆਂ ਦੀ ਪੜਚੋਲ ਕਰਕੇ ਨਹੀਂ ਦੇਖਿਆ ਗਿਆ ! ਇਹ ਨਿਰਣੈ ਭਾਰਤ ਤੇ ਕੌਮਾਂਤਰੀ ਖੇਤਰ ਦੀ ਕਮਿਊਨਿਸਟ ਲਹਿਰ ਦੇ ਪਿਛਲੇ ਪੰਜਾਹ ਸਾਲਾਂ ਦੇ ਇਤਿਹਾਸ ਦੇ ਪਿਛੋਕੜ ਵਿਚ ਕਰਨੇ ਚਾਹੀਦੇ ਹਨ । ਨਕਸਲੀ ਲਹਿਰ ਨੇ ਜਾਣ ਬੁਝ ਕੇ ਉਹ ਗ਼ਲਤੀਆਂ ਕੀਤੀਆਂ ਹਨ, ਜਿੰਨਾਂ ਬਾਰੇ ਕੌਮਾਂਤਰੀ ਤੇ ਭਾਰਤੀ ਕਮਿਊਨਿਸਟ ਲਹਿਰ ਬਹੁਤ ਪਹਿਲਾਂ ਤੋਂ ਸੁਚੇਤ ਸੀ । ਖ਼ਾਸ ਕਰਕੇ, ਆਤੰਕਵਾਦ ਤੇ ਵਿਅਕਤੀਗਤ ਕਤਲਾਂ ਦੀ ਸਿਆਸਤ ਨੂੰ ਮਾਰਕਸਵਾਦ ਵਿਚ ਕੋਈ ਥਾਂ ਨਹੀਂ ਹੈ । ਭਾਰਤ ਦੀ ਕਮਿਊਨਿਸਟ ਪਾਰਟੀ ਨੇ 1952 ਵਿਚ ਕੌਮਾਂਤਰੀ ਕਮਿਊਨਿਸਟ ਲਹਿਰ ਦੀ ਸਹਾਇਤਾ ਨਾਲ ਉਲੀਕੇ ਪਾਰਟੀ ਪਰੋਗਰਾਮ ਤੇ ਪਾਲਿਸੀ ਵਿਚ ਇਹਦੀ ਪਰਤੱਖ ਮਨਾਹੀ ਕੀਤੀ[15] ਹੈ । ਜੇਕਰ ਇਹਦੇ ਹੁੰਦਿਆਂ ਵੀ ਨਕਸਲੀ ਸ਼ੇਖ ਚਿਲੀ ਵਾਂਗ ਉਸੇ ਡਾਹਣੇ ਨੂੰ ਵੱਢੀ ਗਏ ਹਨ, ਜਿਸ 'ਤੇ ਉਹ ਆਪ ਬੈਠੇ ਸਨ ਤੇ ਡਿੱਗਣਾ ਤੇ ਧੌਣ ਟੁਟਣੀ ਅਵੱਸ਼ ਸੀ, ਤਾਂ ਉਹਨਾਂ ਨੂੰ 'ਕਮਿਊਨਿਸਟ" ਮੰਨਣਾ ਮੁਸ਼ਕਲ ਹੈ ।

ਇਤਿਹਾਸਕ ਪਖੋਂ ਵੀ ਨਾਵਲ ਪੰਜਾਬ ਦੀ ਨਕਸਲੀ ਲਹਿਰ ਦੇ ਇਕ ਅੰਗ ਦਾ ਹੀ ਜ਼ਿਕਰ ਕਰਦਾ ਹੈ, ਸਮੁਚੀ ਨਕਸਲੀ ਲਹਿਰ ਦਾ ਨਹੀਂ । ਚਾਰੂ ਮੌਜਮਦਾਰ ਗਰੁਪ ਤੋਂ ਬਿਨਾਂ ਦੂਜੇ ਨਕਸਲੀ ਗਰੁਪਾਂ ਨੇ ਵੀ ਕੁਰਬਾਨੀਆਂ ਕੀਤੀਆਂ ਹਨ । ਉਹਨਾਂ ਦੇ ਬੰਦੇ ਵੀ ਮਰੇ ਹਨ । ਉਹਨਾਂ ਦਾ ਕਿਤੇ ਜ਼ਿਕਰ ਨਹੀਂ । ਜਾਪਦਾ ਇਉਂ ਹੈ ਕਿ ਇਕ ਗਰੁਪ ਦੇ ਬੰਦੇ ਬਾਈ ਕਲਾਕਾਰ ਦੇ ਜਜ਼ਬਾਤਾਂ ਤੇ ਕਲਾ ਨੂੰ ਕੇਵਲ ਆਪਣੇ ਇਸ਼ਤਿਹਾਰ ਵਜੋਂ ਵਰਤ ਗਏ ਹਨ ।

ਬਾਈ ਦਾ ਅਨਾੜੀਪੁਣਾ ਉਸ ਸਮੇਂ ਵੀ ਪਰਤੱਖ ਹੁੰਦਾ ਹੈ, ਜਦੋਂ ਉਹ ਨਾਵਲ ਵਿਚ ਕਤਲਾਂ ਦੀ ਗੱਲ ਖਤਮ ਹੋਣ ਪਿਛੋਂ ਨਕਸਲੀ ਲਹਿਰ ਦੇ ਦੱਬ ਜਾਣ ਦੀ ਗੱਲ ਕਰਦਾ ਹੈ । ਇਹ ਵੀ ਦਰੁਸਤ ਨਹੀਂ । ਨਕਸਲੀ ਲਹਿਰ ਦੱਬੀ ਨਹੀਂ, ਉਹਦਾ ਪਹਿਲਾ ਰੂਪ ਬਦਲ ਗਿਆ ਹੈ ।

ਇਹਨਾਂ ਘਾਟਾਂ ਦੇ ਹੁੰਦਿਆਂ ਵੀ ਨਾਵਲ "ਲਹੂ ਦੀ ਲੋਅ" ਪੰਜਾਬੀ ਨਾਵਲ ਵਿਚ ਮਹਾਨ ਵਾਧਾ ਹੈ ਤੇ ਬਾਈ ਕੰਵਲ ਦਾ ਜਾਗਿਆ ਕਲਾਕਾਰ ਪਰਨਾਮ ਦਾ ਅਧਿਕਾਰੀ ਹੈ ।

—ਸੁਰਜੀਤ ਗਿੱਲ, ਬਠਿੰਡਾ

---

(1) 29 ਮਈ 1977 ਨੂੰ ਮਾਨਸਾ ਵਿਖੇ 'ਲਹੂ ਦੀ ਲੋਅ' ਤੇ ਇਕ ਗੋਸ਼ਟੀ ਹੋਈ ਸੀ, ਜਿਸ ਦਾ ਪਰਬੰਧਕ ਪ੍ਰੋ: ਅਜਮੇਰ ਸਿੰਘ ਔਲਖ ਸੀ । ਉਸ ਵਿਚ ਸੱਦਾ ਪੱਤਰ ਦੇਕੇ ਵੀ ਲੇਖਕ ਨੂੰ ਬੋਲਣ ਨਾ ਦਿੱਤਾ ਗਿਆ ।

(.) ਲਹੂ ਦੀ ਲੋਅ ਸਫ਼ਾ 49 (3) ਭਾਰਤੀ ਆਤੰਕਵਾਦੀ ਆਪਣੇ ਆਪ ਨੂੰ 'ਕੌਮੀ ਇਨਕਲਾਬੀ' ਕਹਾਉਣਾ ਪਸੰਦ ਕਰਦੇ ਸਨ ।

(4) ਨਾਵਲ ਸਫ਼ਾ 57 (5) ਸਫ਼ਾ 57 (6) ਸਫ਼ਾ 77 (7) ਸਫਾ 77 (8) ਸਫ਼ਾ 77 (9) ਸਫ਼ਾ 193 (10) ਸਫ਼ਾ 438 (11) ਸਫ਼ਾ 3:7 (12) ਸਫ਼ਾ 63 (13) ਸਫ਼ਾ 195 (13-a) ਪੰਜਾਬ ਵਿਚ ਸੀ. ਪੀ. ਆਈ. ਦਾ ਸਿਧਾਂਤਕ ਪੱਤਰ, ਲੋਕ-ਜੁਗ, 20 ਦਸੰਬਰ 1975, ਸਫ਼ਾ 39, "ਤਾਰੀਖ ਵੇਖਦੀ ਹੈ" (14) ਸਫ਼ਾ 435 (15) 1952 ਦਾ ਡਰਾਫਟ ਪਰੋਗਰਾਮ ਤੇ ਪਾਲਸੀ ਬਿਆਨ ।

S E D H (Direction) JULY, 197
Registered with the Registrar of Newspapers
for India—Registration No. 23895/72 Regd. No. D (S) 022

ਸਮੇਂ ਦੇ ਨਾਲ ਚਲਦਿਆਂ
ਪੰਜਾਬ ਮਾਰਕਫੈਡ
ਅੱਗੇ ਵਧ ਰਿਹਾ ਹੈ

ਸਾਲ ਦੌਰਾਨ ਕੀਤਾ ਬਿਜ਼ਨਿਸ 400 ਕਰੋੜ ਰੁਪੈ

**ਪੰਜਾਬ ਮਾਰਕਫੈਡ ਕਿਸਾਨ ਦਾ ਇਕ ਦੋਸਤ :**

10 ਲੱਖ ਟਨ ਕਣਕ ਦੀ ਵਸੂਲੀ ਤੇ ਵਿਕਰੀ, 10 ਲੱਖ ਟਨ ਖਾਦ ਦੀ ਖ਼ਰੀਦ ਤੇ ਵਿਕਰੀ, ਕਪਾਹ ਅਤੇ ਧਾਨ ਦੀ ਵਸੂਲੀ, ਕੀੜੇ ਮਾਰ ਦਵਾਈਆਂ ਦੀ ਵੰਡ।

**ਖੇਤੀ-ਬਾੜੀ ਸੇਵਾਵਾਂ :**

ਫ਼ਸਲਾਂ ਤੇ ਹਵਾਈ ਸਪਰੇ, ਧੂਰੀ, ਅਨੰਦਪੁਰ ਸਾਹਿਬ ਤੇ ਲੁਧਿਆਣਾ ਵਿਖੇ ਦਾਣੇਦਾਰ ਖ਼ਾਦ ਦੇ ਤਿੰਨ ਪਲਾਂਟ, ਇਸ ਦੀ 110 ਹਾਰਵੈਸਟਿੰਗ ਕੰਬਾਈਨਾਂ ਦੀ ਫਲੀਟ ਨਾਲ ਕਣਕ ਤੇ ਧਾਨ ਦੀਆਂ ਫਸਲਾਂ ਦੀ ਕਟਾਈ, ਟਰੈਕਟਰਾਂ ਦੀ ਵਰਤੋਂ, ਪਾਣੀ ਤੇ ਜ਼ਮੀਨ ਦੀ ਮੁਫ਼ਤ ਟੈਸਟਿੰਗ, ਸਿੰਜਾਈ ਵਾਸਤੇ ਵਰਤੋਂ ਲਈ ਮਾਰਕਫੈਡ ਹਿਊਮ ਪਾਈਪ, ਵੇਅਰ ਹਾਸਿੰਗ।

**ਸਨਅੱਤੀ ਸਰਗਰਮੀਆਂ :**

ਮਾਰਕਫੈਡ ਆਇਲ ਕੰਪਲੈਕਸ ਜਿਸ ਦੇ ਤਿੰਨ ਆਇਲ ਯੂਨਿਟ ਹਨ : ਖੰਨਾ ਵਿਖੇ ਮਾਰਕਫੈਡ ਬਨਾਸਪਤੀ ਪਲਾਂਟ, ਮਾਰਕਫੈਡ ਰੀਫਾਈਂਡ ਆਇਲ ਇੰਡਸਟਰੀਜ਼, ਕਪੂਰਥਲਾ, ਮਾਰਕਫੈਡ ਕਾਟਨ ਸੀਡ ਪਲਾਂਟ, ਗਿੱਦੜਬਾਹਾ, ਜਿਸ ਦੀ ਕੁੱਲ ਸਮਰੱਥਾ 160 ਟਨ ਪ੍ਰਤੀ ਦਿਨ ਹੈ। ਰਾਜਪੁਰਾ ਅਤੇ ਪਟਿਆਲਾ ਵਿਖੇ ਮਾਡਰਨ ਰਾਈਸ ਮਿਲਜ਼, ਜਲੰਧਰ ਵਿਖੇ ਕੈਨਰੀਜ਼ ਅਤੇ ਕੋਟ ਕਪੂਰਾ ਵਿਖੇ ਉਸਰ ਰਹੀ 5 ਕਰੋੜ ਰੁਪੈ ਦੀ ਕਾਟਨ ਸਪਿਨਿੰਗ ਮਿਲ, ਮਾਰਕਫੈਡ ਦੀ ਸਨਅਤੀ ਪ੍ਰਗਤੀ ਦੀਆਂ ਪ੍ਰਤੀਕ ਹਨ।

**ਹਰਦੇਵ ਸਿੰਘ ਛੀਨਾ, ਆਈ.ਏ.ਐਸ.**
ਚੇਅਰਮੈਨ

**ਮਨਮੋਹਨ ਸਿੰਘ, ਆਈ.ਏ.ਐਸ.**
ਮੈਨੇਜਿੰਗ ਡਾਇਰੈਕਟਰ

ਦੀ ਪੰਜਾਬ ਸਟੇਟ ਕੋਆਪਰੇਟਿਵ ਸਪਲਾਈ ਐਂਡ
ਮਾਰਕੀਟਿੰਗ ਫੈਡਰੇਸ਼ਨ ਲਿਮਿਟਡ ਸੈਕਟਰ-17 ਸੀ, ਚੰਡੀਗੜ੍ਹ।